ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਚੇਤ-ਵੈਸਾਖ, ਨਾਨਕਸ਼ਾਹੀ ੫੪੨ ਅਪ੍ਰੈਲ 2010

ਜਿਲਦ ੫੪ ਅੰਕ ੧

ਸੰਪਾਦਕ
ਸਿਮਰਜੀਤ ਸਿੰਘ
ਐਮ.ਏ., ਐਮ.ਐਮ.ਸੀ.

ਸਹਾਇਕ ਸੰਪਾਦਕ
ਸੁਰਿੰਦਰ ਸਿੰਘ ਨਿਮਾਣਾ
ਐਮ.ਏ.,ਬੀ.ਐੱਡ.



ਚੰਦਾ

ਸਾਲਾਨਾ (ਦੇਸ਼)	੨੦ ਰੁਪਏ
ਲਾਈਫ਼ (ਦੇਸ਼)	੨੦੦ ਰੁਪਏ
ਸਾਲਾਨਾ ਵਿਦੇਸ਼	੫੦੦ ਰੁਪਏ
ਲਾਈਫ਼ ਵਿਦੇਸ਼	੫੦੦੦ ਰੁਪਏ
ਪ੍ਰਤੀ ਕਾਪੀ	੨ ਰੁਪਏ

ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Amritsar-143006

ਫੋਨ : 0183-2553956-59 ਐਕਸ 304 ਫੈਕਸ : 0183-2553919
website : www.sgpc.net e-mail : gurmat_parkash@yahoo.co.in

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School Libraries by the Director of Public Instructions Punjab
Vide Circular No. 4580-2/25-58-B-49154 Dated Oct. 1958

ਤਤਕਰਾ

ਗੁਰਬਾਣੀ ਵਿਚਾਰ		੩
ਸੰਪਾਦਕੀ		੪
ਵੈਸਾਖੀ: ਖ਼ਾਲਸਾ ਸਿਰਜਣਾ ਦਿਵਸ	-ਜਥੇ: ਅਵਤਾਰ ਸਿੰਘ	੬
ਅਨੰਦਪੁਰ ਦੀ ਆਵਾਜ਼	-ਸ. ਜਸਵੰਤ ਸਿੰਘ	੯
ਵਿਸਾਖੀ	-ਡਾ. ਹਰਨਾਮ ਸਿੰਘ ਸ਼ਾਨ	੧੪
੧੬੯੯ ਈ: ਦੀ ਵਿਸਾਖੀ ਨੂੰ ਸਥਾਪਤ ਕੀਤੇ ਗਏ ਸਿਧਾਂਤ	-ਸ. ਸੁਖਦੇਵ ਸਿੰਘ ਸ਼ਾਂਤ	੧੮
ਤੇਰੀ ਉਪਮਾ ਤੋਹਿ ਬਨਿ ਆਵੈ	-ਡਾ. ਗੁਰਚਰਨ ਸਿੰਘ	੨੬
ਲਹਣੇ ਧਰਿਓਨੁ ਛਤੁ ਸਿਰਿ	-ਡਾ. ਰਛਪਾਲ ਸਿੰਘ	੩੨
ਬਾਬਾ ਬਕਾਲੇ	-ਸੁਰਿੰਦਰ ਸਿੰਘ ਨਿਮਾਣਾ	੩੫
ਸਿੱਖ ਰਹਿਤਨਾਮਿਆਂ ਵਿਚ ਦਸਤਾਰ	-ਸਿਮਰਜੀਤ ਸਿੰਘ	੪੧
ਬਾਬਾ ਫਰੀਦ ਜੀ ਦੀ ਬਾਣੀ ਅਤੇ ਸੰਦੇਸ਼	-ਡਾ. ਅਮਨਜੋਤ ਕੌਰ	੪੪
ਭਗਤ ਧੰਨਾ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਯੋਗਦਾਨ	-ਡਾ. ਗੁਲਜ਼ਾਰ ਸਿੰਘ ਜ਼ਹੂਰਾ	੫੩
ਭਾਰੇ ਭੁਈਂ ਅਕਿਰਤਘਣ...	-ਡਾ. ਮਲਕਿੰਦਰ ਕੌਰ	੫੮
ਗਿਆਨੀ ਦਿੱਤ ਸਿੰਘ-ਇਕ ਸਮਰਪਿਤ ਸਿੱਖ ਪ੍ਰਚਾਰਕ	-ਡਾ. ਜਗਜੀਵਨ ਸਿੰਘ	੬੧
ਭਾਈ ਜੋਧ ਸਿੰਘ ਜੀ ਦਾ ਜੀਵਨ ਤੇ ਸ਼ਖ਼ਸੀਅਤ	-ਬੀਬੀ ਇੰਦਰਪਾਲ ਕੌਰ	੬੪
ਸਿੱਖ ਸ਼ਤਾਬਦੀਆਂ	-ਪ੍ਰੋ: ਕਿਰਪਾਲ ਸਿੰਘ ਬਡੂੰਗਰ	੬੯
ਸ. ਪ੍ਰਤਾਪ ਸਿੰਘ ਜੀ ਸ਼ੰਕਰ	-ਸ. ਰੂਪ ਸਿੰਘ	੭੬
ਗ੍ਰਿਹਸਤ ਬਿਖੇ ਸੁਖ ਲਹੋ ਸੁਖਾਰੇ...	-ਸ. ਬਲਵਿੰਦਰ ਸਿੰਘ 'ਜੌੜਾਸਿੰਘਾ'	੭੯
ਪੁਸਤਕ-ਰੀਵਿਊ		੮੧
ਉੱਠੇ ਕੋਈ ਸੀਸ ਦੀ ਹੈ ਚਾਹ.... (ਕਵਿਤਾ)	-ਗਿਆਨੀ ਪਿਆਰਾ ਸਿੰਘ 'ਜਾਚਕ'	੮੩
ਖਾਲਸੇ ਦੀ ਸ਼ਾਨ (ਕਵਿਤਾ)	-ਸ. ਕਸ਼ਮੀਰ ਸਿੰਘ 'ਸੁਤੰਤਰ'	੮੪
ਖ਼ਬਰਨਾਮਾ		੮੭
ਕੀ ਫਾਇਦਾ?	-ਸ. ਬਲਬੀਰ ਸਿੰਘ	੯੦
ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ		੯੧

ਗੁਰਬਾਣੀ ਵਿਚਾਰ :

ਵੈਸਾਖੁ ਭਲਾ...

ਵੈਸਾਖੁ ਭਲਾ ਸਾਖਾ ਵੇਸ ਕਰੇ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਵਰੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥ *(ਪੰਨਾ ੧੧੦੮)*

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਰਹ ਮਾਹਾ ਤੁਖਾਰੀ ਦੀ ਇਸ ਪਾਵਨ ਪਉੜੀ ਅੰਦਰ ਵੈਸਾਖ ਮਹੀਨੇ ਦਾ ਪ੍ਰਕਿਰਤਕ ਵਾਤਾਵਰਨ ਦਾ ਚਿਤਰਨ ਕਰਦਿਆਂ ਜੀਵ-ਇਸਤਰੀ ਦੀ ਪਤੀ-ਪਰਮਾਤਮਾ ਨਾਲ ਮਿਲਾਪ ਦੀ ਰੂਹਾਨੀ ਲੋਚਾ ਨੂੰ ਰੂਪਮਾਨ ਕਰਦੇ ਹਨ। ਸਤਿਗੁਰੂ ਜੀ ਮਨੁੱਖ-ਮਾਤਰ ਨੂੰ ਸੁਰਤ ਦੇ ਰੂਹਾਨੀ ਸ਼ਬਦ ਦੁਆਰਾ ਇਹ ਮਿਲਾਪ ਹੋ ਸਕਣ ਦਾ ਗੁਰਮਤਿ ਗਾਡੀ ਮਾਰਗ ਬਖਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਚੇਤਰ ਦਾ ਮਹੀਨਾ ਕੇਹਾ ਚੰਗਾ ਲੱਗਦਾ ਹੈ! ਇਹ ਉਹ ਮਹੀਨਾ ਹੈ ਜਿਸ ਦੌਰਾਨ ਰੁੱਖਾਂ-ਬੂਟਿਆਂ ਦੀਆਂ ਟਹਿਣੀਆਂ ਕੂਲੇ-ਕੂਲੇ ਪੱਤਰਾਂ ਰੂਪੀ ਲਗਰਾਂ ਪ੍ਰਗਟ ਕਰਦੀਆਂ ਹਨ ਮਾਨੋ ਸੱਜ-ਵਿਆਹੀਆਂ ਮੁਟਿਆਰਾਂ ਨੇ ਹਾਰ-ਸ਼ਿੰਗਾਰ ਕੀਤਾ ਹੋਵੇ। ਇਸ ਸੁਖਾਵੇਂ ਮੌਸਮ ਤੇ ਸੁਹਣੇ ਵਾਤਾਵਰਨ ਵਿਚ ਜੀਵ-ਇਸਤਰੀ ਸੁਭਾਵਕ ਹੀ ਆਪਣੇ ਅੰਦਰ ਪਤੀ ਪਰਮਾਤਮਾ ਨਾਲ ਮਿਲਾਪ ਦੀ ਉਮੰਗ ਰੱਖਦੀ ਹੈ। ਉਹ ਜੋਦੜੀ ਕਰਦੀ ਹੈ ਕਿ ਹੇ ਪ੍ਰੀਤਮ, ਮੈਂ ਨਿਮਾਣੀ 'ਤੇ ਤਰਸ ਕਰ ਕੇ ਆ ਜਾਓ, ਇਸ ਸੰਸਾਰ-ਸਾਗਰ ਨੂੰ ਮੈਂ ਆਪ ਤੋਂ ਬਿਨਾਂ ਨਹੀਂ ਤਰ ਸਕਦੀ ਸੋ ਆਪ ਜੀ ਮੈਨੂੰ ਆ ਕੇ ਤਾਰ ਦੇਵੋ। ਆਪ ਦੇ ਬਿਨਾਂ ਤਾਂ ਮੇਰੀ ਕੀਮਤ ਅੱਧੀ ਕੌਡੀ ਵੀ ਨਹੀਂ ਹੈ। ਪਰ ਹਾਂ, ਜੇਕਰ ਮੈਂ ਤੁੱਛ ਜੀਵ-ਇਸਤਰੀ ਆਪ ਜੀ ਨੂੰ ਚੰਗੀ ਲੱਗਣ ਲੱਗ ਪਵਾਂ ਫਿਰ ਤਾਂ ਹੇ ਪਿਆਰੇ, ਮੇਰਾ ਮੁੱਲ ਕੌਣ ਪਾ ਸਕਦਾ ਹੈ ਭਾਵ ਮੈਂ ਅਸੀਮ ਰੂਪ 'ਚ ਮੁੱਲਵਾਨ ਹੋ ਸਕਦੀ ਹਾਂ! ਮੈਂ ਆਪ ਨੂੰ ਆਪਣੇ ਹਿਰਦੇ ਵਿਚ ਵਾਸ ਕਰਦਿਆਂ ਮਹਿਸੂਸ ਕਰਾਂ। ਮੈਨੂੰ ਆਪ ਦੇ ਵਾਸਤਵਿਕ ਘਟ-ਘਟ ਵਾਸ ਹੋਣ ਦਾ ਅਨੁਭਵ ਹੋ ਜਾਵੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਵੈਸਾਖ ਮਹੀਨੇ ਦੇ ਸੁਹਾਵਣੇ ਸੁਖਾਵੇਂ ਵਾਤਾਵਰਨ ਵਿਚ ਜੋ ਜੀਵ-ਇਸਤਰੀ ਆਪਣੀ ਸੁਰਤੀ ਨੂੰ ਗੁਰ-ਸ਼ਬਦ ਵਿਚ ਟਿਕਾ ਲੈਂਦੀ ਹੈ ਉਸ ਦਾ ਮਨ ਉਸ ਮਾਲਕ ਦੀ ਸਿਫਤ-ਸਲਾਹ 'ਚ ਇਕਸੁਰ ਹੋ ਜਾਂਦਾ ਹੈ।

■

ਸੰਪਾਦਕੀ

ਖਾਲਸਾ ਪੰਥ 'ਚ ਸ਼ਾਮਲ ਹੋਣਾ ਵਕਤ ਦੀ ਲੋੜ

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਇਸ ਧਰਤੀ ਉੱਪਰ ਸਿੱਖ ਪੰਥ ਦੀ ਸਥਾਪਨਾ ਇਕ ਅਸਚਰਜ ਤੇ ਵਿਸਮਾਦੀ ਇਤਿਹਾਸਕ ਕਾਰਨਾਮਾ ਸੀ। ਗੁਰੂ ਜੀ ਨੇ ਆਪਣੇ ਸਾਜੇ-ਨਿਵਾਜੇ ਸਿੱਖ ਪੰਥ ਨੂੰ ਨਿਰਭੈਤਾ ਤੇ ਨਿਰਵੈਰਤਾ, ਸਰਬ-ਸਾਂਝੀਵਾਲਤਾ, ਭਾਈਚਾਰਕ ਪਿਆਰ ਦੇ ਰਾਹ 'ਤੇ ਤੋਰਦਿਆਂ ਇਸ ਵਿੱਚੋਂ ਉਸ ਸਮੇਂ ਤਕ ਲੋਕਾਈ 'ਚ ਆ ਚੁੱਕੀਆਂ ਅਣਗਿਣਤ ਕਮੀਆਂ, ਕਮਜ਼ੋਰੀਆਂ ਤੇ ਬੁਰਾਈਆਂ ਜਿਵੇਂ ਜਾਤ-ਪਾਤ, ਛੂਤ-ਛਾਤ, ਰੰਗ-ਨਸਲ ਭੇਦਵਾਦ, ਵਰਣ-ਵੰਡ, ਕੂੜ-ਕੁਸਤ, ਕਰਮਕਾਂਡ ਤੇ ਸਭ ਤਰ੍ਹਾਂ ਦੇ ਪਾਖੰਡਾਂ ਤੋਂ ਉੱਪਰ ਉਠਾਉਣ ਦੀ ਵੀ ਵਿਵਸਥਾ ਕੀਤੀ। ਸਿੱਖ ਪੰਥ ਇਸ ਰਾਹ 'ਤੇ ਨਿਰੰਤਰ ਤੁਰਦਾ ਰਹੇ ਤੇ ਇਸ ਵਿਚ ਵੱਧ ਤੋਂ ਵੱਧ ਸੁਧਾਰ ਤੇ ਨਿਖਾਰ ਆਵੇ- ਇਸ ਉਦੇਸ਼ ਦੀ ਪੂਰਤੀ ਗੁਰੂ ਜੀ ਨੇ ਅਕਾਲ ਪੁਰਖ ਵੱਲੋਂ ਬਖਸ਼ੀ ਰੂਹਾਨੀ ਵਿਉਂਤਬੰਦੀ ਅਨੁਸਾਰ ਕਰਨ ਵਾਸਤੇ ਸਰੀਰਕ ਚੋਲਾ ਛੱਡਣ ਤੋਂ ਪਹਿਲਾਂ ਆਪਣੇ ਪਰਮ ਸਿੱਖ ਭਾਈ ਲਹਿਣਾ ਜੀ ਵਿਚ ਰੂਹਾਨੀ ਜੋਤ ਦਾ ਸੰਚਾਰ ਕਰਦਿਆਂ ਕੁੱਲ ਦਸ ਗੁਰੂ ਸਾਹਿਬਾਨ ਦੀ ਇਕ ਅਤਿਅੰਤ ਵਿਸਮਾਦੀ ਪਰੰਪਰਾ ਨਾ ਕੇਵਲ ਸਿੱਖ ਪੰਥ ਦੀ ਅਗਵਾਈ ਲਈ ਹੀ ਸਗੋਂ ਕੁੱਲ ਮਨੁੱਖਤਾ ਦੇ ਭਲੇ ਵਾਸਤੇ ਵੀ ਬਖਸ਼ ਦਿੱਤੀ। ਹਰੇਕ ਗੁਰੂ ਸਾਹਿਬ ਦੇ ਗੁਰਗੱਦੀ ਕਾਲ ਵਿਚ ਇਕ ਵਿਸਮਾਦੀ ਸਰਬ-ਕਲਿਆਣਕਾਰੀ ਇਤਿਹਾਸ ਰਚਿਆ ਗਿਆ। ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਗੁਰਗੱਦੀ ਕਾਲ ਵਿਚ ਸਿੱਖ ਪੰਥ ਨੂੰ ਖਾਲਸਾ ਪੰਥ ਦੀ ਮਹਾਨਤਮ ਮੰਜ਼ਲ 'ਤੇ ਪਹੁੰਚਦਿਆਂ ਕੁੱਲ ਦੁਨੀਆਂ ਨੇ ਬਹੁਤ ਹੀ ਅਸਚਰਜਤਾ ਦੇ ਮਨੋਭਾਵ ਵਿਚ ਆਪਣੀਆਂ ਅੱਖਾਂ ਨਾਲ ਦੇਖਿਆ।

ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਜੁੜੀ ਵਿਸ਼ਾਲ ਸੰਗਤ ਦੇ ਸਨਮੁਖ ਇਸ ਵਿੱਚੋਂ ਸੀਸ ਭੇਟ ਦੀ ਕਸੌਟੀ 'ਤੇ ਪੂਰੀ ਤਰ੍ਹਾਂ ਖਰੇ ਉਤਰਨ ਵਾਲੇ ਮਰਜੀਵੜਿਆਂ ਨੂੰ ਸਤਿਗੁਰੂ ਜੀ ਨੇ ਦ੍ਰਿਸ਼ਟਮਾਨ ਕਰਕੇ ਇਨ੍ਹਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਬਖਸ਼ ਕੇ ਇਨ੍ਹਾਂ ਨੂੰ ਪੰਜ ਪਿਆਰੇ ਕਹਿ ਕੇ ਪੁਕਾਰਿਆ। ਇਹ ਸਨ ਲਾਹੌਰ ਦੇ ਰਹਿਣ ਵਾਲੇ ਭਾਈ ਦਇਆ ਰਾਮ, ਹਸਤਨਾਪੁਰ ਦੇ ਰਹਿਣ ਵਾਲੇ ਭਾਈ ਧਰਮ ਦਾਸ, ਦਵਾਰਕਾ ਦੇ ਭਾਈ ਮੁਹਕਮ ਚੰਦ, ਬਿਦਰ ਦੇ ਵਾਸੀ ਭਾਈ ਸਾਹਿਬ ਚੰਦ ਅਤੇ ਜਗਨਨਾਥਪੁਰੀ ਤੋਂ ਆਏ ਭਾਈ ਹਿੰਮਤ ਰਾਏ ਜਿਨ੍ਹਾਂ ਨੂੰ ਕ੍ਰਮਵਾਰ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮੁਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਅਤੇ ਭਾਈ ਹਿੰਮਤ ਸਿੰਘ ਜੀ ਨਵੇਂ ਨਾਮ ਹਾਸਲ ਹੋਏ ਭਾਵ ਇਨ੍ਹਾਂ ਦੇ ਨਾਮ ਨਾਲ 'ਸਿੰਘ' ਸੰਗਿਆ ਜੁੜੀ। (ਇਉਂ ਹੀ ਸਿੱਖ ਬੀਬੀਆਂ 'ਕੌਰ' ਅਖਵਾਈਆਂ)

ਗੁਰੂ ਸਾਹਿਬ ਨੇ ਜੁੜੀ ਸੰਗਤ ਵਿਚ ਐਲਾਨ ਕੀਤਾ ਕਿ ਇਹ ਪੰਚ ਜਨ ਸਮੂਹ ਰੂਪ ਵਿਚ ਗੁਰੂ ਤੁਲ ਹਨ। ਇਹ ਮੇਰੇ ਪੰਜ ਪਿਆਰੇ ਹਨ। ਜੁੜੀ ਸਿੱਖ ਸੰਗਤ ਅਸਚਰਜਤਾ

ਤੇ ਵਿਸਮਾਦ ਦੇ ਸਿਖਰ 'ਚ ਵਿਚਰਨ ਲੱਗੀ ਜਦੋਂ ਗੁਰੂ ਪਾਤਸ਼ਾਹ ਨੇ ਇਨ੍ਹਾਂ ਪੰਜ ਪਿਆਰਿਆਂ ਦੇ ਸਾਹਮਣੇ ਖੁਦ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਇਨ੍ਹਾਂ ਪਾਸੋਂ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰਨ ਦੀ ਯਾਚਨਾ ਕੀਤੀ। ਜਿਸ ਉੱਚ ਅਵਸਥਾ 'ਤੇ ਇਹ ਪੰਜ ਪਿਆਰੇ ਪਹੁੰਚ ਚੁੱਕੇ ਸਨ ਉਸ 'ਤੇ ਇਹ ਸੰਭਵ ਸੀ। ਇਸ ਤਰ੍ਹਾਂ ਪੰਜ ਪਿਆਰਿਆਂ ਦੇ ਹੱਥੋਂ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰ ਕੇ ਹੀ ਗੁਰੂ ਜੀ ਨੇ ਖੁਦ ਨੂੰ 'ਗੁਰੂ ਗੋਬਿੰਦ ਸਿੰਘ' ਕਹਾਉਣਾ ਪ੍ਰਵਾਨ ਕੀਤਾ।

ਇਹ ੧੭੫੬ ਬਿਕ੍ਰਮੀ ਦੀ ਵੈਸਾਖੀ ਦਾ ਦਿਨ ਸੀ ਜੋ ਕਿ ਇਕ ਖਾਸ ਉਲ ਖਾਸ ਇਤਿਹਾਸਕ ਦਿਹਾੜਾ ਹੋ ਨਿੱਬੜਿਆ। ਇਸੇ ਦਿਨ ਗੁਰੂ ਜੀ ਦੀ ਇੱਛਾ ਨੂੰ ਭਰਪੂਰ ਹੁੰਗਾਰਾ ਦਿੰਦਿਆਂ ਬਹੁਤ ਵੱਡੀ ਗਿਣਤੀ ਵਿਚ ਸਿੱਖ-ਪੰਥ ਖਾਲਸਾ ਪੰਥ ਵਿਚ ਸ਼ਾਮਲ ਹੋਇਆ। ਸਤਿਗੁਰਾਂ ਦੇ ਸਾਜੇ-ਨਿਵਾਜੇ ਖਾਲਸਾ ਪੰਥ ਨੇ ਅਦੁੱਤੀ ਕੁਰਬਾਨੀਆਂ ਕਰਦਿਆਂ ਹੱਕ-ਸੱਚ ਦੀ ਸਥਾਪਤੀ ਦਾ ਇਕ ਬੇਮਿਸਾਲ ਇਤਿਹਾਸ ਰਚਿਆ। ਇਸ ਇਤਿਹਾਸ ਨੂੰ ਪੜ੍ਹਨ-ਸੁਣਨ ਵਾਲੇ ਹਰੇਕ ਸ਼ਖ਼ਸ ਦਾ ਅਸਚਰਜਤਾ ਦੇ ਆਲਮ ਵਿਚ ਪਹੁੰਚ ਜਾਣਾ ਇਕ ਆਮ ਸੁਭਾਵਕ ਵਰਤਾਰਾ ਹੈ।

ਖਾਲਸਾ ਪੰਥ ਦੀ ਹੀ ਸਾਜਣਾ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਰਾਜਨੀਤਿਕ ਅਗਵਾਈ 'ਚ ਘੋਰ ਅਨਿਆਂ ਤੇ ਜ਼ੁਲਮ-ਜਬਰ ਕਰਨ ਵਾਲਿਆਂ ਬਦਕਾਰ ਸੂਬੇਦਾਰਾਂ ਦੀ ਪੱਟੀ ਪੋਚ ਦੇਣਾ ਸੰਭਵ ਹੋਇਆ। ਇਸ ਸੰਬੰਧ ਵਿਚ ਸਿੱਖ ਪੰਥ ਸਰਹਿੰਦ ਫਤਹਿ ਦੀ ਤੀਸਰੀ ਸ਼ਤਾਬਦੀ ਨੂੰ ਮਨਾਉਣ ਜਾ ਰਿਹਾ ਹੈ।

ਖਾਲਸਾ ਪੰਥ ਦੀ ਹੀ ਸਾਜਣਾ ਇਸ ਧਰਤੀ 'ਤੇ ਸਿੱਖ ਮਿਸਲਾਂ ਦੇ ਉਭਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖਾਲਸਾ ਰਾਜ ਦੀ ਸਥਾਪਨਾ ਦਾ ਮੂਲ ਆਧਾਰ ਹੈ ਜਿਸ ਵਿਚ ਇਕ ਲੋਕ-ਕਲਿਆਣਕਾਰੀ ਸਰਬ-ਸਾਂਝੇ ਰਾਜ ਤੇ ਆਦਰਸ਼ ਰਾਜ ਪ੍ਰਬੰਧ ਨੂੰ ਰੂਪਮਾਨ ਕੀਤਾ ਗਿਆ। ਵੀਹਵੀਂ ਸਦੀ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਰਾਜਨੀਤਿਕ ਅਗਵਾਈ 'ਚ ਖਾਲਸਾ ਪੰਥ ਨੇ ਕੌਮੀ ਅਜ਼ਾਦੀ ਵਾਸਤੇ ਮਹਾਨ ਹਿੱਸਾ ਪਾਇਆ। ਖਾਲਸਾ ਪੰਥ ਦੁਆਰਾ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਬਖਸ਼ਿਆ ਕੌਮੀ ਆਜ਼ਾਦੀ ਅਤੇ ਮਨੁੱਖਤਾ ਦੇ ਭਲੇ ਦਾ ਮਿਸ਼ਨ ਸਾਹਮਣੇ ਰੱਖ ਕੇ ਅੱਜ ਵੀ ਜੱਦੋ-ਜਹਿਦ ਜਾਰੀ ਹੈ ਅਤੇ ਹੱਕ-ਸੱਚ ਦੀ ਪੂਰਨ ਰੂਪ ਵਿਚ ਪੁਨਰ-ਸਥਾਪਤੀ ਤਕ ਇਹ ਜੱਦੋਜਹਿਦ ਜਾਰੀ ਰਹੇਗੀ।

ਇਹ ਤੱਥ ਮੰਨਣਾ ਪਵੇਗਾ ਕਿ ਅੱਜ ਸਿੱਖ ਪੰਥ ਮੁੜ ਬਹੁਪੱਖੀ ਸੰਕਟਾਂ ਤੇ ਚੁਣੌਤੀਆਂ ਦੇ ਰੂਬਰੂ ਹੈ। ਇਸ ਜੱਦੋਜਹਿਦ ਨੂੰ ਵਕਤ ਦੀਆਂ ਵੱਡੀਆਂ ਵੰਗਾਰਾਂ ਦੇ ਪ੍ਰਥਾਏ ਹੋਰ ਤੇਜ਼ ਕਰਨ ਵਾਸਤੇ ਸਿੱਖ ਪੰਥ ਨੂੰ ਖਾਸ ਕਰਕੇ ਅਤੇ ਦੇਸ਼ ਦੇ ਦੱਬੇ-ਕੁਚਲੇ ਲੋਕਾਂ ਨੂੰ ਵੀ ਅੱਜ ਵੱਧ ਤੋਂ ਵੱਧ ਸੰਭਵ ਹੱਦ ਤਕ ਖਾਲਸਾ ਪੰਥ ਦੀ ਵਿਸਮਾਦੀ ਮੰਜ਼ਲ 'ਤੇ ਪਹੁੰਚਣ ਲਈ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰਨਾ ਬੇਹੱਦ ਜ਼ਰੂਰੀ ਹੈ। ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰਨਾ ਨਿਸ਼ਚੇ ਹੀ ਸਾਡੀਆਂ ਅਜੋਕੀਆਂ ਦਰਪੇਸ਼ ਸਮੱਸਿਆਵਾਂ ਦਾ ਹੱਲ ਕਰ ਸਕਦਾ ਹੈ। ਸੋ ਆਓ ਇਸ ਇਤਿਹਾਸਕ ਅਵਸਰ 'ਤੇ ਖਾਲਸਾ ਪੰਥ ਵਿਚ ਸ਼ਾਮਲ ਹੋਈਏ। ■

ਵੈਸਾਖੀ: ਖ਼ਾਲਸਾ ਸਿਰਜਣਾ ਦਿਵਸ

*-ਜਥੇ: ਅਵਤਾਰ ਸਿੰਘ**

ਖਾਲਸਾ ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸ ਦਾ ਅਰਥ ਹੈ ਸ਼ੁੱਧ, ਖਰਾ, ਮਿਲਾਵਟ ਰਹਿਤ। ਇਸ ਦਾ ਦੂਜਾ ਅਰਥ ਹੈ, ਉਹ ਜਾਇਦਾਦ ਜੋ ਸਿੱਧੀ ਬਾਦਸ਼ਾਹ ਦੀ ਮਲਕੀਅਤ ਹੋਵੇ ਇਸੇ ਤਰ੍ਹਾਂ ਖਾਲਸਾ ਸਿੱਧਾ ਅਕਾਲ ਪੁਰਖ ਦੇ ਅਧੀਨ ਹੈ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਇਕ ਅਹਿਮ ਕ੍ਰਿਸ਼ਮਾ ਦੁਨੀਆਂ ਅੱਗੇ ਪੇਸ਼ ਕੀਤਾ ਹੈ।

ਵੈਸਾਖੀ ਦੇ ਦਿਹਾੜੇ ਦੀ ਸਿੱਖ ਧਰਮ ਵਿਚ ਖਾਸ ਅਹਿਮੀਅਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਹਾੜੇ ਖ਼ਾਲਸੇ ਦੀ ਸਿਰਜਣਾ ਕਰ ਕੇ ਇਸ ਦਿਵਸ ਨੂੰ ਮਹੱਤਵਪੂਰਨ ਤੇ ਨਵੇਂ ਅਰਥ ਪ੍ਰਦਾਨ ਕੀਤੇ, ਭਾਵੇਂ ਕਿ ਖਾਲਸਾ ਸਿਰਜਣਾ ਤੋਂ ਪਹਿਲਾਂ ਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਜ਼ਾਬਰ ਦੇ ਜ਼ੁਲਮ ਖਿਲਾਫ਼ ਆਵਾਜ਼ ਉਠਾਉਣ ਦੀ ਪਰੰਪਰਾ ਅਰੰਭ ਹੋ ਚੁੱਕੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦੇ ਹੁਕਮ ਜਾਰੀ ਹੋ ਗਏ ਸਨ ਅਤੇ ਇਤਿਹਾਸ ਇਸ ਗੱਲ ਦੀ ਗੁਆਹੀ ਭਰਦਾ ਹੈ ਕਿ ਸਮੇਂ-ਸਮੇਂ ਗੁਰੂ ਸਾਹਿਬ ਦੇ ਜੀਵਨ ਦੌਰਾਨ ਹੀ ਸਿੱਖਾਂ ਨੂੰ ਜ਼ੁਲਮ ਦੇ ਖਿਲਾਫ਼ ਧਰਮ ਯੁੱਧ ਲੜਨੇ ਪਏ। ਗੁਰਬਾਣੀ ਦੁਆਰਾ ਸਿੱਖਿਅਤ ਸਿੱਖ ਸਖਸ਼ੀਅਤ ਸਿੰਘ ਰੂਪ ਧਾਰ ਕੇ ਹਰ ਪ੍ਰਕਾਰ ਦੀ ਗੁਲਾਮੀ ਤੋਂ ਮੁਕਤ ਹੁੰਦਿਆਂ ਮਜ਼ਲੂਮਾਂ ਤੇ ਕਮਜ਼ੋਰਾਂ ਦੀ ਰਾਖੀ ਦੇ ਜ਼ਾਮਨ ਹੋਣ ਲੱਗ ਪਏ। ਇਸ ਸਭ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬੀ ਅਕਾਲੀ ਬਾਣੀ ਵਿਚ ਸਪਸ਼ਟ ਪ੍ਰੇਰਨਾ ਕੀਤੀ ਹੋਈ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥ (ਪੰਨਾ ੧੪੧੨)

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਨੇ ਵੀ ਸਿੱਖ ਸੰਗਤਾਂ ਨੂੰ ਇਹੋ ਪਾਠ ਦ੍ਰਿੜ੍ਹ ਕਰਵਾਇਆ। ਇਸ ਤਰ੍ਹਾਂ ਖਾਲਸੇ ਦੀ ਸਿਰਜਣਾ ਕਰੀਬ ਢਾਈ ਸਦੀਆਂ ਲੰਮੀ ਦੀਖਿਆ ਦੀ ਪੂਰਤੀ ਦਾ ਅਵਸਰ ਸੀ। ਮਨੁੱਖਤਾ ਦੇ ਇਤਿਹਾਸ ਵਿਚ ੧੭੫੬ ਬਿਕ੍ਰਮੀ ਦੀ ਵੈਸਾਖੀ ਵਾਲੇ ਦਿਨ ਇਕ ਅਜਿਹਾ ਇਨਕਲਾਬੀ ਮੋੜ ਆਇਆ ਜੋ ਸੰਸਾਰ ਦੀਆਂ ਅੱਖਾਂ ਨੇ ਨਾ ਪਹਿਲਾਂ ਕਦੀ ਵੇਖਿਆ ਸੀ ਅਤੇ ਨਾ ਹੀ ਕਦੀ ਵੇਖਣਾ ਹੈ। ਇਸ ਅਲੌਕਿਕ ਖੇਡ ਦਾ ਭੇਦ ਉਦੋਂ ਖੁੱਲ੍ਹਿਆ ਜਦੋਂ ਇੱਕ-ਇੱਕ ਖਾਲਸਾ ਸਵਾ-ਸਵਾ ਲੱਖ ਨਾਲ ਮੁਕਾਬਲਾ ਕਰਨ ਲੱਗ ਪਿਆ। ਚਮਕੌਰ ਦੀ ਕੱਚੀ

* ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਗੜ੍ਹੀ ਵਿਚ ਚਾਲੀ ਭੁੱਖੇ-ਭਾਣੇ ਸਿੰਘਾਂ ਨੇ ਦਸ ਲੱਖ ਹਥਿਆਰ-ਬੰਦ ਸ਼ਾਹੀ ਫ਼ੌਜ ਦਾ ਟਾਕਰਾ ਕਰ ਵਿਖਾਇਆ। ਦਸਮ ਪਾਤਸ਼ਾਹ ਨੇ ਖਾਲਸਾ ਸਾਜ ਕੇ ਇਸ ਅੰਦਰ ਸਿੱਖੀ ਸਿਧਾਂਤ ਦੀ ਸੁਤੰਤਰਤਾ ਤੇ ਬਰਾਬਰਤਾ ਦਾ ਅਜਿਹਾ ਜ਼ਜਬਾ ਉਭਾਰਿਆ ਜਿਸ ਨੇ ਨਾ ਕੇਵਲ ਵਕਤ ਦੀ ਸ਼ਕਤੀਸ਼ਾਲੀ ਮੁਗ਼ਲ ਹਕੂਮਤ ਨੂੰ ਹੀ ਝੰਜੋੜਿਆ ਸਗੋਂ ਮਨੁੱਖਤਾ ਦੀਆਂ ਵੰਡੀਆਂ ਪਾਉਣ ਵਾਲੇ, ਜਾਤ-ਪਾਤ ਤੇ ਵਰਨ-ਵੰਡ ਕਰਨ ਵਾਲੇ ਸਮਾਜ ਨੂੰ ਵੀ ਪ੍ਰਭੂ ਦੇ ਸੱਚੇ ਮਨੁੱਖ ਬਣਨ ਦਾ ਉਪਦੇਸ਼ ਦਿੱਤਾ।

ਖਾਲਸਾ, ਹਰ ਕਿਸਮ ਦੀ ਸ਼ਖ਼ਸੀ ਗੁਲਾਮੀ ਤੋਂ ਅਜ਼ਾਦ ਹੋ ਕੇ ਅਕਾਲ ਪੁਰਖ ਵਾਹਿਗੁਰੂ ਨਾਲ ਸਿੱਧੇ ਰੂਪ ਵਿਚ ਸੰਬੰਧਿਤ ਹੈ ਜੋ ਪਰਮਾਤਮਾ ਦੀ ਆਪਣੀ ਰਜ਼ਾ ਵਿੱਚੋਂ ਹੀ ਪ੍ਰਗਟ ਹੋਇਆ ਹੈ:

ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ। *(ਸਰਬ ਲੋਹ ਗ੍ਰੰਥ)*

ਖਾਲਸਾ, ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਪੰਜ-ਕਕਾਰੀ ਰਹਿਤ ਰੱਖਣੀ, ਪੰਜਾਂ ਬਾਣੀਆਂ ਦਾ ਪਾਠ ਕਰਨਾ, ਸਦਾ ਹੀ ਸੱਚਾ, ਧਰਮੀ ਜੀਵਨ ਜਿਉਣਾ ਖਾਲਸੇ ਦਾ ਨੇਮ ਅਤੇ 'ਗੁਰਸਿਖ ਮੀਤ ਚਲਹੁ ਗੁਰ ਚਾਲੀ' ਦਾ ਧਾਰਨੀ ਹੋਣਾ ਹੈ। ਗੁਰਮੁਖ-ਗਾਡੀ ਰਾਹ ਦੀ ਜੀਵਨ-ਜਾਚ ਦਾ ਅਨੁਸਾਰੀ ਹੋਣਾ ਹੀ ਖਾਲਸੇ ਦਾ ਪਰਮ ਕਰਤੱਵ ਹੈ। ਉੱਚੀ-ਸੁੱਚੀ ਰਹਿਣੀ-ਬਹਿਣੀ ਵਿਚ ਸੰਪੂਰਨ ਖਾਲਸੇ ਨੂੰ ਤਾਂ ਗੁਰੂ ਸਾਹਿਬ ਨੇ ਆਪਣਾ ਇਸ਼ਟ ਬਣਾ ਕੇ ਇੰਞ ਸੰਬੋਧਨ ਕੀਤਾ:

ਰਹਿਣੀ ਰਹਹਿ ਸੋਈ ਸਿਖ ਮੇਰਾ। ਉਹ ਠਾਕੁਰ ਮੈਂ ਉਸ ਕਾ ਚੇਰਾ।

ਖਾਲਸਾ; ਧਰਮ ਅਤੇ ਸਦਾਚਾਰ ਦਾ ਸੁਮੇਲ ਹੈ। ਇਹ ਅੰਦਰਲੀ ਅਤੇ ਬਾਹਰਲੀ ਇਕਸੁਰਤਾ ਕਾਇਮ ਰੱਖਣ ਦੀ ਜੁਗਤੀ ਹੈ। ਖਾਲਸੇ ਦੀ ਆਵਾਜ਼ ਹੱਕ, ਸੱਚ ਤੇ ਨਿਆਂ ਦੀ ਆਵਾਜ਼ ਹੈ। ਸੱਚ ਦੀ ਇਸ ਆਵਾਜ਼ ਅੱਗੇ ਕੋਈ ਜ਼ਾਲਮ, ਜਾਬਰ, ਪਾਖੰਡੀ ਅਤੇ ਅਹੰਕਾਰੀ ਕਦੇ ਵੀ ਟਿਕ ਨਹੀਂ ਸਕਿਆ। ਖਾਲਸੇ ਦਾ ਆਤਮਿਕ ਤੇ ਸਦਾਚਾਰਕ ਜੀਵਨ ਲੱਖਾਂ ਕਪਟੀਆਂ 'ਤੇ ਭਾਰੂ ਹੁੰਦਾ ਹੈ। ਜਬਰ ਤੇ ਜ਼ੁਲਮ ਵਿਰੁੱਧ ਡਟਣਾ ਖਾਲਸੇ ਦਾ ਪਰਮ ਧਰਮ ਹੈ ਜੋ ਖਾਲਸੇ ਦੀ ਚੜ੍ਹਦੀ ਕਲਾ ਦਾ ਜ਼ਾਮਨ ਹੈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰ ਕੇ ਸੰਸਾਰ ਨੂੰ ਸੰਤ-ਸਿਪਾਹੀ ਦਾ ਅਜਿਹਾ ਨਵੀਨ, ਸ਼ਕਤੀਸ਼ਾਲੀ ਤੇ ਵਿਲੱਖਣ ਜੀਵਨ-ਸਿਧਾਂਤ ਦਿੱਤਾ ਹੈ ਜਿਹੜਾ ਹੁਣ ਤਕ ਸ਼ਹਾਦਤਾਂ ਤੇ ਕੁਰਬਾਨੀਆਂ ਦੀਆਂ ਨਿੱਤ-ਨਵੀਆਂ ਸਿਖਰਾਂ ਛੋਂਹਦਾ ਆ ਰਿਹਾ ਹੈ। ਸ਼ਹਾਦਤ ਦੀ ਭਾਵਨਾ ਅਤੇ ਸ਼ਕਤੀ, ਅਜਿਹੇ ਜੀਵਨ-ਸਿਧਾਂਤ ਵਿੱਚੋਂ ਹੀ ਉਪਜਦੀ ਹੈ, ਇਸੇ ਲਈ ਜਦ ਗੱਲਬਾਤ ਦੇ ਸਾਰੇ ਯਤਨ ਅਸਫ਼ਲ ਹੋ ਜਾਣ ਤਾਂ ਸ਼ਮਸ਼ੀਰ ਨੂੰ ਹੱਥ ਪਾਉਣਾ ਹਰ ਤਰ੍ਹਾਂ ਜਾਇਜ਼ ਹੁੰਦਾ ਹੈ ਜੋ ਧਾਰਮਿਕ ਫ਼ਰਜ਼ ਬਣ ਜਾਂਦਾ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥

ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ। ੨੨। (ਜ਼ਫ਼ਰਨਾਮਾ ਪਾ. ੧੦)

ਯੂ. ਐਨ. ਓ. ਦੀ ਜਨਰਲ ਅਸੈਂਬਲੀ ਨੇ ਤਾਂ ਕੇਵਲ ਅੱਧੀ ਸਦੀ ਪਹਿਲਾਂ ਮਾਨਵ-ਅਧਿਕਾਰਾਂ ਦੀ ਰੱਖਿਆ ਲਈ ਇਕ ਮਤਾ ਪਾਸ ਕਰ ਕੇ ਮਨੁੱਖੀ ਅਜ਼ਾਦੀ, ਬਰਾਬਰੀ ਦੇ ਹੱਕ ਤੇ ਭਰਾਤਰੀ-ਭਾਵ ਦੀ ਗੱਲ ਕੀਤੀ, ਪਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਸਦੀਆਂ ਪਹਿਲਾਂ ਹੀ ਮਨੁੱਖਤਾ ਦੇ ਹੱਕਾਂ ਦੀ ਸਮਾਨਤਾ, ਜਬਰ-ਜ਼ੁਲਮ ਦੇ ਖਿਲਾਫ਼ ਟੱਕਰ ਲੈਣ ਅਤੇ ਮਜ਼ਲੂਮਾਂ ਦੀ ਰੱਖਿਆ ਕਰਨ ਵਾਲੀ ਜੀਵਨ-ਜਾਚ 'ਤੇ ਅਧਾਰਤ ਵਿਲੱਖਣ ਹੋਂਦ-ਹਸਤੀ ਵਾਲੇ 'ਖਾਲਸੇ' ਦੀ ਸਿਰਜਣਾ ਕਰ ਕੇ ਅਜਿਹੀ ਭਾਵਨਾ ਨੂੰ ਅਮਲੀ ਰੂਪ ਵਿਚ ਪ੍ਰਗਟ ਕਰ ਦਿੱਤਾ ਸੀ। ਸੰਸਾਰ ਨੇ ਪਹਿਲੀ ਵਾਰ ਖਾਲਸੇ ਦੇ ਹੱਥੋਂ ਕਿਰਪਾਨ ਦੀ ਵਰਤੋਂ ਜ਼ੁਲਮ ਕਰਨ ਦੀ ਥਾਂ ਜ਼ੁਲਮ ਰੋਕਣ ਲਈ ਵਰਤੀ ਜਾਂਦੀ ਵੇਖੀ ਹੈ।

ਗੁਰੂ ਸਾਹਿਬ ਦੀ ਅਪਾਰ ਬਖ਼ਸ਼ਿਸ਼ ਸਦਕਾ ਕੁਰਬਾਨੀਆਂ ਨਾਲ ਹਮੇਸ਼ਾਂ ਸਿੱਖੀ ਪ੍ਰਫੁੱਲਤ ਹੋਈ ਹੈ। ਸਿੱਖ-ਇਤਿਹਾਸ ਵਿਚ ਸ਼ਹਾਦਤ ਦਾ ਜਾਮ ਪੀਣ ਵਾਲੇ ਤਾਂ ਹਮੇਸ਼ਾਂ-ਹਮੇਸ਼ਾਂ ਲਈ ਅਮਰ ਹੋ ਗਏ ਪਰ ਜਾਬਰਾਂ ਤੇ ਹੰਕਾਰੀਆਂ ਦੇ ਨਾਮੋ-ਨਿਸ਼ਾਨ ਤਕ ਮਿਟ ਗਏ। ਹਰ ਇਕ ਗੁਰਸਿੱਖ ਲਈ ਬਾਣੀ ਅਤੇ ਬਾਣੇ ਦੇ ਧਾਰਨੀ ਹੋਣਾ, ਰਹਿਤ ਦੀ ਪਰਪੱਕਤਾ ਅਤੇ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਉਸ ਦੇ ਖਾਲਸਾਈ ਜੀਵਨ ਦਾ ਅਹਿਮ ਵਿਧਾਨ ਹੈ। ਭਵਿੱਖ ਦੀ ਨਵੀਂ ਪੀੜ੍ਹੀ ਨੂੰ ਅਜਿਹੇ ਗੌਰਵਮਈ ਵਿਰਸੇ ਨਾਲ ਜੋੜਨ ਲਈ ਗੁਰਮਤਿ ਵਿਚਾਰਧਾਰਾ ਦੇ ਧਾਰਨੀ ਹੋਣਾ ਤੇ ਬੱਚਿਆਂ ਨੂੰ ਆਦਰਸ਼ ਗੁਰਸਿੱਖ ਬਣਾਉਣ ਲਈ ਮਾਤਾ-ਪਿਤਾ ਦਾ ਵੱਡਾ ਯੋਗਦਾਨ ਹੁੰਦਾ ਹੈ। ਇਸ ਕਾਰਜ ਲਈ ਹਰ ਗੁਰਸਿੱਖ ਨੂੰ ਵਿਅਕਤੀਗਤ ਰੂਪ ਵਿਚ ਤੇ ਹਰ ਸੰਸਥਾ ਨੂੰ ਸੰਸਥਾਗਤ ਰੂਪ ਵਿਚ ਸਾਰਥਕ ਉਪਰਾਲੇ ਕਰਨੇ ਚਾਹੀਦੇ ਹਨ। ਸਮੂਹ ਗੁਰੂ ਨਾਨਕ ਨਾਮ-ਲੇਵਾ ਗੁਰਸਿੱਖਾਂ ਨੂੰ ਆਪਣੇ ਮਹਾਨ ਤੇ ਅਮੀਰ ਵਿਰਸੇ ਨੂੰ ਪਹਿਚਾਣਦੇ ਹੋਏ ਬਾਣੀ ਤੇ ਬਾਣੇ ਦੇ ਧਾਰਨੀ ਹੋ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣਨਾ ਚਾਹੀਦਾ ਹੈ। ਰਹਿਤਵਾਨ ਸਿੱਖ ਤੋਂ ਕੁਰਬਾਨ ਜਾਂਦਿਆਂ ਗੁਰੂ ਸਾਹਿਬ ਦਾ ਫੁਰਮਾਨ ਹੈ:

ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ। ਮੈਂ ਨ ਕਰੋਂ ਇਨ ਕੀ ਪਰਤੀਤ।

ਖ਼ਾਲਸਾ ਸਿਰਜਣਾ ਦਿਵਸ ਸਾਨੂੰ ਗੁਰੂ-ਆਸ਼ੇ ਅਨੁਸਾਰੀ ਹੋ ਕੇ ਜੀਵਨ ਜਿਉਣ ਦੀ ਪ੍ਰੇਰਨਾ ਕਰਦਾ ਹੈ। ਇਸ ਇਤਿਹਾਸਕ ਸ਼ੁਭ ਅਵਸਰ 'ਤੇ ਮੈਂ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੂੰ ਖ਼ਾਲਸਾ ਸਾਜਣਾ ਦਿਵਸ ਦੀ ਮੁਬਾਰਕਬਾਦ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਆਓ! ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ ਕੀਤੀ ਖੰਡੇ-ਬਾਟੇ ਦੀ ਪਾਹੁਲ ਛਕ ਕੇ, ਗੁਰਮਤਿ ਦੇ ਧਾਰਨੀ ਹੋ ਕੇ 'ਧਰਮ ਦਾ ਜੈਕਾਰ' ਦੇ ਮਿਸ਼ਨ ਨੂੰ ਸਾਕਾਰ ਕਰਦੇ ਹੋਏ ਆਪਣਾ ਜੀਵਨ ਸਫਲਾ ਕਰੀਏ। ■

ਅਨੰਦਪੁਰ ਦੀ ਆਵਾਜ਼

*-ਸ. ਜਸਵੰਤ ਸਿੰਘ**

ਸ੍ਰੀ ਅਨੰਦਪੁਰ ਸਾਹਿਬ ਮਾਨਵਤਾ ਦੀ ਆਤਮਾ ਦੀ ਆਜ਼ਾਦੀ ਦਾ ਪ੍ਰਤੀਕ ਹੈ। ਜਬਰ-ਜ਼ੁਲਮ ਦੇ ਭਿਆਨਕ ਦੌਰ ਵਿਚ ਸ੍ਰੀ ਅਨੰਦਪੁਰ ਸਾਹਿਬ ਤੋਂ ਹੀ ਮਨੁੱਖੀ ਹੱਕਾਂ ਦੀ ਆਜ਼ਾਦੀ ਦੀ ਸੁਰੱਖਿਆ ਵਾਸਤੇ ਆਵਾਜ਼ ਨੂੰ ਬੁਲੰਦ ਕਰਨ ਵਾਲੇ ਮਰਦ-ਅਗੰਮੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ। ਹਜ਼ੂਰ ਨੂੰ ਪਤਾ ਸੀ ਕਿ ਹੱਕ-ਸੱਚ ਦੀ ਰਾਖੀ ਵਾਸਤੇ ਪਿਤਾ-ਪੁੱਤਰਾਂ, ਬੇਸ਼ੁਮਾਰ ਸਿੰਘ ਸੂਰਮਿਆਂ ਦੀ ਸ਼ਹਾਦਤ ਦੇਣੀ ਪਵੇਗੀ। ਪਰ ਫੇਰ ਵੀ ਹਜ਼ੂਰ ਨੇ ਜਬਰ-ਜ਼ੁਲਮ ਦੇ ਬੇਦਰਦ ਵਕਤ ਨੂੰ ਲਲਕਾਰਿਆ ਅਤੇ ਬੇਸ਼ੁਮਾਰ ਸ਼ਹਾਦਤਾਂ ਦੇ ਕੇ ਜ਼ੁਲਮ ਦੀ ਬਾਦਸ਼ਾਹਤ ਦੀਆਂ ਜੜ੍ਹਾਂ ਪੁੱਟ ਸੁੱਟੀਆਂ। ਸੂਰਮੇ ਮਰਦ ਅਗੰਮੜੇ ਗੁਰੂ ਜੀ ਵਿਸ਼ਵ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੀ ਹਨ।

ਅੱਜ ਜੇਕਰ ਪੰਜਾਬੀ ਕੌਮ ਸ੍ਰੀ ਅਨੰਦਪੁਰ ਸਾਹਿਬ ਨੂੰ ਇਕ ਵਿਲੱਖਣ ਨਗਰ ਦਾ ਰੂਪ-ਸ਼ਿੰਗਾਰ ਪ੍ਰਦਾਨ ਕਰ ਰਹੀ ਹੈ ਤਾਂ ਸ਼ਹੀਦ ਸੂਰਮਿਆਂ ਦਾ ਰਿਣ ਹੀ ਲਾਹ ਰਹੀ ਹੈ। ਰਿਣ— ਜੋ ਕਿ ਕਦੀ ਨਹੀਂ ਲੱਥ ਸਕਦਾ।

ਵਿਸ਼ਵ ਵਿਚ ਹੱਕ-ਸੱਚ ਦੀ ਰਾਖੀ ਵਾਸਤੇ ਆਵਾਜ਼ ਕਿਉਂਕਿ ਸਭ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਹੀ ਬੁਲੰਦ ਹੋਈ ਸੀ, ਇਸ ਲਈ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਆਪਣੀ ਇਤਿਹਾਸਕ ਭੂਮਿਕਾ ਅਦਾ ਕਰ ਕੇ ਮਨੁੱਖਤਾ ਦੀ ਮਹਾਨ ਸੇਵਾ ਕੀਤੀ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ੧੭੫੬ ਬਿਕ੍ਰਮੀ ਦੀ ਵਿਸਾਖੀ ਨੂੰ ਖਾਲਸਾ ਸਾਜਣਾ ਸਮਾਗਮ ਵਿਚ ਇਹ ਨਿਰਣਾ ਹੋ ਗਿਆ ਸੀ ਕਿ ਖਾਲਸਾ ਪੰਥ ਕਿਸੇ ਇਕ ਜਾਤ ਜਾਂ ਫਿਰਕੇ ਦਾ ਨਹੀਂ, ਸਗੋਂ ਸਭਨਾਂ ਹੀ ਧਰਮਾਂ ਅਤੇ ਜਾਤਾਂ ਦੇ ਲੋਕਾਂ ਦਾ ਸਾਂਝਾ ਧਰਮ-ਈਮਾਨ ਹੋਵੇਗਾ। ਇਸ ਸੱਚ ਦੀ ਪੁਸ਼ਟੀ ਲਾਹੌਰ ਦੇ ਭਾਈ ਦਯਾ ਰਾਮ ਖੱਤਰੀ ਨੇ, ਹਸਤਨਾਪੁਰ ਦੇ ਭਾਈ ਧਰਮਦਾਸ ਨੇ, ਪੁਰੀ ਦੇ ਭਾਈ ਹਿੰਮਤ ਰਾਏ ਨੇ, ਦਵਾਰਕਾ ਦੇ ਭਾਈ ਮੋਹਕਮ ਚੰਦ ਨੇ ਅਤੇ ਬਿਦਰ ਦੇ ਭਾਈ ਸਾਹਿਬ ਚੰਦ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਕੋਲੋਂ ਇੱਕੋ ਬਾਟੇ 'ਚੋਂ ਅੰਮ੍ਰਿਤਪਾਨ ਕਰਕੇ ਕੀਤੀ ਸੀ। ਇਹ ਪੰਜੇ ਸ਼ਖ਼ਸ ਖੱਤਰੀ, ਜੱਟ, ਝੀਉਰ, ਧੋਬੀ ਅਤੇ ਨਾਈ ਅਖਵਾਉਣ ਵਾਲੀਆਂ ਜਾਤਾਂ ਨਾਲ ਸੰਬੰਧ ਰੱਖਦੇ ਆ ਰਹੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਪੰਜ ਪਿਆਰਿਆਂ ਦਾ ਉੱਚਾ ਰੁਤਬਾ ਦਿੱਤਾ ਅਤੇ ਫੇਰ ਮਗਰੋਂ ਉਨ੍ਹਾਂ ਨੂੰ ਗੁਰੂ ਧਾਰ ਕੇ ਉਨ੍ਹਾਂ

* # ੯੬, ਗੋਲਡਨ ਐਵੀਨਿਊ, ਗੜ੍ਹਾ ਰੋਡ, ਜਲੰਧਰ-੧੪੪੦੨੨.

ਕੋਲੋਂ ਖੁਦ ਅੰਮ੍ਰਿਤ ਛਕਿਆ।

ਮਨੁੱਖੀ ਭਾਈਚਾਰੇ ਦੀ ਇਹ ਕੇਹੀ ਸਾਂਝ ਸੀ, ਕੇਹੀ ਬੁਲੰਦੀ ਸੀ! ਹਿੰਦੁਸਤਾਨ ਦੇ ਸੰਦਰਭ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸਰਬ ਸਾਂਝੀਵਾਲਤਾ ਦਾ ਸੰਕਲਪ ਅੱਜ ਵੀ ਸਾਰਥਕ ਹੈ ਅਤੇ ਇਸ 'ਤੇ ਅਮਲ ਕਰਨਾ ਕੌਮੀ ਇਕੁਸਰਤਾ ਵਾਸਤੇ ਬਹੁਤ ਮਹੱਤਵਪੂਰਨ ਹੈ।

ਭਾਰਤ ਵਿਚ ਬੇਸ਼ੁਮਾਰ ਪੀਰ-ਫਕੀਰ ਅਤੇ ਸਾਧੂ-ਸੰਤ ਹੋਏ ਹਨ, ਪਰ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਾਂ ਦੇ ਵੱਖੋ-ਵੱਖਰੇ ਸਰੂਪਾਂ ਅਤੇ ਉਨ੍ਹਾਂ ਦੇ ਵਿਚਾਰਾਂ ਦਾ ਆਦਰ-ਮਾਣ ਕਰ ਕੇ ਉਨ੍ਹਾਂ ਨੂੰ ਸਾਂਝੀਵਾਲਤਾ ਦੀ ਲੜੀ ਵਿਚ ਪਰੋਇਆ, ਇਹ ਕੇਵਲ ਤੇ ਕੇਵਲ ਉਨ੍ਹਾਂ ਦੇ ਹੀ ਹਿੱਸੇ ਆਇਆ ਹੈ। ਅਜਿਹੇ ਸਰਬਸਾਂਝੀਵਾਲਤਾ ਵਾਲੇ ਫਲਸਫੇ ਵਿਚ ਵਿਸ਼ਵਾਸ ਰੱਖਣ ਵਾਲੇ ਬੰਦਿਆਂ ਨੂੰ ਹੀ ਗੁਰੂ ਸਾਹਿਬ ਨੇ 'ਖਾਲਸਾ' ਕਿਹਾ ਅਤੇ ਇਥੋਂ ਤਕ ਵਡਿਆਇਆ—

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰੋ ਨਿਵਾਸ। *(ਸਰਬ ਲੋਹ ਗ੍ਰੰਥ)*

ਅਜਿਹਾ ਖਾਲਸਾ ਹੀ ਸੰਤ ਸਿਪਾਹੀ ਦਾ ਸਰੂਪ ਹੈ ਅਤੇ ਹੱਕ-ਸੱਚ ਦੀ ਰਾਖੀ ਲਈ ਆਪਾ ਵਾਰਦਾ ਹੈ। ਗੁਰੂ ਸਾਹਿਬ ਨੇ ਆਪਣੇ ਜੀਵਨ-ਮੰਤਵ ਬਾਰੇ ਆਪਣੀ ਆਤਮ-ਕਥਾ 'ਬਚਿੱਤਰ ਨਾਟਕ' ਵਿਚ ਫ਼ਰਮਾਇਆ ਹੈ:

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖਯਨਿ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਭਨ ਕੋ ਮੂਲ ਉਪਾਰਿਨ।

ਆਪਣੇ ਵੇਲੇ ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਇਹ ਸਭ ਤੋਂ ਵੱਧ ਸ਼ਕਤੀਸ਼ਾਲੀ ਆਵਾਜ਼ ਸੀ, ਜਿਹੜੀ ਸ਼ਿਵਾਲਕ ਪਰਬਤ ਵਿੱਚੋਂ ਗੂੰਜਦੀ ਹੋਈ ਸਮੁੱਚੇ ਦੇਸ਼ ਦੇ ਵਾਤਾਵਰਨ ਵਿਚ ਫੈਲ ਗਈ ਸੀ।

ਗੁਰੂ ਸਾਹਿਬ ਨੇ ਆਪਣੇ ਜੀਵਨ ਉਦੇਸ਼ ਦੀ ਵਿਆਖਿਆ ਕਰਦੇ ਹੋਏ ਸਪਸ਼ਟ ਲਿਖਿਆ ਹੈ ਕਿ 'ਦੁਸ਼ਟ ਦੋਖੀਅਨ' ਨੂੰ 'ਪਕਰਿ ਪਛਾਰੋ' ਦਾ ਕਾਰਜ ਉਨ੍ਹਾਂ ਨੇ ਕਰਨਾ ਹੈ। ਪਰ ਇਸੇ ਦੇ ਨਾਲ ਹੀ ਹਜ਼ੂਰ ਇਨਸਾਨੀ ਬਿਰਾਦਰੀ ਦੀ ਬਰਾਬਰੀ ਦਾ ਸਰੋਕਾਰ ਵੀ ਆਪਣੀ ਬਾਣੀ ਵਿਚ ਪ੍ਰਗਟਾਉਂਦੇ ਹਨ:

ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸ਼ਾਫੀ
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।
ਕਰਤਾ ਕਰੀਮ ਸੋਈ ਰਾਜ਼ਿਕ ਰਹੀਮ ਉਈ
ਦੂਸਰੋ ਨਾ ਭੇਦ ਕੋਈ ਭੂਲਿ ਭ੍ਰਮ ਮਾਨਬੋ।

ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।
ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉਂ ਹੈ। (ਅਕਾਲ ਉਸਤਤਿ ਪਾ: ੧੦)

ਗੁਰੂ ਸਾਹਿਬ ਜੋ ਕਹਿੰਦੇ ਸਨ, ਉਸ ਦੇ ਅਮਲ ਵਿਚ ਵਿਸ਼ਵਾਸ ਰੱਖਦੇ ਸਨ। ਗੁਰੂ ਸਾਹਿਬ ਦੀ ਸੂਖਮਭਾਵੀ ਸੋਚ ਕਿਸੇ ਇਕ ਫਿਰਕੇ, ਧਰਮ ਜਾਂ ਕੁਲ-ਜ਼ਾਤ ਦੇ ਹਿਤ ਵਾਸਤੇ ਕੰਮ ਕਰਨ ਦੇ ਹੱਕ ਵਿਚ ਨਹੀਂ ਸੀ। ਵਿਸ਼ਵ ਭਰ ਦੇ ਸਾਰੇ ਹੀ ਲੋਕ ਉਨ੍ਹਾਂ ਲਈ ਇਕ ਸਮਾਨ ਸਨ, ਆਪਣੇ ਸਨ। ਇਸ ਵੇਲੇ ਚੇਤੇ ਆਉਂਦਾ ਹੈ ਭੰਗਾਣੀ ਦਾ ਉਹ ਯੁੱਧ, ਜਿਸ ਵਿਚ ਪੀਰ ਬੁੱਧੂ ਸ਼ਾਹ ਅਤੇ ਉਸ ਦੇ ਬੇਟੇ ਹੋਰ ਅਨੇਕ ਮੁਸਲਮਾਨਾਂ ਸਮੇਤ, ਦਿੱਲੀ ਦੀਆਂ ਮੁਗਲ ਫੌਜਾਂ ਦੇ ਵਿਰੁੱਧ, ਗੁਰੂ ਸਾਹਿਬ ਨਾਲ ਮਿਲ ਕੇ ਲੜ ਰਹੇ ਸਨ। ਉਹ ਯੁੱਧ ਮੁਗਲਾਂ ਜਾਂ ਮੁਸਲਮਾਨਾਂ ਦੇ ਵਿਰੁੱਧ ਨਹੀਂ ਸੀ। ਇਸ ਤਰ੍ਹਾਂ ਹੁੰਦਾ ਤਾਂ ਪੀਰ ਬੁੱਧੂ ਸ਼ਾਹ ਤੇ ਉਸ ਦੇ ਅਨੇਕ ਮੁਰੀਦ ਗੁਰੂ ਸਾਹਿਬ ਦਾ ਸਾਥ ਕਿਉਂ ਦਿੰਦੇ? ਧਰਮ-ਯੁੱਧ ਉਹੋ ਹੀ ਹੈ, ਜਿਹੜਾ ਮਾਨਵਤਾ ਦੀ ਸੁਰੱਖਿਆ ਲਈ ਅਤੇ ਹੱਕ-ਇਨਸਾਫ ਵਾਸਤੇ ਲੜਿਆ ਜਾਵੇ!

ਭੰਗਾਣੀ ਦੇ ਇਸੇ ਯੁੱਧ ਦੀ ਇਕ ਹੋਰ ਘਟਨਾ ਵੀ ਵਰਣਨਯੋਗ ਹੈ। ਗੁਰੂ ਜੀ ਦਾ ਲਾਡਲਾ ਸਿੱਖ ਭਾਈ ਘਨੱਈਆ ਜੀ ਬੜੀ ਮਸਕੀਨਤਾ ਨਾਲ ਯੁੱਧ ਵਿਚ ਜ਼ਖ਼ਮੀ ਹੋਣ ਵਾਲੇ ਸੈਨਿਕਾਂ ਨੂੰ ਪਾਣੀ ਪਿਲਾ ਰਿਹਾ ਸੀ। ਉਸ ਦੀਆਂ ਨਜ਼ਰਾਂ ਵਿਚ ਗੁਰੂ ਸਾਹਿਬ ਦੇ ਸਿੰਘਾਂ ਜਾਂ ਮੁਗ਼ਲ ਸਿਪਾਹੀਆਂ ਵਿਚ ਕੋਈ ਅੰਤਰ ਨਹੀਂ ਸੀ। ਉਹ ਕਿਸੇ ਨਾਲ ਵਿਤਕਰਾ ਨਹੀਂ ਸੀ ਕਰ ਸਕਦਾ। ਉਸ ਦੀ ਇਸ ਭਾਵਨਾ ਨੂੰ ਠੀਕ ਨਾ ਸਮਝ ਕੇ ਕੁਝ ਸਿੰਘਾਂ ਨੇ ਗੁਰੂ ਸਾਹਿਬ ਕੋਲ ਸ਼ਿਕਾਇਤ ਕੀਤੀ ਸੀ 'ਸੱਚੇ ਪਾਤਸ਼ਾਹ! ਦੇਖੋ, ਭਾਈ ਘਨੱਈਆ ਦੁਸ਼ਮਣ ਦੀਆਂ ਫੌਜਾਂ ਨੂੰ ਵੀ ਪਾਣੀ ਪਿਲਾਈ ਜਾ ਰਿਹਾ ਹੈ।'

ਆਪਣੇ ਸਿੰਘਾਂ ਦੀ ਸ਼ਿਕਾਇਤ ਸੁਣ ਕੇ ਗੁਰੂ ਸਾਹਿਬ ਨੇ ਭਾਈ ਘਨੱਈਆ ਜੀ ਨੂੰ ਬੁਲਾ ਕੇ ਇਸ ਦਾ ਕਾਰਨ ਪੁੱਛਿਆ ਤਾਂ ਭਾਈ ਜੀ ਨੇ ਨਿਮਰਤਾ ਨਾਲ ਕਿਹਾ, 'ਹਜ਼ੂਰ! ਮੈਨੂੰ ਤਾਂ ਪਤਾ ਹੀ ਨਹੀਂ ਲੱਗਦਾ ਕਿ ਵੈਰੀ ਕੌਣ ਹੈ ਅਤੇ ਆਪਣਾ ਕੌਣ ਹੈ... ਮੈਂ ਤਾਂ ਜਿੱਧਰ ਵੀ ਦੇਖਦਾ ਹਾਂ, ਆਪ ਦੇ ਸੁੰਦਰ ਸਰੂਪ ਦੇ ਹੀ ਦਰਸ਼ਨ ਹੁੰਦੇ ਹਨ!'

ਭਾਈ ਘਨੱਈਆ ਜੀ ਦੀ ਗੱਲ ਸੁਣ ਕੇ ਗੁਰੂ ਸਾਹਿਬ ਮੁਸਕਰਾ ਪਏ ਤੇ ਕਹਿਣ ਲੱਗੇ- 'ਭਾਈ ਘਨੱਈਆ! ਐਹ ਲੈ ਸਾਡੇ ਵੱਲੋਂ ਮਲ੍ਹਮ ਤੇ ਪੱਟੀ! ਇਹਦੇ ਨਾਲ ਵੀ ਜ਼ਖ਼ਮੀਆਂ ਦੀ ਸੇਵਾ ਕਰਦਾ ਜਾ! ਤੂੰ ਵੈਰ-ਭਾਵ ਤੋਂ ਉੱਪਰ ਉੱਠ ਗਿਆ ਏਂ। ਤੂੰ ਸੱਚਾ ਸਿੱਖ ਏਂ!'

ਗੁਰੂ ਸਾਹਿਬ ਦੀ ਇਹ ਗੱਲ ਅੱਜ ਦੇ ਯੁੱਗ ਵਿਚ ਵੀ ਪੂਰੀ ਤਰ੍ਹਾਂ ਸਾਰਥਕ ਹੈ।

ਗੁਰੂ ਸਾਹਿਬ ਨੇ ਸਿੱਖ ਦੇ ਸਰੂਪ ਨੂੰ ਦੁਖੀ ਮਾਨਵਤਾ ਦੀ ਸੇਵਾ ਅਤੇ ਸੁਰੱਖਿਆ ਵਾਸਤੇ ਤਿਆਰ ਕੀਤਾ ਸੀ। ਜਿਹੜਾ ਵੀ ਵਿਅਕਤੀ ਅੱਜ ਇਹ ਕਰਤਵ ਨਿਭਾ ਰਿਹਾ ਹੈ, ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੱਚਾ ਪੈਰੋਕਾਰ ਹੈ। ਇਸ ਦਾ ਹੀ ਪ੍ਰਚਾਰ-ਪ੍ਰਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ-ਕਾਲ ਵਿਚ ਕੀਤਾ ਸੀ। ਗੁਰੂ ਸਾਹਿਬ ਦੇ ਇਸ ਫਲਸਫੇ ਵਿਚ ਵਿਸ਼ਵਾਸ ਰੱਖਣ ਵਾਲਾ ਵਿਅਕਤੀ ਬੜੀ ਨਿਮਰਤਾ ਨਾਲ ਰਹਿੰਦਾ ਹੈ, ਸਭਨਾਂ ਇਨਸਾਨਾਂ ਨੂੰ ਇਕ ਸਮਾਨ ਸਮਝਦਾ ਹੈ ਅਤੇ ਹਰ ਤਰ੍ਹਾਂ ਨਾਲ ਹਿੰਸਾ ਤੋਂ ਗੁਰੇਜ਼ ਕਰਦਾ ਹੈ। ਤਦੇ ਹੀ ਉਹ ਸੰਤ-ਸਿਪਾਹੀ ਦੇ ਸਰੂਪ ਵਿਚ ਸਥਾਪਤ ਹੁੰਦਾ ਹੈ। ਕੇਵਲ ਇਕ ਸੰਤ-ਸਿਪਾਹੀ ਹੀ ਇਸ ਗੱਲ ਦੀ ਤਮੀਜ਼ ਕਰ ਸਕਦਾ ਹੈ ਕਿ ਉਸ ਨੇ ਜਿਹੜੇ ਸ਼ਸਤਰ ਧਾਰਨ ਕੀਤੇ ਹੋਏ ਹਨ, ਉਨ੍ਹਾਂ ਨਾਲ ਉਸ ਨੇ ਸੁਰੱਖਿਆ ਕਿਸ ਦੀ ਕਰਨੀ ਹੈ ਅਤੇ ਉਹ ਸ਼ਸਤਰ ਇਸਤੇਮਾਲ ਕਿਸ ਦੇ ਵਿਰੁੱਧ ਕਰਨੇ ਹਨ।

ਗੁਰੂ ਸਾਹਿਬ ਦੇ ਜੀਵਨ-ਚਰਿੱਤਰ ਵੱਲ ਧਿਆਨ ਦੇਈਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਹਾਲੇ ਆਪ ਛੋਟੀ ਅਵਸਥਾ ਵਿਚ ਹੀ ਸਨ ਜਦੋਂ ਔਰੰਗਜ਼ੇਬ ਦੇ ਤਾਨਾਸ਼ਾਹੀ ਹੁਕਮ ਨਾਲ ਆਪ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਸ੍ਰੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਆਪ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ ਅਤੇ ਛੋਟੇ ਦੋ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਨੇ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਹੋਰ ਅਨੇਕ ਸਿੰਘ ਵੀ ਸ਼ਹੀਦ ਹੋਏ। ਇਹ ਨਿਰਾਪੁਰਾ ਜਬਰ ਸੀ, ਦਿੱਲੀ ਦਰਬਾਰ ਵੱਲੋਂ। ਗੁਰੂ ਸਾਹਿਬ ਨੇ ਅਜਿਹੀ ਕੋਈ ਵੀ ਗੱਲ ਨਹੀਂ ਸੀ ਕੀਤੀ ਜਿਸ ਕਰਕੇ ਹਜ਼ੂਰ 'ਤੇ ਜਬਰ ਕੀਤਾ ਜਾਂਦਾ। ਗੁਰੂ ਸਾਹਿਬ ਅਕਾਲ ਪੁਰਖ ਦੇ ਹੁਕਮ ਨਾਲ ਹੀ ਇਸ ਸੰਸਾਰ ਵਿਚ ਆਏ ਸਨ ਅਤੇ ਅਕਾਲ ਪੁਰਖ ਦੀ ਹੱਕ ਇਨਸਾਫ ਕਰਨ ਵਾਲੀ ਸ਼ਕਤੀ ਵਿਚ ਹਜ਼ੂਰ ਨੂੰ ਪੂਰਾ ਵਿਸ਼ਵਾਸ ਸੀ। ਗੁਰੂ ਸਾਹਿਬ ਹਿੰਦੁਸਤਾਨ ਵਿਚ ਸਿਫਤੀ ਤਬਦੀਲੀ (ਕੁਆਲੀਟੇਟਿਵ ਚੇਂਜ) ਚਾਹੁੰਦੇ ਸਨ, ਇਸ ਕਰਕੇ ਹਜ਼ੂਰ ਨੇ ਜ਼ਬਰ-ਜ਼ੁਲਮ ਦੇ ਮੁਕਾਬਲੇ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਹਜ਼ੂਰ ਨੇ ਸਿੰਘਾਂ ਦੇ ਜ਼ਿੰਮੇ ਇਹ ਕੰਮ ਸੌਂਪਿਆ ਸੀ ਕਿ ਸਿੰਘਾਂ ਨੇ ਹਿੰਦੁਸਤਾਨ ਦੇ ਸਤਾਏ ਹੋਏ, ਲਤਾੜੇ ਹੋਏ, ਮਾਸੂਮ, ਮਜ਼ਲੂਮ ਅਤੇ ਸੰਤ ਪੁਰਸ਼ਾਂ ਦੀ ਸੁਰੱਖਿਆ ਲਈ ਜਾਬਰ ਰਾਜਸ਼ਾਹੀ ਨਾਲ ਟੱਕਰ ਲੈਣੀ ਹੈ। ਗੁਰੂ ਸਾਹਿਬ ਦੇ ਵੇਲੇ ਦੇ ਇਤਿਹਾਸ ਅਤੇ ਸਿੱਖ ਮਿਸਲਾਂ ਦੇ ਵਕਤ ਵਿਚ ਇਕ ਵੀ ਅਜਿਹੀ ਘਟਨਾ ਨਹੀਂ ਸੀ ਵਾਪਰੀ, ਜਿਥੇ ਗੁਰੂ ਦੇ ਸਿੰਘਾਂ ਨੇ ਕਿਸੇ ਮਾਸੂਮ ਤੇ ਬੇਗੁਨਾਹ ਨੂੰ ਕਤਲ ਕੀਤਾ ਹੋਵੇ, ਕਿਉਂਕਿ ਗੁਰੂ ਸਾਹਿਬ ਦਾ ਸਾਜਿਆ ਹੋਇਆ ਖਾਲਸਾ ਪੰਥ ਲੋਕਾਂ ਦੀ ਸੁਰੱਖਿਆ ਤੇ ਸੇਵਾ ਲਈ ਹੈ। ਹਜ਼ੂਰ ਦਾ ਕਹਿਣਾ ਸੀ ਕਿ ਜਦੋਂ ਸਭੋ ਹੀ ਲੋਕ ਸ਼ਕਤੀਸ਼ਾਲੀ ਹੋ ਕੇ ਜਬਰ ਦੇ ਵਿਰੁੱਧ ਡਟ ਜਾਣਗੇ, ਤਦ

ਜਬਰ ਦਾ ਨਾਸ ਹੋ ਜਾਵੇਗਾ। ਗੁਰੂ ਸਾਹਿਬ ਨੇ ਇਸੇ ਖਿਆਲ ਨਾਲ 'ਅਕਾਲ ਉਸਤਤਿ' ਜਿਹੀਆਂ ਸ਼ਕਤੀਸ਼ਾਲੀ ਰਚਨਾਵਾਂ ਰਚੀਆਂ ਹਨ। ਔਰੰਗਜ਼ੇਬ ਨੂੰ ਆਪਣੇ ਜਬਰਾਂ ਦਾ ਅਹਿਸਾਸ ਕਰਵਾਉਣ ਵਾਸਤੇ ਹਜ਼ੂਰ ਨੇ ਜਿਹੜੀ ਉਸ ਨੂੰ ਚਿੱਠੀ ਲਿਖੀ, ਉਸ ਦਾ ਨਾਮ 'ਜਫਰਨਾਮਾ' ਰੱਖਿਆ, ਜਿਸ ਦਾ ਮਤਲਬ ਹੈ 'ਫਤਹਿ ਦੀ ਚਿੱਠੀ'। ਗੁਰੂ ਸਾਹਿਬ ਨੇ ਵਕਤ ਦੇ ਬਾਦਸ਼ਾਹ ਨੂੰ ਲਲਕਾਰਿਆ ਕਿ ਹੱਕ-ਇਨਸਾਫ ਦੀ ਲੜਾਈ ਵਿਚ ਬਾਦਸ਼ਾਹ ਹਾਰ ਗਿਆ ਹੈ ਅਤੇ ਹਜ਼ੂਰ ਜਿੱਤ ਗਏ ਹਨ, ਕਿਉਂਕਿ ਬਾਦਸ਼ਾਹ ਨੇ ਕੁਰਾਨ ਸ਼ਰੀਫ ਦੀ ਸਹੁੰ ਖਾ ਕੇ ਵੀ ਬੇਈਮਾਨੀ ਕੀਤੀ ਅਤੇ ਹਜ਼ੂਰ ਨੂੰ ਅਕਾਲ ਪੁਰਖ ਨੇ ਹਰ ਤਰ੍ਹਾਂ ਨਾਲ ਸੁਰੱਖਿਅਤ ਰੱਖਿਆ। 'ਜ਼ਫ਼ਰਨਾਮਾ' ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ 'ਜੇ ਰੱਬ ਦੋਸਤ ਹੋਵੇ ਤਾਂ ਦੁਸ਼ਮਣ ਕੀ ਵਿਗਾੜ ਸਕਦਾ ਹੈ, ਭਾਵੇਂ ਉਹ ਸੌ ਗੁਣਾ ਵੈਰ ਵੀ ਕਰੇ।... ਉਸ (ਔਰੰਗਜ਼ੇਬ ਬਾਦਸ਼ਾਹ) ਨੂੰ ਤਾਂ ਆਪਣੇ ਰਾਜ-ਭਾਗ ਅਤੇ ਧਨ ਦੌਲਤ ਦਾ ਘੁਮੰਡ ਹੈ। ਸਾਨੂੰ ਆਪਣੇ ਅਕਾਲ ਪੁਰਖ ਦੀਆਂ ਰੱਖਾਂ ਹਨ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ ਵਿਚ ਗੰਗਾ ਨਦੀ ਦੇ ਕਿਨਾਰੇ ਸਥਿਤ ਪਟਨਾ ਸਾਹਿਬ ਵਿਖੇ ਹੋਇਆ। ਮੁਗ਼ਲ ਸਰਕਾਰ ਦੇ ਜਬਰ-ਜ਼ੁਲਮ ਵਿਰੁੱਧ ਹਜ਼ੂਰ ਨੇ ਸਤਲੁਜ ਦਰਿਆ ਨੇੜੇ, ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਸਾਜ ਕੇ ਸੰਘਰਸ਼ ਕੀਤਾ ਅਤੇ ਸਾਰੀ ਵਡਿਆਈ ਖਾਲਸਾ-ਪੰਥ ਨੂੰ ਦਿੱਤੀ:

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੇ ਇਨ ਹੀ ਕੇ ਪ੍ਰਸਾਦਿ ਕ੍ਰਿਪਾ ਇਨ ਕੀ ਪੁਨਿ ਧਾਮ ਭਰੇ।
ਇਨ ਹੀ ਕੇ ਪ੍ਰਸਾਦਿ ਸੁਬਿੱਦਿਯ ਭਏ, ਇਨ ਹੀ ਕੀ ਕ੍ਰਿਪਾ ਸਭ ਸਤ੍ਰੂ ਮਰੇ।
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੇ ਗਰੀਬ ਕਰੋਰ ਪਰੇ॥

ਜੀਵਨ ਦਾ ਅੰਤਲਾ ਸਮਾਂ ਹਜ਼ੂਰ ਨੇ ਮਹਾਰਾਸ਼ਟਰ ਵਿਚ ਗੋਦਾਵਰੀ ਨਦੀ ਨੇੜੇ ਨੰਦੇੜ ਵਿਖੇ ਗੁਜ਼ਾਰਿਆ ਜਿਥੇ ਤਪੱਸਵੀ ਮਾਧੋ ਦਾਸ ਵਿਰਾਗੀ ਨੂੰ ਬੰਦਾ ਸਿੰਘ ਬਣਾ ਕੇ ਜਬਰ-ਜ਼ੁਲਮ ਦੇ ਟਾਕਰੇ ਲਈ ਤਿਆਰ ਕੀਤਾ। ਇਸ ਤਰ੍ਹਾਂ ਸਮੁੱਚਾ ਹਿੰਦੁਸਤਾਨ ਹੀ ਗੁਰੂ ਸਾਹਿਬ ਦੀਆਂ ਸਰਗਰਮੀਆਂ ਦਾ ਖੇਤਰ ਸੀ ਅਤੇ ਇਸ ਦੇਸ਼ ਦੇ ਸੱਭੋ ਹੀ ਲੋਕ ਹਜ਼ੂਰ ਦੇ ਆਪਣੇ ਸਨ। ਸਭਨਾਂ ਲੋਕਾਂ ਲਈ ਹਜ਼ੂਰ ਦੇ ਦਿਲ ਵਿਚ ਦਰਦ ਸੀ।

ਅੱਜ ਵੀ ਵਿਸ਼ਵ ਵਿਚ ਜਿੱਥੇ ਕਿਤੇ ਵੀ ਲੋਕ ਹੱਕ-ਇਨਸਾਫ ਵਾਸਤੇ ਲੜਦੇ ਹਨ, ਮੈਨੂੰ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੂਰਮੇ ਸਿੰਘ ਮਹਿਸੂਸ ਹੁੰਦੇ ਹਨ। ਜਿਹੜੇ ਲੋਕ ਮਾਸੂਮਾਂ ਅਤੇ ਲਤਾੜੇ ਹੋਏ ਲੋਕਾਂ ਦੀ ਸੇਵਾ ਅਤੇ ਸੁਰੱਖਿਆ ਵਾਸਤੇ ਜੂਝ ਰਹੇ ਹਨ, ਉਹ ਮੇਰੇ ਲਈ ਗੁਰੂ ਸਾਹਿਬ ਦੇ ਸਿੰਘ ਹਨ। ਗੁਰੂ ਸਾਹਿਬ ਦੇ ਫਲਸਫੇ ਨੂੰ ਮੰਨਣ ਵਾਲੇ ਲੋਕ ਬੇਸ਼ੁਮਾਰ ਹਨ। ਗੁਰੂ ਸਾਹਿਬ ਕੇਵਲ ਰਾਸ਼ਟਰ ਨਾਇਕ ਹੀ ਨਹੀਂ, ਸਗੋਂ ਵਿਸ਼ਵ ਨਾਇਕ ਹਨ। ■

ਵਿਸਾਖੀ

*-ਡਾ. ਹਰਨਾਮ ਸਿੰਘ ਸ਼ਾਨ**

੧੭੫੬ ਬਿਕ੍ਰਮੀ ਦੀ ਵਿਸਾਖੀ ਵਾਲੇ ਦਿਨ ਦੁਨੀਆਂ ਦੇ ਇਤਿਹਾਸ ਨੇ ਇਕ ਅਜੀਬ ਤੇ ਅਦੁੱਤੀ ਕੌਤਕ ਵੇਖਿਆ ਅਤੇ ਉਸ ਨੂੰ ਕਾਨੀਬੰਦ ਵੀ ਕੀਤਾ। ਉਸ ਦਿਨ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਕੇਸਗੜ੍ਹ ਸਾਹਿਬ ਵਿਚ ਇਕ ਭਾਰੀ ਤੇ ਯਾਦਗਾਰੀ ਇਕੱਠ ਕੀਤਾ। ਤੇਤੀ ਵਰ੍ਹੇ ਦੇ ਭਰ-ਜਵਾਨ ਸਤਿਗੁਰੂ ਜੀ ਨੇ ਨੰਗੀ ਕਿਰਪਾਨ ਲਿਸ਼ਕਾਉਂਦਿਆਂ, ਉਪਰੋਥੱਲੀ, ਪੰਜ ਸਿਰਾਂ ਦੀ ਭੇਟ ਮੰਗੀ। ਫਿਰ ਉਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ, ਚੜ੍ਹਦੀ-ਕਲਾ ਦਾ ਜਲੋ ਚੜ੍ਹਾ ਕੇ, ਸਿੰਘ ਸਜਾ ਕੇ ਤੇ ਆਪਣੇ 'ਪੰਜ ਪਿਆਰੇ' ਆਖ ਕੇ, ਉਨ੍ਹਾਂ ਦੀ ਕਾਇਆ-ਕਲਪ ਹੀ ਕਰ ਦਿੱਤੀ:

ਪੀਓ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ। *(ਵਾਰ ੪੧:੧)*

ਉਪਰੰਤ ਇਹੋ 'ਪਾਹੁਲ' ਉਨ੍ਹਾਂ ਪਾਸੋਂ ਆਪ ਛਕ ਕੇ ਅਤੇ ਆਪ ਵੀ ਉਹੋ ਜਿਹੇ ਸਿੰਘ ਸਜ ਕੇ, ਸੰਸਾਰ ਦੇ ਧਾਰਮਿਕ ਤੇ ਸਮਾਜਿਕ ਇਤਿਹਾਸ ਵਿਚ ਇਕ ਹੋਰ ਕ੍ਰਿਸ਼ਮਾ ਕਰ ਦਿਖਾਇਆ। ਦੁਨੀਆਂ ਇਹ ਵੇਖ ਕੇ ਹੈਰਾਨ ਹੋ ਗਈ ਤੇ ਕਹਿਣ ਲੱਗੀ:

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ। *(ਵਾਰ ੪੧:੧)*

ਇਉਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉੱਮਤ ਨੂੰ ਖੁਦ ਆਪਣੇ ਸਮੇਤ, 'ਸਿੰਘ' (ਭਾਵ 'ਸ਼ੇਰ') ਦਾ ਖ਼ਿਤਾਬ ਦੇ ਕੇ 'ਖਾਲਸਾ' ਸਜਾ ਦਿੱਤਾ:

ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ। *(ਵਾਰ ੪੧:੧)*

ਗੁਲਾਮ ਮੁਹੱਈਉਦੀਨ ਦੇ ਕਥਨ ਅਨੁਸਾਰ, ਸਰਕਾਰੀ ਪੱਤਰ-ਪ੍ਰੇਰਕ ਦੀ ਅੱਖੀਂ-ਡਿੱਠੀ ਗਵਾਹੀ ਦੇ ਮੁਤਾਬਕ, ਉਸ ਦਿਨ ਹਜ਼ਾਰਾਂ ਹੋਰ ਲੋਕ, ਉਨ੍ਹਾਂ ਦੀ ਮਿਸਾਲ ਮਗਰ ਚਲਦੇ ਹੋਏ, ਇਹ 'ਪਾਹੁਲ' ਛਕ ਕੇ ਤਿਆਰ-ਬਰ-ਤਿਆਰ ਹੋ ਗਏ। (Macauliffe, The Sikh Religion, London-1909, vol. V, pp. 93-97)

ਸਤਿਗੁਰੂ ਜੀ ਨੇ ਉਨ੍ਹਾਂ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾ ਕੇ ਉਨ੍ਹਾਂ ਦੇ ਹਿਰਦਿਆਂ ਵਿਚ ਇਕ ਅਗੰਮੀ ਰੂਹ ਫੂਕ ਦਿੱਤੀ। ਉਨ੍ਹਾਂ ਦੇ ਤਨ-ਮਨ ਨੂੰ ਭਗਤੀ ਤੇ ਸ਼ਕਤੀ ਦੀ ਪੁੱਠ ਚੜ੍ਹਾ ਕੇ, 'ਦੇਗ-ਤੇਗ ਫਤਹ' ਦਾ ਨਿਸ਼ਾਨਾ ਬਖਸ਼ ਕੇ, ਇਕ ਨਵੇਂ ਤੇ ਅਨੂਠੇ 'ਪੰਥ' ਦੀ ਪੱਕੀ-ਪੀਡੀ ਨੀਂਹ ਰੱਖ ਦਿੱਤੀ:

ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ। *(ਵਾਰ ੪੧:੧੫)*

ਫਿਰ ਇਸ 'ਪੰਥ' ਦੇ 'ਪਾਂਧੀਆਂ' ਵਿਚ ਧਾਰਮਿਕ ਪਵਿੱਤਰਤਾ, ਸਦਾਚਾਰਕ

* ੬੦੫, ਸੈਕਟਰ-੧੬-ਡੀ, ਚੰਡੀਗੜ੍ਹ। ਮੋ: ੯੪੧੭੨-੨੭੬੦੫

ਸੁਹਿਰਦਤਾ, ਸਰੀਰਕ ਵਿਲੱਖਣਤਾ, ਸਮਾਜਿਕ ਸੁਤੰਤਰਤਾ ਤੇ ਰਾਜਨੀਤਿਕ ਸਥਿਰਤਾ ਲਿਆਉਣ ਲਈ ਇਕ ਆਦਰਸ਼ਕ ਜ਼ਾਤੀ ਤੇ ਜਮਾਤੀ ਰਹਿਤ-ਮਰਯਾਦਾ (Code of conduct) ਵੀ ਨਿਯਤ ਕਰ ਦਿੱਤੀ।

ਉਨ੍ਹਾਂ ਨੂੰ ਸਭ ਤੋਂ ਨਿਆਰੇ ਦਿੱਸਣ ਤੇ ਇੱਕੋ ਲੜੀ ਵਿਚ ਪਰੁਚੇ ਰਹਿਣ ਲਈ, ਇਕ ਵਿਕੱਲਿੱਤਰੀ ਵਰਦੀ ਵੀ ਬਖਸ਼ਿਸ਼ ਕਰ ਦਿੱਤੀ ਜਿਸ ਬਾਰੇ ਆਖਿਆ ਕਿ ਅੱਗੋਂ ਤੋਂ 'ਸਿੱਖ' ਦੀ ਨਿਸ਼ਾਨੀ ਇਹ ਪੰਜ 'ਕਕਾਰ'' ਹੋਣਗੇ:

ਨਿਸ਼ਾਨੇ ਸਿੱਖੀ, ਈਂ ਪੰਜ ਹਰਫ਼ ਕਾਫ਼;
ਕਿ ਹਰਗਿਜ਼ ਨਾ ਬਾਸ਼ੰਦੇ, ਈਂ ਪੰਜ ਮੁਆਫ਼।
ਕੜਾ, ਕਾਰਦੋ, ਕੱਛ, ਕੰਘਾ ਬਿਦਾਂਅ,
ਬਿਨਾਂ ਕੇਸ ਹੋਰ ਅੰਦ, ਜੁਮਲਾ ਨਿਸ਼ਾਂ।

ਜਿਨ੍ਹਾਂ ਦੀ 'ਛੋਟ' ਕਦੇ ਵੀ ਨਹੀਂ ਦਿੱਤੀ ਜਾ ਸਕੇਗੀ: ਕੜਾ, ਕਿਰਪਾਨ, ਕਛਹਿਰਾ, ਕੰਘਾ ਤੇ ਕੇਸ: ਗੁਰੂ ਪਾਤਸ਼ਾਹ ਜੀ ਨੇ ਜਿਥੇ 'ਕੜੇ' ਨੂੰ ਪਰਤੱਗਿਆ ਅਤੇ ਕਿਰਪਾਨ ਨੂੰ ਉਪਕਾਰ ਤੇ ਸਵੈ-ਰੱਖਿਆ ਦਾ ਚਿੰਨ੍ਹ ਨਿਯਤ ਕੀਤਾ; ਉਥੇ 'ਕਛਹਿਰੇ' ਨੂੰ ਆਚਰਣਕ ਤੇ 'ਕੰਘੇ' ਨੂੰ ਸਰੀਰਕ ਸੁੱਚਮ ਦੇ ਸੰਕੇਤ ਹੋਣ ਦਾ ਮਾਣ ਦਿੱਤਾ। 'ਕੇਸਾਂ' ਬਾਰੇ ਦਿੱਤੀ ਇਸ ਖਾਸ ਹਦਾਇਤ ਤੋਂ ਜਾਪਦਾ ਹੈ ਕਿ ਸਤਿਗੁਰੂ ਜੀ ਨੇ ਇਸ ਜਮਾਂਦਰੂ ਤੇ ਸਦੀਵੀ ਚਿੰਨ੍ਹ ਨੂੰ ਰੱਬੀ ਰਜ਼ਾ ਲਈ ਰਜ਼ਾਮੰਦੀ, ਕੌਮੀ ਸਪਿਰਿਟ ਦੀ ਕਸਵੱਟੀ ਤੇ ਪੰਥਕ ਜਥੇਬੰਦੀ ਦੀ ਗਾਰੰਟੀ ਮਿਥਿਆ।

ਫਿਰ ਅਜਿਹੀ ਵਿਲੱਖਣ ਵਰਦੀ ਪਹਿਨਣ ਵਾਲੇ ਸੰਤ-ਸਿਪਾਹੀਆਂ ਲਈ ਜੋ ਆਦਰਸ਼ ਨਿਯਤ ਕੀਤਾ, ਉਹ ਵੀ ਇਸ ਗੱਲ ਦਾ ਗਵਾਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬਾਹਰਲੇ ਚਿੰਨ੍ਹ ਧਾਰਨ ਕਰਨ ਵਾਲਿਆਂ ਨੂੰ ਅੰਦਰਲੇ ਦੈਵੀ ਗੁਣ ਵਿਕਸਾਉਣ ਲਈ ਵੀ ਬੜੀ ਭਰਵੀਂ ਤਾਕੀਦ ਕੀਤੀ। ਉਨ੍ਹਾਂ ਭਾਣੇ ਅਸਲ 'ਖਾਲਸਾ' ਅਖਵਾਉਣ ਦਾ ਹੱਕਦਾਰ ਹੀ ਉਹ ਹੈ ਜੋ-

ਜਾਗਤ ਜੋਤ ਜਪੇ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਐਨ।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ, ਮੜੀ, ਮਟ ਭੂਲ ਨ ਮਾਨੈ।
ਤੀਰਥ, ਦਾਨ, ਦਯਾ, ਤਪੁ, ਸੰਜਮੁ, ਏਕ ਬਿਨਾ ਨਹਿ ਏਕ ਪਛਾਨੈ।
ਪੂਰਨ ਜੋਤਿ ਜਗੈ ਘਟ ਮੈ ਤਬ, ਖਾਲਸ ਤਾਹਿ ਨਖ਼ਾਲਸ ਜਾਨੈ।

(ਤ੍ਰ ਸਵੱਯੇ ਪਾ: ੧੦)

ਇਸ ਤਰ੍ਹਾਂ, ਉਸ ਨੂੰ ਇਕ ਆਦਰਸ਼ਕ ਜੀਵਨ-ਜਾਚ ਦੱਸਦਿਆਂ ਫ਼ਰਮਾਇਆ ਹੈ: ''ਉਹ ਘਰ ਨੂੰ ਜੰਗਲ ਸਮਝ ਕੇ, ਦਿਲੋਂ ਸਾਧੂ ਬਣੇ। ਰੱਬ ਦੀ ਯਾਦ ਵਿਚ ਰਹਿੰਦਿਆਂ, ਸ਼ੁਭ ਗੁਣ ਗ੍ਰਹਿਣ ਕਰਦਿਆਂ ਅਤੇ ਆਪਣੇ ਕਾਰ-ਵਿਹਾਰ ਵਿਚ ਵਿਚਰਦਿਆਂ, ਉਹ ਨੇਕੀ, ਪਿਆਰ ਤੇ ਪਰਉਪਕਾਰ ਦਾ ਜੀਵਨ ਬਤੀਤ ਕਰੇ:''

ਰੇ ਮਨ ! ਐਸੋ ਕਰ ਸੰਨਿਆਸਾ।

ਬਨ ਸੇ ਸਦਨ ਸਬੈ ਕਰਿ ਸਮਝਹੁ, ਮਨ ਹੀ ਮਾਹਿ ਉਦਾਸਾ। ੧। ਰਹਾਉ।
ਜਤ ਕੀ ਜਟਾ, ਜੋਗ ਕੋ ਮਜਨੁ, ਨੇਮ ਕੋ ਨਖਨ ਬਢਾਓ।
ਗਿਆਨ ਗੁਰੂ, ਆਤਮ ਉਪਦੇਸਹੁ, ਨਾਮ ਬਿਭੂਤ ਲਗਾਓ।
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ, ਛਿਮਾ, ਤਨ ਪ੍ਰੀਤਿ।
ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤ।
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ।
ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ।

(ਰਾਮਕਲੀ, ਪਾਤਿਸ਼ਾਹੀ ੧੦)

ਅਜਿਹੀ ਵਰਦੀ, ਆਦਰਸ਼ ਤੇ ਜੀਵਨ-ਜਾਚ ਦੇ ਪੰਧਾਊਆਂ ਲਈ, ਪਰਉਪਕਾਰ ਤੇ ਸਵੈ-ਰੱਖਿਆ ਨੂੰ ਮੁੱਖ ਰੱਖਦਿਆਂ, ਸ਼ਸਤਰਬੱਧ ਤੇ ਤਿਆਰ-ਬਰ-ਤਿਆਰ ਰਹਿਣਾ ਜ਼ਰੂਰੀ ਦੱਸਿਆ। ਸ਼ਸਤਰਾਂ ਦੀ ਲੋੜ ਤੇ ਮਹੱਤਤਾ ਦਾ ਜ਼ਿਕਰ ਕਰਦਿਆਂ ਤਾਂ ਦਸਮੇਸ਼ ਪਿਤਾ ਨੇ ਫਿਰ ਇਥੋਂ ਤਕ ਆਖ ਦਿੱਤਾ:

ਅਸਿ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ।
ਸੈਫ ਸਰੋਹੀ ਸੈਹਥੀ, ਇਹੈ ਹਮਾਰੈ ਪੀਰ। (ਸ਼ਸਤ੍ਰਨਾਮਾ ਮਾਲਾ, ਬੰਦ ਨੰ. ੩)

ਫਿਰ ਇਹ ਕੁਝ ਤੇ ਇੰਨਾ ਕੁਝ ਆਖ ਕੇ ਵੀ ਬਸ ਨਹੀਂ ਕੀਤੀ। ਅਜਿਹਾ ਵਿਲੱਖਣ ਰੂਪ ਤੇ ਰਹਿਤ-ਮਰਯਾਦਾ ਦੇਣ ਵਾਲੇ 'ਮਰਦ ਅਗੰਮੜੇ' ਨੇ ਆਪਣੀ ਮੁਬਾਰਕ 'ਜ਼ਾਤ' ਨੂੰ ਆਪੇ ਪੈਦਾ ਕੀਤੀ ਇਸ ਅਨੋਖੀ 'ਜਮਾਤ' ਵਿਚ 'ਅਭੇਦ' ਕਰਦਿਆਂ, ਇਹ ਵੀ ਸਪਸ਼ਟ ਕਰ ਦਿੱਤਾ ਕਿ ਜੇ ਕੋਈ ਜਦੋਂ ਵੀ ਇਸ ਉੱਤੇ ਸੱਚੇ ਦਿਲੋਂ ਅਮਲ ਕਰੇਗਾ, ਉਹ ਨਾ ਕੇਵਲ ਮੇਰਾ ਸਿੱਖ ਅਖਵਾਉਣ ਦਾ ਹੀ ਹੱਕਦਾਰ ਹੋਵੇਗਾ, ਸਗੋਂ ਮੈਂ ਉਸ ਨੂੰ ਆਪਣਾ 'ਠਾਕੁਰ' ਤੇ ਆਪਣੇ ਆਪ ਨੂੰ ਉਸ ਦਾ 'ਚੇਲਾ' ਅਖਵਾਉਣ ਵਿਚ ਵੀ ਮਾਣ ਮਹਿਸੂਸ ਕਰਾਂਗਾ:

ਰਹਿਣੀ ਰਹਹਿ, ਸੋਈ ਸਿਖ ਮੇਰਾ,
ਉਹ ਠਾਕੁਰ, ਮੈਂ ਉਸ ਕਾ ਚੇਰਾ।

ਇਉਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੭੫੬ ਬਿਕ੍ਰਮੀ ਦੀ ਪਹਿਲੀ ਵੈਸਾਖ ਨੂੰ, ਸ਼ਿਵਾਲਕ ਦੀ ਰਮਣੀਕ ਗੋਦੀ ਵਿਚ, ਅਜਿਹੀ ਰਹਿਣੀ-ਬਹਿਣੀ ਵਾਲੇ ਸੰਤ-ਸਿਪਾਹੀਆਂ ਦੀ ਇਕ ਅਜਿਹੀ ਕੌਮ ਤਿਆਰ ਕਰ ਦਿੱਤੀ ਜੋ ਤਨ ਤੇ ਮਨ ਕਰਕੇ ਇਕਸੁਰ ਸੀ, ਜੋ ਖ਼ਿਆਲੀ ਤੇ ਅਮਲੀ ਤੌਰ 'ਤੇ ਇਕਮੁਠ ਸੀ ਅਤੇ ਜੋ ਆਪਣੇ ਸੰਚਾਲਕ ਨਾਲ ਵੀ ਆਤਮਿਕ ਤੇ ਸਰੀਰਕ ਤੌਰ 'ਤੇ ਇਕਮਿਕ ਸੀ।

ਇਸੇ ਦੀ ਸਹਾਇਤਾ ਨਾਲ 'ਆਪੇ ਗੁਰ ਚੇਲਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਦੇਸ਼ੀ ਰਾਜ ਦਾ ਜਬਰ ਉਖਾੜਨ ਤੇ ਦੇਸੀ ਸਮਾਜ ਦੀ ਨੀਂਦ ਉਘਾੜਨ ਲਈ ਵਧੇਰੇ ਉਤੇਜਿਤ ਤੇ ਉਤਸ਼ਾਹਿਤ ਹੋ ਕੇ ਲੱਕ ਬੰਨ੍ਹ ਲਿਆ; ਹਿੰਦੁਸਤਾਨ ਦੀ ਸ਼ਖ਼ਸੀ, ਸਮਾਜਿਕ, ਮਾਨਸਿਕ, ਆਰਥਿਕ, ਸਭਿਆਚਾਰਕ ਤੇ ਰਾਜਨੀਤਿਕ ਅਰਥਾਤ ਹਰ ਪ੍ਰਕਾਰ ਦੀ

ਗ਼ੁਲਾਮੀ ਨੂੰ ਹਟਾਉਣ ਦਾ ਬੀੜਾ ਚੁੱਕ ਲਿਆ।

ਇਸ ਐਲਾਨ ਤੇ ਉਤੇਜਨਾ ਦਾ ਨਤੀਜਾ ਇਹ ਨਿਕਲਿਆ ਕਿ ਕਈ ਪੀੜ੍ਹੀਆਂ ਤੋਂ ਲਿਤੜੀਂਦੇ ਜਨ-ਸਾਧਾਰਨ ਵਿਚ ਇਕ ਇਨਕਲਾਬੀ ਪਲਟਾ ਆ ਗਿਆ। ਖੰਡੇ ਦੀ ਪਾਹੁਲ ਨੇ ਉਨ੍ਹਾਂ ਵਿਚ ਕੋਈ ਗ਼ੈਬੀ ਤੇ ਅਦੁੱਤੀ ਸ਼ਕਤੀ ਭਰ ਦਿੱਤੀ। ''ਬਾਦਸ਼ਾਹ ਦਰਵੇਸ਼'' ਦੀ ਸਿੱਖਿਆ ਤੇ ਸੰਦੇਸ਼ ਨੇ ਉਨ੍ਹਾਂ ਦੇ ਸੁਭਾਅ, ਕਰਮ ਤੇ ਆਚਰਨ ਬਦਲ ਕੇ, ਖੱਤਰੀ ਤੇ ਬ੍ਰਾਹਮਣ ਦੀ ਮੁਥਾਜੀ ਹਟਾ ਕੇ; ਜੀਣ-ਮਰਨ ਦੀ ਜਾਚ ਸਿਖਾ ਕੇ, ਉਨ੍ਹਾਂ ਨੂੰ ਅਜਿਹੇ ਸੁਤੰਤਰ (the all-free) ਤੇ ਸੰਪੂਰਨ ਮਨੁੱਖ (the whole man) ਬਣਾ ਦਿੱਤਾ ਕਿ ਹੁਣ ਉਹ ਵੀ 'ਮੌਤ ਨਾਲ ਮਖੌਲਾਂ' ਕਰਦਿਆਂ ਹੋਇਆਂ ਦਾਨਵ-ਸ਼ਕਤੀਆਂ ਨਾਲ ਲੋਹਾ ਲੈਣ ਲਈ ਉਤਸ਼ਾਹਿਤ ਹੋ ਗਏ। ਪ੍ਰਭੂ ਦੀ ਕਿਰਪਾ ਤੇ ਗੁਰੂ ਦੀ ਮਿਹਰ ਸਦਕਾ, ਉਨ੍ਹਾਂ ਵਿੱਚੋਂ ਇੱਕ-ਇੱਕ ਯੋਧਾ ਸਵਾ-ਸਵਾ ਲੱਖ ਨਾਲ ਟੱਕਰ ਲੈਣ ਦੇ ਸਮਰੱਥ ਹੋ ਗਿਆ। ਉਨ੍ਹਾਂ ਨੇ ਬਾਹਰਲੇ ਤਾਂ ਕੀ ਅੰਦਰਲੇ ਵੈਰੀਆਂ ਨੂੰ ਵੀ ਕਾਬੂ ਵਿਚ ਰੱਖਣ ਲਈ 'ਕਾਮ' ਨੂੰ ਗ੍ਰਿਹਸਥ, 'ਕ੍ਰੋਧ' ਨੂੰ ਬੀਰਤਾ, 'ਲੋਭ' ਨੂੰ ਕਿਰਤ, 'ਮੋਹ' ਨੂੰ ਉਪਕਾਰ ਤੇ 'ਹੰਕਾਰ' ਨੂੰ ਸਵੈਮਾਨ ਵਿਚ ਢਾਲ ਲਿਆ।

ਇਉਂ ਆਤਮਿਕ ਅਤੇ ਸਰੀਰਕ ਤੌਰ 'ਤੇ ਤਿਆਰ-ਬਰ-ਤਿਆਰ ਹੋ ਕੇ; ਮਾਨਵ-ਪਿਆਰ, ਸਵੈਤਿਆਗ ਤੇ ਪਰਉਪਕਾਰ ਦਾ ਆਦਰਸ਼ ਲੈ ਕੇ, ਉਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਭਵਿੱਖਬਾਣੀ ਨੂੰ ਸਚਿਆਉਣ ਦਾ ਪ੍ਰਣ ਨਿਭਾਉਣ, ਦੇਸ਼ ਦੀ ਲੋਕਾਈ ਉੱਪਰ ਸਦੀਆਂ ਤੋਂ ਲੱਗੀਆਂ ਬੰਦਸ਼ਾਂ ਹਟਾਉਣ; ਜ਼ਾਲਮ ਰਾਜ-ਕਾਜ ਨੂੰ ਮਾਰ-ਮੁਕਾਉਣ ਅਤੇ ਨਵਾਂ ਤੇ ਨਰੋਆ ਸਮਾਜ ਉਪਜਾਉਣ ਲਈ, ਉਸ ਮਰਦ-ਅਗੰਮੜੇ ਦੀ ਕਮਾਨ ਹੇਠ ਜੁੜ ਗਏ ਜਿਸ ਨੂੰ ਭਾਈ ਨੰਦ ਲਾਲ ਜੀ ਨੇ 'ਸਰਬ ਕਲਾ ਸਮਰਥ' ਤੇ 'ਨਿਓਟਿਆਂ ਦੀ ਓਟ' ਆਖਿਆ ਹੈ:

ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ, ਬੇਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ॥

(ਭਾਈ ਨੰਦ ਲਾਲ ਜੀ)

ਅਤਿਆਚਾਰੀ ਮੁਗਲ ਸਰਕਾਰ ਨੇ ਉਨ੍ਹਾਂ ਦੇ ਇਸ ਪ੍ਰੋਗਰਾਮ ਨੂੰ ਧ੍ਰੋਹ ਤੇ ਬਗ਼ਾਵਤ ਸਮਝਿਆ; ਦੇਸੀ ਰਜਵਾੜਿਆਂ ਨੇ ਇਸ ਵਿਚ ਆਪਣੇ ਵਕਾਰ ਤੇ ਰਾਜ-ਭਾਗ ਦਾ ਅੰਤ ਮਹਿਸੂਸ ਕੀਤਾ ਅਤੇ ਧਰਮ ਤੇ ਸਮਾਜ ਨੂੰ ਆਪਣੀ ਥਾਂ ਪਿੱਸੂ ਪੈ ਗਏ। ਖਿੱਚਾ-ਖਿੱਚੀ ਤੇ ਮੁੱਠ-ਭੇੜ ਤੇਜ਼ ਹੋ ਗਈ। ਭਿਆਨਕ ਲੜਾਈਆਂ ਦਾ ਸਿਲਸਿਲਾ ਸ਼ੁਰੂ ਹੋ ਪਿਆ। ਗੁਰਦੇਵ ਤੇ ਉਨ੍ਹਾਂ ਦੇ ਸਿਰਕੱਢ ਸੰਤ-ਸਿਪਾਹੀਆਂ ਨੇ ਡਟ ਕੇ ਮੁਕਾਬਲੇ ਕੀਤੇ; ਪਿੱਠ ਨਾ ਵਿਖਾਈ: ਈਨ ਨਾ ਮੰਨੀ; ਅਤੇ ਭਰਪੂਰ ਚੜ੍ਹਦੀ-ਕਲਾ ਵਿਚ ਜੂਝਦੇ ਰਹੇ ਤੇ ਆਪਣੀਆਂ ਮੰਜ਼ਲਾਂ, ਹੇਠ-ਲਿਖੇ ਅਨੁਸਾਰ, ਤੈਅ ਕਰਦੇ ਅਤੇ ਫ਼ਤਹ ਦੇ ਦਮਾਮੇ ਵਜਾਉਂਦੇ ਰਹੇ:

ਇਸ ਤਰ੍ਹਾਂ ਸੇ ਤੈਅ ਕੀ ਹਮ ਨੇ ਮੰਜ਼ਲੇਂ,
ਗਿਰ ਪੜ੍ਹੇ, ਗਿਰ ਕਰ ਉਠੇ, ਫਿਰ ਚਲ ਦੀਏ।

■

੧੬੯੯ ਈ: ਦੀ ਵਿਸਾਖੀ ਨੂੰ ਸਥਾਪਤ ਕੀਤੇ ਗਏ ਸਿਧਾਂਤ

*-ਸ. ਸੁਖਦੇਵ ਸਿੰਘ ਸ਼ਾਂਤ**

ਇਤਿਹਾਸ ਕੇਵਲ ਘਟਨਾਵਾਂ ਦਾ ਸੰਗ੍ਰਹਿ ਨਹੀਂ ਹੁੰਦਾ। ਇਹ ਕਿਸੇ ਨਾ ਕਿਸੇ ਸਿਧਾਂਤ ਦੀ ਉਪਜ ਹੁੰਦਾ ਹੈ। ਦਸ਼ਮੇਸ਼ ਪਿਤਾ ਜੀ ਵਰਗੇ ਕੁਝ ਚਮਤਕਾਰੀ ਮਹਾਂਪੁਰਸ਼ ਇਸ ਧਰਤੀ 'ਤੇ ਆ ਕੇ ਸਿਧਾਂਤ ਨੂੰ ਸਿਰਜਦੇ ਹਨ ਜਿਨ੍ਹਾਂ ਤੋਂ ਇਤਿਹਾਸ ਉਪਜਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ੧੭੫੬ ਬਿਕ੍ਰਮੀ ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਉਨ੍ਹਾਂ ਸਿਧਾਂਤਾਂ ਨੂੰ ਪ੍ਰਪੱਕ ਰੂਪ ਵਿਚ ਸਿਰਜਿਆ ਤੇ ਸਥਾਪਤ ਕੀਤਾ ਜੋ ਬੀਜ-ਰੂਪ ਵਿਚ ਆਪ ਜੀ ਨੂੰ ਮਹਾਨ ਵਿਰਾਸਤ ਵਿੱਚੋਂ ਮਿਲੇ ਸਨ। ਉਨ੍ਹਾਂ ਸਿਧਾਂਤਾਂ ਨੂੰ ਅਸੀਂ ਮੁੱਖ ਰੂਪ ਵਿਚ ਹੇਠ ਲਿਖੇ ਅਨੁਸਾਰ ਦਰਸਾ ਸਕਦੇ ਹਾਂ:

(ੳ) ਸ਼ਕਤੀ ਦਾ ਵਿਕੇਂਦਰੀਕਰਣ
(ਅ) ਲੋਕਤੰਤਰੀ ਢਾਂਚੇ ਦੀ ਸਥਾਪਨਾ
(ੲ) ਭਗਤੀ ਅਤੇ ਸ਼ਕਤੀ ਦਾ ਸੁਮੇਲ
(ਸ) ਸਭਿਆਚਾਰਕ ਸੁਤੰਤਰਤਾ ਦਾ ਆਦਰਸ਼
(ਹ) ਨੈਤਿਕਤਾ 'ਤੇ ਜ਼ੋਰ

ਹੁਣ ਅਸੀਂ ਵਾਰੀ-ਵਾਰੀ ਉਪਰੋਕਤ ਸਿਧਾਂਤਾਂ ਨੂੰ ਵਿਚਾਰਾਂਗੇ ਤਾਂ ਕਿ ੧੭੫੬ ਬਿਕ੍ਰਮੀ ਦੀ ਵਿਸਾਖੀ ਦੇ ਸਿਧਾਂਤਕ ਮਹੱਤਵ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕੇ।

(ੳ) ਸ਼ਕਤੀਆਂ ਦਾ ਵਿਕੇਂਦਰੀਕਰਣ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ਖਸੀ ਗੁਰਿਆਈ ਚਲੀ ਆ ਰਹੀ ਸੀ ਭਾਵੇਂ ਸ਼ਬਦ-ਗੁਰੂ ਦੇ ਸਿਧਾਂਤ 'ਤੇ ਸ਼ੁਰੂ ਤੋਂ ਹੀ ਜ਼ੋਰ ਦਿੱਤਾ ਜਾ ਰਿਹਾ ਸੀ। ਕਈ ਵਾਰ ਤਾਂ ਇਉਂ ਜਾਪਦਾ ਹੈ ਕਿ ਸਦੀਆਂ ਤੋਂ ਚਲੀ ਆ ਰਹੀ ਸ਼ਖ਼ਸੀ ਗੁਰਤਾ ਦੀ ਪਰੰਪਰਾ ਨੂੰ ਤੋੜਨ ਲਈ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨੌਂ ਜਾਮੇ ਹੋਰ ਧਾਰਨ ਕਰਨੇ ਪਏ ਕਿਉਂਕਿ ਸ਼ਬਦ-ਗੁਰੂ ਦਾ ਸੰਕਲਪ ਲੋਕਾਂ ਦੇ ਮਨਾਂ ਵਿਚ ਬਿਠਾਉਣ ਲਈ ਲੰਮਾ ਵਕਤ ਚਾਹੀਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਿੱਖ ਧਰਮ ਦਾ ਵਿਕਾਸ ਬਹੁਤ ਹੋ ਚੁੱਕਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੋ ਚੁੱਕੀ ਸੀ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ ਹੋ ਚੁੱਕੀ ਸੀ ਅਤੇ ਮੀਰੀ-ਪੀਰੀ ਦੇ ਸੰਕਲਪ ਨੂੰ ਅਮਲੀ ਰੂਪ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਵੀ ਹੋ ਗਈ ਸੀ। ਧਰਮਸਾਲ ਅਤੇ ਸੰਗਤ ਦੇ ਸਿਧਾਂਤ ਅਮਲੀ ਰੂਪ ਗ੍ਰਹਿਣ ਕਰ ਚੁੱਕੇ ਸਨ। ਬਾਈ ਮੰਜੀਆਂ ਦੀ ਸਥਾਪਨਾ ਹੋ ਗਈ ਸੀ। ਸ਼ਹਾਦਤਾਂ ਦਾ ਖਜ਼ਾਨਾ ਵੀ ਤਿਆਰ ਸੀ। ਸ੍ਰੀ

* # ੩੬-ਬੀ, ਰਤਨ ਨਗਰ, ਪਟਿਆਲਾ।

ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ ਹੋ ਚੁੱਕੀਆਂ ਸਨ। ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸ਼ਹੀਦ ਹੋ ਚੁੱਕੇ ਸਨ। ਛੇਵੇਂ ਗੁਰੂ ਜੀ ਵੱਲੋਂ ਕੀਤੇ ਯੁੱਧਾਂ ਵਿਚ ਵੀ ਸਿੱਖ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਸਨ।

ਇਸ ਤਰ੍ਹਾਂ ਉਪਰੋਕਤ ਸਾਰੇ ਕੁਝ ਨੇ ਖਾਲਸਾ ਪੰਥ ਹੱਥ ਸ਼ਕਤੀ ਦੇਣ ਦਾ ਰਾਹ ਪੱਧਰਾ ਕਰ ਦਿੱਤਾ ਹੋਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਉਣ ਦਾ ਭਾਵ ਗੁਰ-ਦੀਖਿਆ ਦੇਣ ਦਾ ਅਧਿਕਾਰ ਸੌਂਪ ਦਿੱਤਾ। ਗੁਰ-ਦੀਖਿਆ ਦੇਣ ਦਾ ਅਧਿਕਾਰ ਦੇ ਕੇ ਗੁਰੂ ਜੀ ਨੇ ਸ਼ਕਤੀਆਂ ਦਾ ਅਮਲੀ ਤੌਰ 'ਤੇ ਵਿਕੇਂਦਰੀਕਰਣ ਕਰ ਦਿੱਤਾ। ਪੰਜ ਪਿਆਰਿਆਂ ਅਤੇ ਖਾਲਸਾ ਪੰਥ ਨੂੰ ਫੈਸਲੇ ਕਰਨ ਦਾ ਅਧਿਕਾਰ ਵੀ ਗੁਰੂ ਜੀ ਨੇ ਸੌਂਪ ਦਿੱਤਾ।

ਚਮਕੌਰ ਦੀ ਗੜ੍ਹੀ ਵਿਚ ਜਦੋਂ ਗੁਰੂ ਜੀ ਆਪਣੇ ਸਾਥੀ ਸਿੰਘਾਂ ਦੇ ਨਾਲ ਮੁਗ਼ਲ ਫੌਜਾਂ ਦੇ ਘੇਰੇ ਵਿਚ ਆ ਗਏ ਤਾਂ ਸਿੰਘਾਂ ਨੇ ਚਾਹਿਆ ਕਿ ਗਰੀਬਾਂ ਅਤੇ ਮਜ਼ਲੂਮਾਂ ਦੇ ਰਾਖੇ ਦਸਮੇਸ਼ ਪਿਤਾ ਜੀ ਹਰ ਹਾਲਤ ਵਿਚ ਉਥੋਂ ਸਹੀ-ਸਲਾਮਤ ਨਿਕਲਣੇ ਚਾਹੀਦੇ ਹਨ। ਪੰਜ ਸਿੰਘਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਜੀ ਨੂੰ ਗੜ੍ਹੀ ਛੱਡਣ ਦਾ ਹੁਕਮ ਦਿੱਤਾ। ਭਾਵੇਂ ਗੁਰੂ ਜੀ ਇਸ ਖ਼ਤਰੇ ਸਮੇਂ ਸਿੰਘਾਂ ਨੂੰ ਛੱਡ ਕੇ ਬਿਲਕੁਲ ਨਹੀਂ ਜਾਣਾ ਚਾਹੁੰਦੇ ਸਨ ਫਿਰ ਵੀ ਗੁਰੂ ਸਾਹਿਬ ਜੀ ਨੇ ਪੰਜ ਪਿਆਰਿਆਂ ਦਾ ਹੁਕਮ ਮੰਨਿਆ। ਇਸ ਤਰ੍ਹਾਂ ਗੁਰੂ ਜੀ ਨੇ ਅਮਲੀ ਰੂਪ ਵਿਚ ਖਾਲਸਾ ਪੰਥ ਨੂੰ ਗੁਰਿਆਈ ਦੀ ਬਖਸ਼ਿਸ਼ ਕਰ ਦਿੱਤੀ ਅਤੇ ਸ਼ਕਤੀਆਂ ਦਾ ਬੜਾ ਸੁਹਣਾ ਵਿਕੇਂਦਰੀਕਰਣ ਕਰ ਦਿੱਤਾ।

ਸ਼ਕਤੀਆਂ ਦਾ ਵਿਕੇਂਦਰੀਕਰਣ ਹੁੰਦਿਆਂ ਹੋਇਆਂ ਵੀ ਕੇਂਦਰ-ਬਿੰਦੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਖੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਹੀ ਗੁਰੂ-ਪੰਥ ਨੇ ਆਪਣੇ ਫੈਸਲੇ ਕਰਨੇ ਸਨ। ਇਸ ਤਰ੍ਹਾਂ ਗੁਰੂ ਖਾਲਸਾ ਸੀ ਅਤੇ ਖਾਲਸਾ ਗੁਰੂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਕੇਂਦਰੀਕਰਣ ਅਤੇ ਕੇਂਦਰੀਕਰਣ ਦੇ ਇਸ ਇਕਮਿਕਤਾ ਭਰੇ ਸੁਮੇਲ ਨੂੰ ਆਪਣੇ ਸ਼ਬਦਾਂ ਵਿਚ ਇਉਂ ਦਰਸਾਇਆ:

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉ ਕਰਉ ਨਿਵਾਸ॥

(ਸਰਬਲੋਹ ਗ੍ਰੰਥ)

ਸ਼ਕਤੀਆਂ ਦਾ ਵਿਕੇਂਦਰੀਕਰਣ ਕੇਂਦਰ ਤੋਂ ਰਹਿਤ ਨਹੀਂ ਸੀ। ਇਹ ਵਿਕੇਂਦਰੀਕਰਣ ਕੇਂਦਰ ਦੇ ਅਨੁਸ਼ਾਸਨ ਵਿਚ ਸੀ। ਇਹ ਸੰਬੰਧ ਪਿਤਾ ਤੇ ਪੁੱਤਰਾਂ ਵਾਲਾ ਸੀ। ਪਿਤਾ ਅਧਿਕਾਰ ਵੀ ਰੱਖਦਾ ਸੀ ਅਤੇ ਪੁੱਤਰਾਂ ਨੂੰ ਖੁੱਲ੍ਹ ਵੀ ਦਿੰਦਾ ਸੀ। ਪੁੱਤਰ ਪਿਤਾ ਦੇ ਹੁਕਮ ਵਿਚ ਰਹਿੰਦਿਆਂ ਸ਼ਕਤੀਆਂ ਦੀ ਆਜ਼ਾਦੀ ਮਾਨਣ ਦੇ ਹੱਕਦਾਰ ਹੋ ਗਏ ਸਨ।

(ਅ) ਲੋਕਤੰਤਰੀ ਢਾਂਚੇ ਦੀ ਸਥਾਪਨਾ

ਲੋਕਤੰਤਰੀ ਢਾਂਚੇ ਦੀ ਸਥਾਪਨਾ ਲਈ ਪਹਿਲੀ ਸ਼ਰਤ ਸ਼ਕਤੀਆਂ ਦਾ ਵਿਕੇਂਦਰੀਕਰਣ ਹੀ ਹੁੰਦੀ ਹੈ। ਇਸ ਦੇ ਨਾਲ ਲੋਕਤੰਤਰ ਦਾ ਪਹਿਲਾ ਲੱਛਣ 'ਆਜ਼ਾਦੀ' ਪੂਰਾ ਹੁੰਦਾ ਹੈ।

ਲੋਕਤੰਤਰ ਦਾ ਦੂਜਾ ਵੱਡਾ ਲੱਛਣ ਹੁੰਦਾ ਹੈ 'ਬਰਾਬਰੀ'। ੧੭੫੬ ਬਿਕ੍ਰਮੀ ਦੀ ਵਿਸਾਖੀ ਤਾਂ ਬਰਾਬਰੀ ਦਾ ਇਕ ਪ੍ਰਤੀਕ ਹੈ। ਸਰਬ-ਲੋਹ ਦੇ ਇੱਕੋ ਬਾਟੇ ਵਿਚ ਇੱਕੋ ਖੰਡੇ ਨਾਲ ਅੰਮ੍ਰਿਤ ਤਿਆਰ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ। ਇਸ ਤੋਂ ਵੱਡੀ ਬਰਾਬਰੀ ਹੋਰ ਕੀ ਹੋ ਸਕਦੀ ਹੈ?

ਅੰਮ੍ਰਿਤ ਛਕਾਉਣ ਵਾਲੇ ਸਥਾਨ ਜਾਂ ਜਾਤ ਦਾ ਕੋਈ ਭੇਦ ਨਹੀਂ ਰੱਖਿਆ ਗਿਆ। ਭੇਦ-ਭਾਵ ਨੂੰ ਮਿਟਾਉਣ ਦੀ ਜੋ ਸਿੱਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਚਲੀ ਆ ਰਹੀ ਸੀ ਉਸ ਨੂੰ ਅਮਲੀ ਰੂਪ ਵਿਚ ਪ੍ਰਤੱਖ ਕਰ ਕੇ ਦਿਖਾ ਦਿੱਤਾ।

ਲੋਕਤੰਤਰ ਦਾ ਤੀਜਾ ਲੱਛਣ 'ਨਿਆਂ' ਹੁੰਦਾ ਹੈ। ਗੁਰੂ ਜੀ ਨੇ ਵਿਸ਼ਵਾਸ, ਦ੍ਰਿੜ੍ਹਤਾ ਅਤੇ ਸਿਦਕ ਦੀਆਂ ਯੋਗਤਾਵਾਂ ਨੂੰ ਸਿੱਖੀ ਦਾ ਆਧਾਰ ਬਣਾਇਆ। ਨਿਆਂ ਬਰਾਬਰੀ ਦੀ ਮੰਗ ਕਰਦਾ ਹੈ। ਨਿਆਂ ਯੋਗਤਾ ਦੀ ਕਦਰ ਕਰਨ ਦੀ ਮੰਗ ਕਰਦਾ ਹੈ। ਨਿਆਂ ਹਰ ਤਰ੍ਹਾਂ ਦੇ ਅਨਿਆਂ ਦੇ ਵਿਰੁੱਧ ਹੁੰਦਾ ਹੈ।

ਡਾ. ਸ਼ੇਰ ਸਿੰਘ ਜੀ ਆਪਣੀ ਪੁਸਤਕ Social and Political Philosophy of Guru Gobind Singh ਵਿਚ ਪੰਨਾ ੧੧ 'ਤੇ ਭਾਈਚਾਰੇ ਦਾ ਸਮਾਜਿਕ ਅਤੇ ਰਾਜਨੀਤਿਕ ਆਦਰਸ਼ 'ਅੰਤਰ ਰਾਸ਼ਟਰੀ ਭਾਈਚਾਰਾ' ਦੱਸਦੇ ਹੋਏ ਖਾਲਸਾ-ਪ੍ਰਬੰਧ ਦੇ ਸੰਵਿਧਾਨ ਦੀਆਂ ਤਿੰਨ ਮੁੱਢਲੀਆਂ ਕੀਮਤਾਂ ਬਰਾਬਰੀ (Equality), ਨਿਆਂ (Justice) ਅਤੇ ਆਜ਼ਾਦੀ (Liberty) ਨੂੰ ਦੱਸਦੇ ਹਨ।

ਸੁਕਰਾਤ ਨੇ ਆਪਣੇ ਆਪ ਨੂੰ ਰਾਜਾਂ, ਹੱਦਾਂ ਅਤੇ ਦੇਸ਼ਾਂ ਤੋਂ ਉੱਪਰ ਉਠਾਉਂਦੇ ਹੋਏ ਸੰਸਾਰ-ਨਾਗਰਿਕ (World Citizen) ਦਾ ਸਿਧਾਂਤ ਪੇਸ਼ ਕੀਤਾ ਸੀ। ਪ੍ਰੋ. ਪੂਰਨ ਸਿੰਘ ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਇਸ ਸਿਧਾਂਤ ਨੂੰ ਹੋਰ ਅੱਗੇ ਲਿਜਾਂਦੇ ਹੋਏ ਆਪਣੇ ਆਪ ਨੂੰ ਬ੍ਰਹਿਮੰਡੀ ਨਾਗਰਿਕ (Cosmic Citizen) ਦੱਸਦੇ ਹਨ। ਸੰਸਾਰ-ਨਾਗਰਿਕ ਦੇਸ਼ਾਂ ਦੀਆਂ ਹੱਦਾਂ ਨਹੀਂ ਮੰਨਦਾ। ਉਸ ਦੀ ਸੋਚ ਨਿਰਸੰਦੇਹ ਬੜੀ ਵਿਸ਼ਾਲ ਹੁੰਦੀ ਹੈ ਪਰ ਬ੍ਰਹਿਮੰਡ-ਨਾਗਰਿਕ ਦੀ ਸੋਚ ਉਸ ਤੋਂ ਵਿਸ਼ਾਲ ਹੈ ਜੋ ਦੇਸ਼ਾਂ ਤੋਂ ਅੱਗੇ ਬ੍ਰਹਿਮੰਡ ਦੀ ਗੱਲ ਕਰਦਾ ਹੈ।

ਜਦੋਂ ਮਨੁੱਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੇਠ ਲਿਖੇ ਫ਼ੁਰਮਾਨ ਨੂੰ ਅਪਣਾ ਲੈਂਦਾ ਹੈ ਉਹ ਸਹੀ ਅਰਥਾਂ ਵਿਚ ਬਰਾਬਰੀ ਅਤੇ ਨਿਆਂ ਨੂੰ ਅਮਲੀ ਰੂਪ ਦੇ ਦਿੰਦਾ ਹੈ। ਆਪ ਫ਼ਰਮਾਉਂਦੇ ਹਨ:

ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ। *(ਅਕਾਲ ਉਸਤਤਿ)*

ਵਿਸਾਖੀ ਰੂਹਾਨੀ ਲੋਕਤੰਤਰ ਦੀ ਨੀਂਹ ਉੱਤੇ ਖਾਲਸਾ-ਪੰਥ ਦੀ ਇਮਾਰਤ

ਉਸਾਰਦੀ ਹੈ। ਬਰਾਬਰੀ, ਨਿਆਂ ਅਤੇ ਆਜ਼ਾਦੀ ਇਮਾਰਤ ਦੇ ਥੰਮ ਵੀ ਹਨ ਅਤੇ ਗੁੰਬਦ ਵੀ।

(ਏ) ਭਗਤੀ ਅਤੇ ਸ਼ਕਤੀ ਦਾ ਸੁਮੇਲ

ਭਗਤੀ ਅਤੇ ਸ਼ਕਤੀ ਦਾ ਸੁਮੇਲ ਸੰਸਾਰ ਦੇ ਇਤਿਹਾਸ ਵਿਚ ਅਤੇ ਭਾਰਤ ਦੇ ਇਤਿਹਾਸ-ਮਿਥਿਹਾਸ ਵਿਚ ਦੇਖਣ ਨੂੰ ਆਮ ਮਿਲਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਕੀਤੇ ਗਏ ਯੁੱਧ ਉਹ ਇਤਿਹਾਸਕ ਮਿਸਾਲਾਂ ਹਨ ਜਿਨ੍ਹਾਂ ਦੀ ਹੋਂਦ ੧੭੫੬ ਬਿਕ੍ਰਮੀ ਦੀ ਵਿਸਾਖੀ ਤੋਂ ਪਹਿਲਾਂ ਹੀ ਮੌਜੂਦ ਸੀ। ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸ ਤੋਂ ਪਹਿਲਾਂ ਯੁੱਧ ਕਰ ਚੁੱਕੇ ਸਨ। ਇਸ ਲਈ ਜਦੋਂ ਗੁਰੂ ਜੀ ਨੇ ਖਾਲਸੇ ਨੂੰ ਕਿਰਪਾਨਧਾਰੀ ਬਣਾਇਆ ਤਾਂ ਉਹ ਪਹਿਲਾਂ ਤੋਂ ਚਲੀ ਆ ਰਹੀ ਭਗਤੀ-ਸ਼ਕਤੀ ਜਾਂ ਮੀਰੀ-ਪੀਰੀ ਦੀ ਪਰੰਪਰਾ ਨੂੰ ਹੀ ਅੱਗੇ ਤੋਰ ਰਹੇ ਸਨ।

ਦਸਮੇਸ਼ ਪਿਤਾ ਜੀ ਨੇ ਕਿਰਪਾਨ ਦੀ ਵਰਤੋਂ ਉਦੋਂ ਹੀ ਜਾਇਜ਼ ਦੱਸੀ ਹੈ ਜਦੋਂ ਬਾਕੀ ਸਾਰੀ ਹੀਲੇ ਮੁੱਕ ਜਾਣ। ਔਰੰਗਜ਼ੇਬ ਨੂੰ ਲਿਖੇ ਪੱਤਰ 'ਜ਼ਫ਼ਰਨਾਮਾ' ਵਿਚ ਗੁਰੂ ਜੀ ਲਿਖਦੇ ਹਨ:

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜਸ਼ਤ।
ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।

ਕਿਰਪਾਨ ਦੀ ਵਰਤੋਂ ਤਾਂ ਆਖਰੀ ਹੀਲਾ ਹੈ। ਜਦੋਂ ਜ਼ਾਲਮ ਏਨੀ ਅੱਤ ਚੁੱਕ ਲਵੇ ਕਿ ਉਸ 'ਤੇ ਸ਼ਾਂਤਮਈ ਤਰੀਕੇ ਨਾਲ ਦਿੱਤੀਆਂ ਸ਼ਹਾਦਤਾਂ (ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ) ਦਾ ਵੀ ਕੋਈ ਅਸਰ ਨਾ ਹੋਵੇ ਅਤੇ ਉਹ ਪੱਥਰ-ਦਿਲ ਹੋ ਜਾਵੇ ਤਾਂ ਉਸ ਦੇ ਟਾਕਰੇ ਲਈ ਕਿਰਪਾਨ ਵਰਤਣੀ ਜਾਇਜ਼ ਹੈ। ਪ੍ਰੋ. ਪ੍ਰੀਤਮ ਸਿੰਘ ਆਪਣੀ ਪੁਸਤਕ 'ਦਾਰਸ਼ਨਿਕ ਸਿੱਖ ਇਤਿਹਾਸ' ਦੇ ਪੰਨਾ ੨੦੯ 'ਤੇ ਲਿਖਦੇ ਹਨ, "ਸਿੱਖ ਤਲਵਾਰ ਹਮੇਸ਼ਾਂ ਸ੍ਵੈ-ਮਾਣ ਦੀ ਜ਼ਿੰਦਗੀ ਤੇ ਪੂਰਨ ਧਾਰਮਿਕ ਆਜ਼ਾਦੀ ਲਈ ਫੜਦੇ ਹਨ। ਇਹ ਸਿਰਫ ਦੋ ਮੌਕਿਆਂ 'ਤੇ ਤਲਵਾਰ ਫੜਦੇ ਹਨ (੧) ਸ੍ਵੈ-ਰੱਖਿਆ ਅਤੇ (੨) ਦੀਨਾਂ ਦੀ ਰੱਖਿਆ।" ਇਸੇ ਪੰਨੇ 'ਤੇ ਆਪ ਬਹੁਤ ਸੁੰਦਰ ਸ਼ਬਦਾਂ ਵਿਚ ਲਿਖਦੇ ਹਨ, "ਖਾਲਸੇ ਦੀ ਤਲਵਾਰ ਤਲਵਾਰ ਘੱਟ ਹੈ ਅਤੇ ਢਾਲ ਬਹੁਤੀ ਹੈ।" ਖਾਲਸੇ ਦੀ ਤਲਵਾਰ ਜਾਂ ਕਿਰਪਾਨ ਹਮਲਾ ਕਰਨ ਲਈ, ਜ਼ੁਲਮ ਕਰਨ ਲਈ ਜਾਂ ਜ਼ਮੀਨ-ਜਾਇਦਾਦ ਦੱਬਣ ਜਾਂ ਖੋਹਣ ਲਈ ਨਹੀਂ ਹੈ।

ਖਾਲਸਾ ਕੇਵਲ ਸਿਪਾਹੀ ਹੀ ਨਹੀਂ, ਉਹ ਸੰਤ ਵੀ ਹੈ। ਜੇ ਉਹ ਕੇਵਲ ਸਿਪਾਹੀ ਹੁੰਦਾ ਤਾਂ ਉਹ ਜੰਗ ਵਿਚ ਜਾਇਜ਼-ਨਾਜਾਇਜ਼, ਠੀਕ-ਗਲਤ ਜਾਂ ਚੰਗਾ-ਮਾੜਾ ਕੁਝ ਵੀ ਨਾ ਦੇਖਦਾ। ਕਿਉਂਕਿ ਉਹ ਸਿਪਾਹੀ ਦੇ ਨਾਲ-ਨਾਲ ਸੰਤ ਵੀ ਹੈ ਇਸ ਲਈ ਉਹ ਇਹ ਪਰਖ ਵੀ ਨਾਲ ਹੀ ਕਰਦਾ ਹੈ। ਨਿਹੱਥਿਆਂ, ਇਸਤਰੀਆਂ, ਬੱਚਿਆਂ, ਬੁੱਢਿਆਂ, ਬੀਮਾਰਾਂ ਆਦਿ 'ਤੇ ਖਾਲਸਾ ਕਦੇ ਵਾਰ ਨਹੀਂ ਕਰਦਾ। ਖਾਲਸਾ ਕਦੇ ਜੰਗ

ਵਿਚ ਝੂਠ, ਧੋਖਾ, ਫਰੇਬ ਆਦਿ ਦਾਅ-ਪੇਚ ਨਹੀਂ ਖੇਡਦਾ। ਪਹਿਲਾਂ ਕਦੇ ਹਮਲਾ ਨਹੀਂ ਕਰਦਾ। ਕਦੇ ਕਿਸੇ ਮਜ਼ਲੂਮ 'ਤੇ ਹਮਲਾ ਨਹੀਂ ਕਰਦਾ। ਇਥੋਂ ਤਕ ਕਿ ਵਾਹਿਗੁਰੂ ਦਾ ਨਾਮ ਉਹ ਜੰਗ ਵਿਚ ਵੀ ਨਹੀਂ ਭੁੱਲਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਅਵਸਥਾ ਦਾ ਬਿਆਨ ਇਉਂ ਕਰਦੇ ਹਨ:

ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ।

ਕਿੱਡੀ ਵੱਡੀ ਗੱਲ ਹੈ ਇਹ! ਜੰਗ ਲੜਨਾ ਤੇ ਵਾਹਿਗੁਰੂ ਦਾ ਨਾਮ ਜ਼ਬਾਨ 'ਤੇ ਹੋਣਾ। ਸਪਸ਼ਟ ਹੀ ਹੈ ਕਿ ਸ਼ਕਤੀ ਨੂੰ ਭਗਤੀ ਲਈ ਵਰਤਣਾ ਹੈ ਨਾ ਕਿ ਭਗਤੀ ਨੂੰ ਸ਼ਕਤੀ ਲਈ। ਸ਼ਕਤੀ ਭਗਤੀ ਦੇ ਅਧੀਨ ਹੈ। ਸ਼ਕਤੀ ਨੇ ਤਾਂ ਭਗਤਾਂ ਦੀ ਰਾਖੀ ਕਰਨੀ ਹੈ।

ਖਾਲਸੇ ਦਾ ਆਚਰਣ ਭਗਤੀ ਕਰਕੇ ਏਨਾ ਉੱਚਾ ਹੈ ਕਿ ਉਹ ਦੁਸ਼ਮਣਾਂ ਦੀਆਂ ਇਸਤਰੀਆਂ ਵੱਲ ਅੱਖ ਚੁੱਕ ਕੇ ਵੀ ਨਹੀਂ ਦੇਖਦਾ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਖਾਲਸਾ ਫੌਜ ਨੇ ਅਫਗਾਨਿਸਤਾਨ ਨੂੰ ਲਿਜਾਈਆਂ ਜਾ ਰਹੀਆਂ ਇੱਕੀ ਸੌ ਹਿੰਦੁਸਤਾਨੀ ਇਸਤਰੀਆਂ ਨੂੰ ਅਫਗਾਨਾਂ ਦੀ ਫੌਜ ਹੱਥੋਂ ਛੁਡਵਾਇਆ ਅਤੇ ਉਨ੍ਹਾਂ ਨੂੰ ਇੱਜ਼ਤ ਨਾਲ ਘਰੋ-ਘਰੀਂ ਪਹੁੰਚਾਇਆ।

ਵਿਸਾਖੀ ਨੂੰ ਜੋ ਰਹਿਤ-ਮਰਯਾਦਾ ਗੁਰੂ ਜੀ ਨੇ ਸਿੱਖਾਂ ਨੂੰ ਦਿੱਤੀ ਉਸ ਵਿਚ ਖਾਲਸਾ ਪੰਥ ਨੂੰ ਪਰ-ਇਸਤਰੀ ਦੇ ਸੰਗ ਤੋਂ ਵਰਜਿਆ। ਇਸ ਦਾ ਭਾਵ ਵੀ ਇਹੀ ਸੀ ਕਿ ਸ਼ਕਤੀ ਦੀ ਵਰਤੋਂ ਕਰਦਿਆਂ ਤਾਕਤ ਦੇ ਨਸ਼ੇ ਵਿਚ ਨੈਤਿਕਤਾ ਨੂੰ ਨਹੀਂ ਛੱਡਣਾ। ਗੁਰਬਾਣੀ ਦਾ ਪਾਠ ਕਰਦਿਆਂ ਅੰਮ੍ਰਿਤ ਦੀ ਤਿਆਰੀ ਅਤੇ ਰੋਜ਼ਾਨਾ ਦਾ ਨਿੱਤਨੇਮ ਜ਼ਰੂਰੀ ਕਰਨਾ ਵੀ ਸਿੱਖਾਂ ਨੂੰ ਸ਼ਕਤੀ ਦੇ ਨਾਲ-ਨਾਲ ਭਗਤੀ ਦੇ ਸੰਗ ਜੋੜ ਕੇ ਰੱਖਣ ਵਾਸਤੇ ਹੀ ਸੀ। ਇਸ ਤਰ੍ਹਾਂ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਪੂਰੀ ਤਰ੍ਹਾਂ ਅਮਲੀ ਰੂਪ ਵਿਚ ਸਿੱਖਾਂ ਵਾਸਤੇ ਲਾਗੂ ਕਰ ਦਿੱਤਾ।

(ਸ) ਸਭਿਆਚਾਰਕ ਸੁਤੰਤਰਤਾ ਦਾ ਆਦਰਸ਼

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਹੁਕਮਰਾਨ ਮੁਗ਼ਲਾਂ ਦੇ ਸਭਿਆਚਾਰਕ ਪ੍ਰਭਾਵ ਨੂੰ ਲੋਕਾਂ 'ਤੇ ਹਾਵੀ ਹੁੰਦੇ ਦੇਖ ਲਿਆ ਸੀ। ਲੋਕ ਬੋਲੀ, ਪਹਿਰਾਵਾ, ਖਾਣ-ਪੀਣ ਆਦਿ ਦੇ ਪੱਖ ਤੋਂ ਜ਼ਿਹਨੀ ਤੌਰ 'ਤੇ ਗ਼ੁਲਾਮ ਹੋ ਗਏ ਸਨ। ਇਸ ਸਭਿਆਚਾਰਕ ਗ਼ੁਲਾਮੀ ਨੇ ਲੋਕਾਂ ਨੂੰ ਗ਼ੈਰਤ ਤੋਂ ਬਿਲਕੁਲ ਖਾਲੀ ਕਰ ਦਿੱਤਾ ਸੀ। ਇਸੇ ਦਸ਼ਾ ਨੂੰ ਬਿਆਨ ਕਰਦੇ ਹੋਏ ਗੁਰੂ ਜੀ ਨੇ ਫ਼ਰਮਾਇਆ:

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੈ ਪੂਜਹਿ ਪੁਰਾਣੁ॥

(ਪੰਨਾ ੪੭੨)

ਬਾਬਰ ਇਸ ਦੇਸ਼ ਵਿਚ 'ਪਾਪ ਕੀ ਜੰਵ' ਲੈ ਕੇ ਹਮਲਾਵਰ ਦੇ ਤੌਰ 'ਤੇ ਆਇਆ ਸੀ। ਉਹ ਇਸ ਦੇਸ਼ ਨੂੰ ਲੁੱਟਣ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਨੇ ਇਥੇ ਆਪਣੀ ਹਕੂਮਤ ਕਾਇਮ ਕਰ ਲਈ। ਹਕੂਮਤ ਕਾਇਮ ਹੋਣ 'ਤੇ ਹਾਕਮ ਦਾ

ਧਰਮ, ਹਾਕਮ ਦੀ ਬੋਲੀ ਅਤੇ ਹਾਕਮ ਦਾ ਰਹਿਣ-ਸਹਿਣ ਜਨਤਾ ਦਾ ਧਰਮ, ਜਨਤਾ ਦੀ ਬੋਲੀ ਅਤੇ ਜਨਤਾ ਦਾ ਰਹਿਣ-ਸਹਿਣ ਬਣਨ ਲੱਗਿਆ। ਕੁਝ ਲੋਕ ਹਕੂਮਤ ਦੇ ਡਰ ਤੋਂ ਇਹ ਸਾਰਾ ਕੁਝ ਅਪਣਾਉਣ ਲੱਗੇ ਅਤੇ ਕੁਝ ਲੋਕ ਹੁਕਮਰਾਨਾਂ ਵੱਲੋਂ ਲਾਲਚ ਨੂੰ ਪ੍ਰਵਾਨ ਕਰ ਕੇ ਇਸ ਪਾਸੇ ਆਏ। ਨੌਕਰੀਆਂ ਅਤੇ ਜਾਗੀਰਾਂ ਦਾ ਲਾਲਚ ਕੁਝ ਲੋਕਾਂ ਦੇ ਮਨਾਂ 'ਤੇ ਹਾਵੀ ਹੋ ਗਿਆ।

ਜਹਾਂਗੀਰ ਬਾਦਸ਼ਾਹ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਨੂੰ ਆਪਣੇ ਮਜ਼ਹਬ ਅਤੇ ਸਭਿਆਚਾਰ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਰਾਹ ਵਿਚ ਇਕ ਵੱਡਾ ਰੋੜਾ ਸਮਝਿਆ ਕਿਉਂਕਿ ਗੁਰੂ ਸਾਹਿਬਾਨ ਦੀ ਸਿੱਖਿਆ ਆਜ਼ਾਦੀ ਅਤੇ ਅਣਖ ਨਾਲ ਜੀਣ ਦੀ ਸਿੱਖਿਆ ਸੀ। ਗੁਰੂ ਸਾਹਿਬਾਨ ਲੋਕਾਂ ਨੂੰ ਆਪਣੇ ਸਭਿਆਚਾਰ ਨਾਲ ਪ੍ਰੇਮ ਕਰਨਾ ਸਿਖਾ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਬੁਨਿਆਦੀ ਕਾਰਨ ਇਹ ਸੀ ਕਿ ਸਭਿਆਚਾਰਕ ਸੁਤੰਤਰਤਾ ਦਾ ਆਦਰਸ਼ ਤਾਕਤ ਦੇ ਨਸ਼ੇ ਵਿਚ ਅੰਨ੍ਹੇ ਬਾਦਸ਼ਾਹ ਨੂੰ ਸੁਖਾਂਦਾ ਨਹੀਂ ਸੀ।

ਵਿਸਾਖੀ ਨੂੰ ਜੋ ਰਹਿਤ-ਮਰਯਾਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਇਮ ਕੀਤੀ ਉਸ ਦਾ ਮੁੱਖ ਮੰਤਵ ਸਭਿਆਚਾਰਕ ਸੁਤੰਤਰਤਾ ਦਾ ਜ਼ਾਹਰਾ ਤੌਰ 'ਤੇ ਐਲਾਨ ਕਰਨਾ ਹੀ ਸੀ। ਕੇਸ ਅਤੇ ਦਸਤਾਰ ਦੋਵੇਂ ਅਜਿਹੇ ਚਿੰਨ੍ਹ ਸਨ ਜਿਨ੍ਹਾਂ ਤੋਂ ਖਾਲਸਾ-ਪੰਥ ਦੀ ਉੱਘੜਵੀਂ ਪਛਾਣ ਬਣਦੀ ਸੀ। ਇਹ ਇਕ ਖੁੱਲ੍ਹਾ ਚੈਲੰਜ ਸੀ ਉਨ੍ਹਾਂ ਹੁਕਮਰਾਨਾਂ ਨੂੰ ਜੋ ਤਾਕਤ ਦੇ ਨਸ਼ੇ ਵਿਚ ਆਮ ਲੋਕਾਂ ਦੀ ਧਾਰਮਿਕ ਆਜ਼ਾਦੀ ਦਾ ਗਲਾ ਘੁੱਟ ਰਹੇ ਸਨ। ਇਹ ਇਕ ਖੁੱਲ੍ਹੀ ਵੰਗਾਰ ਸੀ ਉਨ੍ਹਾਂ ਜ਼ਾਲਮ ਹੁਕਮਰਾਨਾਂ ਲਈ ਜਿਹੜੇ ਲੋਕਾਂ ਤੋਂ ਉਨ੍ਹਾਂ ਦੇ ਵਿਸ਼ਵਾਸ, ਉਨ੍ਹਾਂ ਦੇ ਪੂਜਾ-ਪਾਠ, ਉਨ੍ਹਾਂ ਦੇ ਖਾਣ-ਪੀਣ ਦੀ ਆਜ਼ਾਦੀ ਅਤੇ ਉਨ੍ਹਾਂ ਦੇ ਪਹਿਰਾਵੇ ਦੀ ਆਜ਼ਾਦੀ ਦੇ ਅਧਿਕਾਰਾਂ ਨੂੰ ਖੋਹ ਰਹੇ ਸਨ ਅਤੇ ਸਭ ਕੁਝ ਆਪਣੇ ਵੱਲੋਂ ਜ਼ਬਰਦਸਤੀ ਠੋਸ ਰਹੇ ਸਨ।

ਜੇਕਰ ਦੂਜੇ ਸ਼ਬਦਾਂ ਵਿਚ ਸਭਿਆਚਾਰਕ ਸੁਤੰਤਰਤਾ ਨੂੰ ਦੇਖਣਾ ਹੋਵੇ ਤਾਂ ਇਹ ਅਸਲ ਅਰਥਾਂ ਵਿਚ ਧਾਰਮਿਕ-ਨਿਰਪੱਖਤਾ ਅਤੇ ਧਾਰਮਿਕ-ਸਹਿਨਸ਼ੀਲਤਾ ਦਾ ਸਿਧਾਂਤ ਸੀ। ਗੁਰਬਾਣੀ ਵਿਚ ਧਰਮ, ਜ਼ਾਤ ਅਤੇ ਹੋਰ ਅਜਿਹੇ ਕਾਰਨਾਂ ਕਰਕੇ ਮਨੁੱਖਤਾ ਨੂੰ ਵੰਡਣ ਦਾ ਖੰਡਨ ਕੀਤਾ ਗਿਆ ਸੀ। ਗੁਰਬਾਣੀ ਹਿੰਦੂ ਨੂੰ ਸੱਚਾ ਹਿੰਦੂ ਅਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਦੀ ਪ੍ਰੇਰਨਾ ਦਿੰਦੀ ਸੀ। ਗੁਰਬਾਣੀ ਭਾਈਚਾਰਕ ਪਿਆਰ ਸਿਖਾਉਂਦੀ ਸੀ ਨਾ ਕਿ ਧਰਮਿਕ ਕੱਟੜਤਾ।

ਬਾਦਸ਼ਾਹ ਬਹਾਦਰ ਸ਼ਾਹ ਦੇ ਪੁੱਛਣ 'ਤੇ ਕਿ ਮਜ਼ਹਬ ਤੁਮਹਾਰਾ ਖੂਬ ਕਿ ਹਮਾਰਾ ਖੂਬ? ਗੁਰੂ ਜੀ ਨੇ ਉੱਤਰ ਦਿੱਤਾ ਸੀ, 'ਤੁਮ ਕੋ ਤੁਮਾਹਰਾ ਖੂਬ ਹਮ ਕੋ ਹਮਾਰਾ ਖੂਬ।' ਭਾਈ ਘਨੱਈਆ ਜੀ ਪਾਣੀ ਪਿਆਉਂਦੇ ਹੋਏ ਇਹ ਨਹੀਂ ਸਨ ਦੇਖਦੇ ਕਿ ਜ਼ਖਮੀ ਮਿੱਤਰ ਹੈ ਜਾਂ ਦੁਸ਼ਮਣ। ਗੁਰੂ ਸਾਹਿਬ ਦੀ ਵਡਿਆਈ ਦੇਖੋ ਜਿਨ੍ਹਾਂ ਨੇ ਭਾਈ ਘਨੱਈਆ ਜੀ ਦਾ ਮਾਨਵਤਾ ਲਈ ਇਕਸਾਰ ਪ੍ਰੇਮ ਦੇਖ ਕੇ ਸ਼ਾਬਾਸ਼ ਦਿੱਤੀ ਸੀ ਅਤੇ ਜ਼ਖਮਾਂ 'ਤੇ

ਲਾਉਣ ਲਈ ਮਲ੍ਹਮ ਵੀ ਦਿੱਤੀ ਸੀ।

ਗੁਰੂ ਜੀ ਨੇ ਸਿੱਖਾਂ ਨੂੰ ਸਿਖਾਇਆ ਕਿ ਆਪਣੇ ਧਰਮ 'ਤੇ ਪੱਕੇ ਰਹੋ। ਆਪਣੀ ਮਾਂ-ਬੋਲੀ ਅਤੇ ਆਪਣੇ ਸੱਚੇ-ਸੁੱਚੇ ਸਭਿਆਚਾਰ ਨੂੰ ਅਪਣਾਉ। ਉਨ੍ਹਾਂ ਨੇ ਇਸੇ ਕਾਰਨ ਕਰਕੇ ਹੀ ਖਾਣ-ਪੀਣ, ਰਹਿਣ-ਸਹਿਣ ਅਤੇ ਪਹਿਰਾਵੇ ਸੰਬੰਧੀ ਆਦੇਸ਼ ਜਾਰੀ ਕੀਤੇ।

ਬੋਲੀ ਦੇ ਪੱਖੋਂ ਦੇਖੀਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਅਰਬੀ, ਫਾਰਸੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਆਦਿ ਭਾਸ਼ਾਵਾਂ ਦੀ ਵਰਤੋਂ ਕੀਤੀ, ਆਪਣੇ ਦਰਬਾਰੀ ਕਵੀਆਂ ਪਾਸੋਂ ਇਨ੍ਹਾਂ ਭਾਸ਼ਾਵਾਂ ਵਿਚ ਰਚਨਾਵਾਂ ਲਿਖਵਾਈਆਂ, ਸਿੱਖਾਂ ਨੂੰ ਵੱਖ-ਵੱਖ ਭਾਸ਼ਾਵਾਂ ਸਿੱਖਣ ਲਈ ਪ੍ਰੇਰਿਆ।

ਗੁਰੂ ਸਾਹਿਬ ਨੇ ਵਿਸਾਖੀ ਵਾਲੇ ਦਿਨ ਜਿਸ ਸਭਿਆਚਾਰਕ ਸੁਤੰਤਰਤਾ ਦਾ ਉਪਦੇਸ਼ ਅਮਲੀ ਰੂਪ ਵਿਚ ਦਿੱਤਾ ਉਹ ਅਸਲ ਵਿਚ ਸਭਿਆਚਾਰਕ ਸਹਿਹੋਂਦ ਦਾ ਆਦਰਸ਼ ਸੀ। ਦੁਨੀਆਂ ਵਿਚ 'ਜੀਉ ਅਤੇ ਜੀਣ ਦਿਓ' ਦਾ ਆਦਰਸ਼ ਸੀ ਇਹ। ਹਰ ਇਕ ਨੂੰ ਆਪਣੀ ਇੱਛਾ ਅਤੇ ਆਪਣੇ ਵਿਸ਼ਵਾਸ ਅਨੁਸਾਰ ਜੀਣ ਦੀ ਆਜ਼ਾਦੀ ਅਤੇ ਖੁੱਲ੍ਹ ਹੋਵੇ। ਇਸ ਦੀ ਵੰਗਾਰ ਸੀ ੧੭੫੬ ਬਿਕ੍ਰਮੀ ਦੀ ਵਿਸਾਖੀ। ਗੁਰੂ ਜੀ ਤਾਂ ਆਪ ਹੀ ਮੰਨਦੇ ਹਨ ਕਿ ਰਹਿਣੀ-ਬਹਿਣੀ, ਬੋਲੀ, ਪਹਿਰਾਵਾ ਆਦਿ ਵੱਖ-ਵੱਖ ਇਲਾਕਿਆਂ ਦੇ ਪ੍ਰਭਾਵ ਹਨ। ਇਹ ਪ੍ਰਭਾਵ ਹੀ ਆਪੋ-ਆਪਣੀ ਥਾਂ ਸਭਿਆਚਾਰਕ ਸੁਤੰਤਰਤਾ ਹਨ। ਸਾਰੀ ਦੁਨੀਆਂ ਦੀ ਬੋਲੀ ਇੱਕ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਵਿਸ਼ਵਾਸ ਜਾਂ ਪਹਿਰਾਵਾ ਤੇ ਖਾਣ-ਪੀਣ ਇੱਕ ਕੀਤੇ ਜਾ ਸਕਦੇ ਹਨ। ਇਹ ਅਨੇਕਤਾ ਜਾਂ ਭਿੰਨਤਾ ਹੀ ਮਨੁੱਖਤਾ ਜਾਂ ਕੁਦਰਤ ਦੀ ਸੁੰਦਰਤਾ ਹੈ। ਇਹ ਅਨੇਕਤਾ ਜਾਂ ਭਿੰਨਤਾ ਹੀ ਸਭਿਆਚਾਰਕ ਸੁਤੰਤਰਤਾ ਦਾ ਦੂਜਾ ਨਾਂ ਹੈ। ਗੁਰੂ ਜੀ ਫ਼ਰਮਾਉਂਦੇ ਹਨ:

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉਂ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ।
ਅੱਲਹ ਅਭੇਖ ਸੋਈ ਪੁਰਾਨ ਅਉ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ। *(ਅਕਾਲ ਉਸਤਤਿ ਪਾ: ੧੦)*

(ਹ) ਨੈਤਿਕਤਾ 'ਤੇ ਜ਼ੋਰ

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਨੂੰ ਸਿੱਖਾਂ ਨੂੰ ਰਹਿਤ-ਬਹਿਤ ਵਿਚ ਪੂਰੇ ਰਹਿਣ ਲਈ ਆਖਿਆ ਤਾਂ ਉਨ੍ਹਾਂ ਦਾ ਆਸ਼ਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦੇ ਬਿਲਕੁਲ ਅਨੁਕੂਲ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਸਤਵ ਵਿਚ ਇਨ੍ਹਾਂ ਕਕਾਰਾਂ ਨਾਲ ਜੁੜੇ ਗੁਣਾਂ 'ਤੇ ਵੀ ਜ਼ੋਰ ਦੇ ਰਹੇ ਸਨ। ਗੁਰਬਾਣੀ ਅਨੁਸਾਰ ਜੀਵਨ ਜੀਣ ਦੀ

ਸਿੱਖਿਆ ਗੁਰੂ ਜੀ ਦੀ ਪਹਿਲੀ ਸਿੱਖਿਆ ਸੀ। ਗੁਰਬਾਣੀ ਤਾਂ ਗੁਰਸਿੱਖ ਨੂੰ ਅੰਦਰੋਂ-ਬਾਹਰੋਂ ਨਿਰਮਲ ਹੋਣ ਦੀ ਸਿੱਖਿਆ ਦਿੰਦੀ ਹੈ। ਗੁਰਬਾਣੀ ਨੈਤਿਕਤਾ ਤੋਂ ਬਿਨਾਂ ਜੀਵਨ ਨੂੰ ਗੁਰਸਿੱਖੀ ਜੀਵਨ ਮੰਨਦੀ ਹੀ ਨਹੀਂ। ਜੇਕਰ ਬਾਕੀ ਧਰਮਾਂ ਦੇ ਬਾਹਰਲੇ ਚਿੰਨ੍ਹਾਂ 'ਤੇ ਗੁਣਾਂ ਦੀ ਸ਼ਰਤ ਲਾਗੂ ਹੁੰਦੀ ਹੈ ਤਾਂ ਇਹੀ ਗੁਣਾਂ ਦੀ ਸ਼ਰਤ ਪੰਜ ਕਕਾਰਾਂ 'ਤੇ ਵੀ ਲਾਗੂ ਹੁੰਦੀ ਹੈ। ਕਕਾਰਾਂ ਨਾਲ ਜੁੜੇ ਅੰਤਰੀਵੀ ਜੀਵਨ ਦਾ ਵਿਸ਼ੇਸ਼ ਮਹੱਤਵ ਹੈ। ਅੰਦਰ ਦੀ ਸਿੱਖੀ ਨੈਤਿਕਤਾ ਹੈ। ਅੰਦਰ ਦੀ ਸਿੱਖੀ ਗੁਣ ਹਨ। ਅੰਦਰ ਦੀ ਸਿੱਖੀ ਵੀ ਨਾਲੋ-ਨਾਲ ਕਾਇਮ ਰਹਿਣੀ ਚਾਹੀਦੀ ਹੈ।

ਭਾਈ ਨੰਦ ਲਾਲ ਜੀ ਆਪਣੀ ਰਚਨਾ 'ਤਨਖਾਹਨਾਮਾ' ਵਿਚ ਖਾਲਸਾ ਸੋਇ... ਦੇ ਸ਼ਬਦਾਂ ਨਾਲ ਸ਼ੁਰੂ ਕਰਕੇ ਇਕ-ਇਕ ਵਾਕ ਵਿਚ ਖਾਲਸੇ ਦੇ ਗੁਣ 'ਜੋ ਨਿੰਦਾ ਤਿਆਗੈ', ਜੋ ਪੰਚ ਕਉ ਮਾਰੈ, ਮਾਨ ਜੋ ਤਿਆਗੈ, ਜੋ ਪਰਤ੍ਰਿਆ ਤੇ ਭਾਗੈ, ਬਾਣੀ ਹਿਤ ਲਾਇ, ਲੜੈ ਹੁਇ ਆਗੈ, ਨਿਰਧਨ ਕੋ ਪਾਲੈ, ਦੁਸਟ ਕੋ ਗਾਲੈ, ਨਾਮ ਜਪ ਕਰੈ, ਮਲੇਛ ਪਰ ਚੜ੍ਹੈ, ਨਾਮ ਸਿਉਂ ਜੋੜਹਿ, ਸ਼ਸਤ੍ਰ ਕਉ ਧਾਰੈ, ਦੁਸ਼ਟਿ ਕਉ ਮਾਰੈ ਆਦਿ ਦੱਸਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ੁਭ ਕਰਮਾਂ ਦੀ ਭਾਵ ਨੈਤਿਕਤਾ ਦੀ ਅਹਿਮੀਅਤ ਨੂੰ ਦਰਸਾਉਂਦੇ ਹੋਏ ਫ਼ਰਮਾਉਂਦੇ ਹਨ:

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੌਂ।

ਬਾਹਰੀ ਭੇਖ ਨੂੰ ਜੋ ਨੈਤਿਕਤਾ ਤੋਂ ਖਾਲੀ ਹੈ ਅਤੇ ਜੋ ਕੇਵਲ ਵਿਖਾਵੇ-ਮਾਤਰ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਵਾਨ ਨਹੀਂ ਕਰਦੇ। ਨੈਤਿਕਤਾ ਧਰਮ ਜਾਂ ਭਗਤੀ ਦਾ ਇਕ ਅਜਿਹਾ ਅੰਗ ਹੈ ਜਿਸ ਨੂੰ ਕਿਸੇ ਵੀ ਸਮੇਂ ਇਨ੍ਹਾਂ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਬਿਨਾਂ ਗੁਣਾਂ ਤੋਂ ਅਰਥਾਤ ਬਿਨਾਂ ਨੈਤਿਕਤਾ ਤੋਂ ਭਗਤੀ ਸੰਭਵ ਹੀ ਨਹੀਂ ਹੈ। ਇਹ ਐਲਾਨ ਸਪਸ਼ਟ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁ ਜੀ' ਸਾਹਿਬ ਵਿਚ ਕੀਤਾ ਹੋਇਆ ਹੈ:

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥ *(ਪੰਨਾ ੪)*

ਸਮੁੱਚੀ ਰਹਿਤ ਮਰਯਾਦਾ ਦਾ ਅਧਿਐਨ ਕੀਤਿਆਂ ਇਹ ਸੁਤੇਸਿਧ ਦਿੱਸਣ ਲੱਗ ਜਾਂਦਾ ਹੈ ਕਿ ਨੈਤਿਕਤਾ ਤੋਂ ਬਿਨਾਂ ਸਿੱਖੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਸਿੱਖ ਅਨੈਤਿਕ ਹੋ ਹੀ ਨਹੀਂ ਸਕਦਾ ਅਤੇ ਜੋ ਅਨੈਤਿਕ ਹੈ ਉਹ ਸਿੱਖ ਨਹੀਂ ਹੋ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਗੁਰਸਿੱਖ ਨੂੰ 'ਸਾਬਤ ਸੂਰਤ' ਦੇ ਨਾਲ-ਨਾਲ 'ਸਾਬਤ ਸੀਰਤ' ਵੀ ਵੇਖਣਾ ਚਾਹੁੰਦੇ ਸਨ। ਇਸ ਲਈ ਜਦੋਂ ਆਪ ਜੀ ਨੇ 'ਰਹਿਣੀ ਰਹਹਿ ਸੋਈ ਸਿਖ ਮੇਰਾ' ਆਖਿਆ ਤਾਂ ਆਪ ਜੀ ਦਾ ਭਾਵ ਮੁਕੰਮਲ ਰਹਿਣੀ ਤੋਂ ਸੀ ਜਿਸ ਵਿਚ ਬਾਹਰੀ ਅਤੇ ਅੰਤਰੀਵ ਦੋਵੇਂ ਤਰ੍ਹਾਂ ਦੀ ਰਹਿਤ ਸ਼ਾਮਲ ਸੀ। ਇਸ ਦਾ ਭਾਵ ਸਾਬਤ ਸੂਰਤ ਅਤੇ ਸਾਬਤ ਸੀਰਤ ਹੋਣ ਤੋਂ ਸੀ। ■

ਤੇਰੀ ਉਪਮਾ ਤੋਹਿ ਬਨਿ ਆਵੈ

*–ਡਾ. ਗੁਰਚਰਨ ਸਿੰਘ**

ਤੀਸਰੇ ਗੁਰੂ, ਸ੍ਰੀ ਗੁਰੂ ਅਮਰਦਾਸ ਜੀ ਅਨੇਕ ਪੱਖਾਂ ਤੋਂ ਅਦੁੱਤੀ ਤੇ ਲਾਸਾਨੀ ਸਨ। ਉਹ ਉਸ ਉਮਰ ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਏ ਜਿਸ ਵਿਚ ਮਨੁੱਖ ਇਸ ਸੰਸਾਰ ਤੋਂ ਜਾਣ ਦੀ ਤਿਆਰੀ ਕਰ ਲੈਂਦਾ ਹੈ। ਬਾਬਾ ਅਮਰਦਾਸ ਜੀ ਦਾ ਮਿਲਾਪ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ੧੫੪੧ ਈ: ਵਿਚ ਹੋਇਆ। ਉਦੋਂ ਉਨ੍ਹਾਂ ਦੀ ਉਮਰ ੬੧ ਸਾਲ ਸੀ ਤੇ ਉਹ ੧੫੫੨ ਈ: ਵਿਚ ੭੨ ਵਰ੍ਹਿਆਂ ਦੀ ਉਮਰ ਵਿਚ ਗੁਰਗੱਦੀ 'ਤੇ ਬੈਠੇ ਤੇ ਲੱਗਭਗ ੨੨ ਸਾਲ ਗੁਰਗੱਦੀ 'ਤੇ ਬਿਰਾਜਮਾਨ ਰਹਿ ਕੇ, ੯੫ ਸਾਲ, ੩ ਮਹੀਨੇ, ੨੩ ਦਿਨ (ਮਹਾਨ ਕੋਸ਼) ਦੀ ਉਮਰ ਵਿਚ ਜੋਤੀ ਜੋਤਿ ਸਮਾਏ। ਆਪਣੀ ਲੰਮੀ ਆਯੂ, ਵਡੇਰੀ ਉਮਰ ਵਿਚ ਗੁਰੂ ਬਣਨ ਤੇ ਫਿਰ ਸਿੱਖ ਧਰਮ ਵਿਚ ਅਨੇਕਾਂ ਚੰਗੀਆਂ ਪਿਰਤਾਂ ਪਾ ਕੇ ਵੱਖਰਾ ਰੂਪ ਦੇਣ ਤੇ ਮਰਿਆਦਾ ਕਾਇਮ ਕਰਨ ਵਿਚ ਉਨ੍ਹਾਂ ਦੀ ਭੂਮਿਕਾ ਅਦੁੱਤੀ ਹੈ।

ਇਹ ਵੀ ਇਕ ਹਕੀਕਤ ਹੈ ਕਿ ਆਪ ਨੇ ਆਪਣੇ ਗੁਰੂ ਦੇ ਰਿਸ਼ਤੇ 'ਚੋਂ ਕੁੜਮ ਹੁੰਦਿਆਂ ਜੋ ਟਹਿਲ-ਸੇਵਾ ਕਰਕੇ ਘਾਲ ਕਮਾਈ ਕੀਤੀ, ਉਸ ਦੀ ਵੀ ਇਤਿਹਾਸ ਵਿਚ ਕੋਈ ਹੋਰ ਮਿਸਾਲ ਨਹੀਂ ਮਿਲਦੀ। ਭਾਈ ਕੇਸਰ ਸਿੰਘ ਛਿੱਬਰ ਠੀਕ ਹੀ ਲਿਖਦੇ ਹਨ:

ਟਹਲੀਆ ਨਹੀਂ ਕੋਈ ਅਮਰਦਾਸ ਜੇਹਾ ਬਣਿ ਖੜੋਇਆ।[੧]

ਜਦੋਂ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਏ ਤਾਂ ਉਹ ਉਸ ਸਮੇਂ ਆਪਣੇ ਗੁਰਦੇਵ ਤੋਂ ਕਈ ਸਾਲ ਵੱਡੇ ਸਨ ਤੇ ਰਿਸ਼ਤੇ ਵਿਚ ਉਨ੍ਹਾਂ ਦੇ ਕੁੜਮ ਲੱਗਦੇ ਸਨ। ਇਸ ਉਮਰ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬੇਟੀ ਬੀਬੀ ਅਮਰੋ ਦੇ ਮੂੰਹੋਂ ਗੁਰਬਾਣੀ ਸੁਣ ਕੇ ਬਾਸਰਕਿਆਂ ਤੋਂ ਖਡੂਰ ਸਾਹਿਬ ਦਾ ਰਾਹ ਫੜਿਆ। ਬੀਬੀ ਅਮਰੋ ਜੀ ਦੇ ਨਾਲ ਉਹ ਘਰ ਅੰਦਰ ਨਹੀਂ ਗਏ। ਪੁੱਛਣ 'ਤੇ ਬੀਬੀ ਜੀ ਨੇ ਦੱਸਿਆ ਕਿ 'ਉਹ ਤਾਂ ਬਾਹਰ ਬੈਠੇ ਹਨ। ਕਹਿੰਦੇ ਹਨ ਕਿ ਮੈਂ ਕੁੜਮਾਚਾਰੀ ਦੇ ਰਿਸ਼ਤੇ ਕਰਕੇ ਨਹੀਂ ਆਇਆ, ਮੈਂ ਤਾਂ ਭਿਖਾਰੀ ਬਣ ਕੇ ਆਪ ਨੂੰ ਗੁਰੂ ਧਾਰਨ ਤੇ ਨਾਮ ਦੀ ਦਾਤ ਲੈਣ ਆਇਆ ਹਾਂ।''[੨]

ਸ੍ਰੀ ਗੁਰੂ ਅਮਰਦਾਸ ਜੀ ਭਾਈ ਜੋਧ ਜੀ ਦੇ ਨਾਲ ਲੰਗਰ ਦੀ ਸੇਵਾ ਕਰਦੇ ਰਹੇ। ਇਕ ਦਿਨ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਣ ਦੀ ਸੇਵਾ ਲੈ ਲਈ। ਹਾੜ ਹੋਵੇ, ਸਿਆਲ ਹੋਵੇ, ਮੀਂਹ ਹੋਵੇ, ਹਨ੍ਹੇਰੀ ਹੋਵੇ, ਖਡੂਰ ਸਾਹਿਬ ਤੋਂ ਬਿਆਸ ਕਿਨਾਰੇ ਜਾ ਕੇ ਪਾਣੀ ਦੀ ਗਾਗਰ ਭਰ ਕੇ ਲਿਆਉਣੀ। ਪੂਰੇ ੧੨ ਸਾਲ ਸੇਵਾ ਕੀਤੀ।

* *# ੨੧/੧੪, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਮੋ: ੯੮੧੫੭-੫੩੦੪੬*

ਇਕ ਦਿਨ ਹਨ੍ਹੇਰੀ ਰਾਤ ਸੀ, ਮੀਂਹ ਵਰ੍ਹ ਰਿਹਾ ਸੀ ਤੇ ਝੱਖੜ ਝੁੱਲ ਰਿਹਾ ਸੀ। ਆਪ 'ਗੁਰੂ-ਗੁਰੂ' ਕਰਦੇ ਖਡੂਰ ਪਹੁੰਚ ਗਏ। ਪਰ ਜੁਲਾਹੇ ਦੀ ਖੱਡੀ ਦੀ ਕਿੱਲੀ ਨਾਲ ਅੜਕ ਕੇ ਡਿੱਗ ਪਏ। ਆਪ ਜੀ ਦੇ ਡਿੱਗਣ ਦੀ ਆਵਾਜ਼ ਨਾਲ ਜੁਲਾਹੇ ਦੀ ਨੀਂਦ ਖੁੱਲ੍ਹ ਗਈ। ਬੋਲਿਆ, 'ਕੌਣ ਹੈ'? ਜੁਲਾਹੀ ਨੇ ਕਿਹਾ, 'ਅਮਰੂ ਨਿਥਾਵਾਂ ਹੋਣਾ, ਹੋਰ ਐਸ ਵੇਲੇ ਕੌਣ ਹੋਣੈਂ।' ਸ੍ਰੀ ਗੁਰੂ ਅਮਰਦਾਸ ਜੀ ਇਹ ਸੁਣ ਕੇ ਬੋਲੇ, "ਝੱਲੀਏ! ਮੈਂ ਨਿਥਾਵਾਂ ਨਹੀਂ। ਮੈਨੂੰ ਤਾਂ ਜਗਤ-ਗੁਰੂ ਦੇ ਚਰਨਾਂ ਵਿਚ ਥਾਂ ਮਿਲੀ ਹੋਈ ਹੈ।" ਸ੍ਰੀ ਗੁਰੂ ਅਮਰਦਾਸ ਜੀ ਨੇ ਗਾਗਰ ਸੰਭਾਲੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਜਾ ਇਸ਼ਨਾਨ ਕਰਾਇਆ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ, ਸ੍ਰੀ ਗੁਰੂ ਅਮਰਦਾਸ ਜੀ ਨੂੰ ਗੋਂਦੇ ਨਾਲ ਦਰਿਆ ਬਿਆਸ ਕਿਨਾਰੇ ਉਸ ਦੀ ਜ਼ਮੀਨ 'ਤੇ ਗੋਇੰਦਵਾਲ ਸਾਹਿਬ ਨਗਰ ਦਾ ਨਿਰਮਾਣ ਕਰਨ ਲਈ ਭੇਜਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ੧੫੫੨ ਈ: ਨੂੰ ਗੁਰਗੱਦੀ ਬਾਬਾ ਅਮਰਦਾਸ ਜੀ ਨੂੰ ਸੌਂਪ ਦਿੱਤੀ। ਡਾ. ਆਸਾ ਨੰਦ ਵੋਹਰਾ ਨੇ ਠੀਕ ਹੀ ਲਿਖਿਆ ਹੈ, 'ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਸਾਰ ਵਿਚ ਅਦਭੁਤ ਯੋਗਦਾਨ ਦਿੱਤਾ ਹੈ ਜਿਸ ਵਜੋਂ ਸਿੱਖ ਧਰਮ ਦੀ ਨਿਵੇਕਲੀ ਹੋਂਦ ਸਥਾਪਿਤ ਹੋਈ। ਗੁਰੂ ਜੀ ਇਕ ਮਨੁੱਖ ਦੇ ਰੂਪ ਵਿਚ, ਗੁਰਸਿੱਖ ਦੇ ਰੂਪ ਵਿਚ, ਸੇਵਕ ਦੇ ਰੂਪ ਵਿਚ, ਗੁਰੂ ਦੇ ਰੂਪ ਵਿਚ, ਸਿੱਖ ਧਰਮ ਦੇ ਪ੍ਰਚਾਰਕ ਦੇ ਰੂਪ ਵਿਚ, ਬਾਣੀਕਾਰ ਦੇ ਰੂਪ ਵਿਚ ਮਹਾਨ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦੀ ਅਧਿਆਤਮਿਕ ਅਨੁਭੂਤੀ ਉਨ੍ਹਾਂ ਦੀ ਬਾਣੀ ਵਿਚ ਸਪਸ਼ਟ ਪ੍ਰਗਟ ਹੁੰਦੀ ਹੈ।[੩]

ਗੁਰੂ-ਘਰ ਨਾਲ ਕਿਵੇਂ ਜੁੜੇ?

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਸ੍ਰੀ ਤੇਜ ਭਾਨ ਭੱਲਾ ਖੱਤਰੀ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖ ਤੋਂ ਹੋਇਆ। ਆਪ ਦਾ ਵਿਆਹ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੰਖਤੱਰਾ ਦੇ ਭਾਈ ਦੇਵੀ ਚੰਦ ਬਹਿਲ ਖੱਤਰੀ ਦੀ ਪੁੱਤਰੀ ਬੀਬੀ ਮਨਸ਼ਾ ਦੇਵੀ ਨਾਲ ਹੋਇਆ। ਉਨ੍ਹਾਂ ਦੇ ਦੋ ਪੁੱਤਰ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਤੇ ਦੋ ਧੀਆਂ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਪੈਦਾ ਹੋਈਆਂ। ਆਪ ਜੀ ਸ਼ੁਰੂ ਤੋਂ ਹੀ ਧਾਰਮਿਕ ਬਿਰਤੀ ਵਾਲੇ ਪੁਰਸ਼ ਸਨ। ਉਹ ਵੈਸ਼ਨਵ ਮੱਤ ਦੇ ਧਾਰਨੀ ਸਨ। ਉਹ ਹਰ ਸਾਲ ਹਰਿਦੁਆਰ ਯਾਤਰਾ 'ਤੇ ਜਾਇਆ ਕਰਦੇ ਸਨ। ਇਹ ਉਲੇਖ ਮਿਲਦਾ ਹੈ ਕਿ ਉਹ ੨੦ ਵਾਰ ਹਰਿਦੁਆਰ ਗੰਗਾ ਇਸ਼ਨਾਨ ਲਈ ਗਏ। ਆਖਰੀ ਵਾਰ ਗੰਗਾ ਯਾਤਰਾ ਤੋਂ ਜਦ ਉਹ ਮੁੜੇ ਤਾਂ ਇਕ ਐਸੀ ਘਟਨਾ ਵਾਪਰੀ ਜਿਸ ਨੇ ਉਨ੍ਹਾਂ ਦੇ ਜੀਵਨ ਦੀ ਧਾਰਾ ਹੀ ਬਦਲ ਦਿੱਤੀ।

ਪ੍ਰੋ. ਕਰਤਾਰ ਸਿੰਘ ਲਿਖਦੇ ਹਨ ਕਿ "ਸੰਮਤ ੧੫੯੭ ਦੇ ਚੜ੍ਹਦੇ ਅੱਸੂ ਦੇ ਮਹੀਨੇ, ਵੀਹਵੀਂ ਯਾਤਰਾ ਤੋਂ ਵਾਪਸ ਆਉਂਦਿਆਂ ਨੂੰ ਇਕ ਬ੍ਰਹਮਚਾਰੀ ਸਾਧ ਆਪ ਨੂੰ ਮਿਲਿਆ। ਦੋਹਾਂ ਦਾ ਪਰਸਪਰ ਪ੍ਰੇਮ ਪੈ ਗਿਆ ਤੇ ਦੋਵੇਂ ਇਕੱਠੇ ਸਫਰ ਕਰਦੇ ਰਹੇ। ਇਕ ਦਿਨ ਉਸ ਨੇ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਅੱਗੋਂ ਬਾਬਾ ਅਮਰਦਾਸ ਜੀ

ਨੇ ਉੱਤਰ ਦਿੱਤਾ ਕਿ ਅਜੇ ਤਕ ਅਸਾਂ ਕੋਈ ਗੁਰੂ ਧਾਰਨ ਨਹੀਂ ਕੀਤਾ। ਇਹ ਸੁਣਦਿਆਂ ਹੀ ਬ੍ਰਹਮਚਾਰੀ ਗੁੱਸੇ ਵਿਚ ਆ ਗਿਆ ਤੇ ਕਹਿਣ ਲੱਗਾ, ''ਅਰੇ ਹੇ! ਇਹ ਕੀ ਹੋਇਆ? ਨਿਗੁਰੇ ਦਾ ਤਾਂ ਦਰਸ਼ਨ ਹੀ ਬੁਰਾ ਹੁੰਦਾ ਹੈ। ਮੈਂ ਤਾਂ ਨਿਗੁਰੇ ਦੇ ਹੱਥ ਦਾ ਰਿੱਧਾ-ਪੱਕਾ ਖਾਂਦਾ ਰਿਹਾ ਹਾਂ...''

ਬ੍ਰਹਮਚਾਰੀ ਤਾਂ ਅਜਿਹੇ ਵਾਕ ਬੋਲਦਾ-ਬੋਲਦਾ ਤੁਰਦਾ ਹੋਇਆ। ਪਰ ਉਹ ਬਾਬਾ ਅਮਰਦਾਸ ਜੀ ਨੂੰ ਇਕ ਨਾ ਮਿਟਣ ਵਾਲੀ ਉਦਾਸੀ ਵਿਚ ਪਾ ਗਿਆ। 'ਨਾ ਦਿਨੇ ਚੈਨ ਨਾ ਆਵੇ ਤੇ ਨਾ ਰਾਤੀਂ ਨੀਂਦ।''[੪]

ਇਕ ਦਿਨ ਬਾਬਾ ਅਮਰਦਾਸ ਜੀ ਨੇ ਆਪਣੇ ਛੋਟੇ ਭਰਾ ਦੇ ਘਰੋਂ ਮਿੱਠੀ-ਮਿੱਠੀ ਆਵਾਜ਼ ਸੁਣੀ। ਛੋਟੇ ਭਰਾ ਦੀ ਨੂੰਹ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਸੀ, ਗੁਰਬਾਣੀ ਪੜ੍ਹ ਰਹੀ ਸੀ:

ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ *(ਪੰਨਾ ੯੯੦)*

ਇਸ ਬਾਣੀ ਦਾ ਮਨ 'ਤੇ ਇਤਨਾ ਪ੍ਰਭਾਵ ਪਿਆ ਕਿ ਉਹ ਸੰਮਤ ੧੫੯੭ ਦੇ ਕੱਤਕ-ਮੱਘਰ ਦੇ ਨੇੜੇ-ਤੇੜੇ ਖਡੂਰ ਸਾਹਿਬ ਪਹੁੰਚ ਗਏ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਮੰਨ ਕੇ ਸੇਵਾ ਅਰੰਭ ਦਿੱਤੀ।[੫]

੧੨ ਸਾਲ ਦੀ ਨਿਰੰਤਰ ਸੇਵਾ :

ਸਿੱਖੀ ਦੀ ਦਾਤ ਪ੍ਰਾਪਤ ਕਰ ਕੇ ਅਮਰਦਾਸ ਜੀ ਆਪਣੇ ਪਿੰਡ ਬਾਸਰਕੇ ਨਾ ਗਏ। ਉਹ ਖਡੂਰ ਸਾਹਿਬ ਟਿਕ ਕੇ ਗੁਰਸੰਗਤ ਦੀ ਤਨ-ਮਨ ਦੁਆਰਾ ਨਿਸ਼ਕਾਮ ਤੇ ਕਠਨ ਸੇਵਾ ਕਰਦੇ ਰਹੇ। ਇਹ ਸੇਵਾ ਹੀ ਉਨ੍ਹਾਂ ਲਈ ਜਪ-ਤਪ ਸੀ। ਉਨ੍ਹਾਂ ਦੀ ਨਿੱਤ ਦੀ ਸੇਵਾ ਵਿਚ ਅੰਮ੍ਰਿਤ ਵੇਲੇ ਉਠ ਕੇ ਤਿੰਨ ਕੋਹ ਦੂਰ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਣੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਣਾ, ਖੂਹ 'ਤੇ ਖਲੋ ਕੇ ਪਾਣੀ ਭਰਦੇ ਤੇ ਗੁਰਸਿੱਖਾਂ ਨੂੰ ਇਸ਼ਨਾਨ ਕਰਾਉਂਦੇ, ਲੰਗਰ ਵਰਤਣ ਵੇਲੇ ਸੰਗਤ ਨੂੰ ਜਲ ਛਕਾਉਂਦੇ ਤੇ ਮਗਰੋਂ ਆਪ ਭੋਜਨ ਕਰਨਾ ਸ਼ਾਮਲ ਸੀ। ਇਸ ਤਰ੍ਹਾਂ ੧੨ ਸਾਲ ਸੇਵਾ ਕਰਦਿਆਂ ਜਦੋਂ ਹਨੇਰੀ ਕਾਰਨ ਜੁਲਾਹੇ ਦੀ ਖੱਡੀ 'ਚ ਡਿੱਗੇ ਤੇ ਜੁਲਾਹੀ ਨੇ ਬੋਲ-ਕੁਬੋਲ ਕੱਢੇ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਨਿਥਾਵੇਂ' ਨੂੰ ਉਸ ਦੇ ਹੱਕੀ ਥਾਂ 'ਤੇ ਪਹੁੰਚਾ ਦਿੱਤਾ ਤੇ ਆਪ ਤੀਸਰੇ ਗੁਰੂ ਜੀ ਦੇ ਰੂਪ ਵਿਚ ਜਗਤ ਦੇ ਕਲਿਆਣ ਲਈ ਸਿੱਖ ਪੰਥ ਦੇ ਰਹਿਬਰ ਬਣੇ।

ਸਿੱਖ ਧਰਮ ਦੀ ਅਗਵਾਈ :

ਸ੍ਰੀ ਗੁਰੂ ਅਮਰਦਾਸ ਜੀ ਨੇ ੨੨ ਸਾਲ ਸਿੱਖ ਧਰਮ ਦੀ ਅਗਵਾਈ ਕੀਤੀ। ਉਨ੍ਹਾਂ ਨੇ ਗੋਇੰਦਵਾਲ ਸਾਹਿਬ ਨੂੰ ਸਿੱਖੀ ਦਾ ਧੁਰਾ ਬਣਾ ਦਿੱਤਾ। ੨੨ ਮੰਜੀਆਂ ਸਥਾਪਿਤ ਕਰ

ਕੇ ਸਿੱਖ ਧਰਮ ਦਾ ਦੂਰ-ਦੂਰ ਤਕ ਪ੍ਰਚਾਰ ਕੀਤਾ। ਉਨ੍ਹਾਂ ਨੇ ਸਮਾਜ ਵਿਚ ਪਈਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਨਵੀਆਂ ਤੇ ਨਿਰੋਈਆਂ ਪਿਰਤਾਂ ਪਾਈਆਂ। ਘੁੰਡ ਦਾ ਰਿਵਾਜ ਹਟਾਇਆ, ਵਿਧਵਾ ਵਿਆਹ ਨੂੰ ਉਤਸ਼ਾਹਿਤ ਕੀਤਾ। ਸਤੀ ਦੀ ਵਿਰੋਧਤਾ ਕੀਤੀ। ਨਸ਼ਿਆਂ ਦੀ ਨਿਖੇਧੀ ਕੀਤੀ। ਵੇਲਾ ਵਿਹਾ ਚੁੱਕੀਆਂ ਰੀਤਾਂ ਨੂੰ ਉਨ੍ਹਾਂ ਆਪਣੀ ਬਾਣੀ ਰਾਹੀਂ ਵੀ ਖ਼ਤਮ ਕਰਨ ਦਾ ਕਾਰਜ ਅਰੰਭਿਆ।

ਸਤੀ ਪ੍ਰਥਾ ਬਾਰੇ ਆਪ ਜੀ ਦਾ ਪਾਵਨ ਫ਼ਰਮਾਨ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥
ਮਃ ੩॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥ *(ਪੰਨਾ ੭੮੭)*

ਜਾਤ-ਪਾਤ ਦੇ ਹੰਕਾਰ ਬਾਰੇ ਆਪ ਜੀ ਦਾ ਪਾਵਨ ਫ਼ਰਮਾਨ ਹੈ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ *(ਪੰਨਾ ੧੧੨੭-੨੮)*

ਸ਼ਰਾਬ ਦੀ ਨਿਖੇਧੀ ਬਾਰੇ ਆਪ ਫ਼ਰਮਾਉਂਦੇ ਹਨ:

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ *(ਪੰਨਾ ੫੫੪)*

ਸ੍ਰੀ ਗੁਰੂ ਅਮਰਦਾਸ ਜੀ ਨੇ ਰਾਜੇ ਹਰੀ ਚੰਦ ਦੀ ਨਵ-ਵਿਆਹੀ ਪਤਨੀ ਨੂੰ ਘੁੰਡ ਕੱਢ ਕੇ ਦਰਬਾਰ ਵਿਚ ਆਉਣ ਸਮੇਂ 'ਝੱਲੀ' ਕਿਹਾ ਤੇ ਇਸ ਤਰ੍ਹਾਂ ਸਭ ਜਗਿਆਸੂਆਂ ਨੂੰ ਪਰਦੇ ਜਾਂ ਘੁੰਡ ਦੀ ਰਸਮ ਦਾ ਤਿਆਗ ਕਰਨ ਦਾ ਆਦੇਸ਼ ਦਿੱਤਾ।

ਗੁਰੂ ਜੀ ਨੇ ਆਮ ਗ੍ਰਿਹਸਤੀਆਂ, ਸਾਧੂਆਂ, ਸੰਨਿਆਸੀਆਂ ਤੇ ਰਾਜਿਆਂ ਤਕ ਨੂੰ ਆਦਰਸ਼ ਜ਼ਿੰਦਗੀ ਜਿਊਣ ਦੀ ਸਿੱਖਿਆ ਦਿੱਤੀ। ਰਾਜਿਆਂ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਮੁੱਖ ਧਰਮ ਨਿਆਂ ਕਰਨਾ ਹੈ:

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥ *(ਪੰਨਾ ੧੦੮੮)*

ਉਨ੍ਹਾਂ ਨੇ ਸਭ ਲਈ ਦੀਵਾਨ ਵਿਚ ਆਉਣ ਤੋਂ ਪਹਿਲਾਂ ਪੰਗਤ ਵਿਚ ਰਲਮਿਲ ਕੇ ਬਹਿਣ ਤੇ ਪਰਸ਼ਾਦਾ ਛਕਣ ਦੀ ਗੁਰੂ-ਘਰ ਦੀ ਮਰਯਾਦਾ ਦੀ ਪਾਲਣਾ ਕਰਨ ਦਾ ਹੁਕਮ ਦਿੱਤਾ। ਪਹਿਲਾਂ 'ਪੰਗਤਿ ਫਿਰ ਸੰਗਤਿ' ਦਾ ਨੇਮ ਲਾਗੂ ਕਰ ਦਿੱਤਾ। ਅਕਬਰ

ਬਾਦਸ਼ਾਹ ਨੂੰ ਵੀ ਦਰਸ਼ਨ ਦੇਣ ਤੋਂ ਪਹਿਲਾਂ ਪੰਗਤ ਵਿਚ ਬਿਠਾ ਕੇ ਪਰਸ਼ਾਦਾ ਛਕਾਇਆ ਗਿਆ। ਇਸ ਜ਼ਾਬਤੇ ਨਾਲ ਸੰਗਤ ਵਿਚ ਛੂਤ-ਛਾਤ ਦੀ ਭਾਵਨਾ ਮਿਟ ਗਈ।

ਸਿੱਖੀ ਦਾ ਪ੍ਰਚਾਰ :

ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਲਈ ੨੨ ਮੰਜੀਆਂ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਬਾਉਲੀ ਦਾ ਨਿਰਮਾਣ ਕਰਵਾਇਆ। ਗੋਇੰਦਵਾਲ ਪੱਤਣ ਦਾ ਨਗਰ ਸੀ ਤੇ ਉਹ ਪੱਤਣ ਵੀ ਸੀ ਸ਼ਾਹੀ ਸੜਕ ਦਾ। ਮੁਸਾਫਰਾਂ ਦਾ ਇਥੋਂ ਲਾਂਘਾ ਬਹੁਤ ਸੀ। ਗੁਰੂ ਸੰਗਤ ਵੀ ਇਥੇ ਕਾਫੀ ਜੁੜੀ ਰਹਿੰਦੀ ਸੀ। ਲੰਗਰ ਤਾਂ ਚਲਦਾ ਰਹਿੰਦਾ ਸੀ ਪਰ ਪੀਣ ਵਾਲੇ ਪਾਣੀ ਦੀ ਥੋੜ ਸੀ। ਗੁਰੂ ਜੀ ਨੇ ਸੰਨ ੧੫੫੯ ਈ: (੧੬੧੬ ਬਿ:) ਵਿਚ ਬਾਉਲੀ ਤਿਆਰ ਕਰਵਾਈ। ਇਸ ਦੀਆਂ ੮੪ ਪੌੜੀਆਂ ਹਨ। ਇਸ ਬਾਉਲੀ ਦੇ ਨਿਰਮਾਣ ਨਾਲ ਜਲ ਦੀ ਤੋਟ ਖਤਮ ਹੋ ਗਈ।

ਸ਼ਾਹੀ ਮਾਰਗ ਹੋਣ ਕਰਕੇ ਗੋਇੰਦਵਾਲ ਸਾਹਿਬ ਪ੍ਰਸਿੱਧ ਨਗਰ ਬਣ ਗਿਆ। ਕਰਤਾਰਪੁਰ ਸਾਹਿਬ ਤੋਂ ਖਡੂਰ ਸਾਹਿਬ ਮਗਰੋਂ ਇਹ ਸਿੱਖ ਧਰਮ ਦਾ ਤੀਸਰਾ ਕੇਂਦਰ ਸੀ। ਗੋਇੰਦਵਾਲ ਸਾਹਿਬ ਸਿੱਖੀ ਦਾ ਧੁਰਾ ਬਣ ਗਿਆ। ਲੰਗਰ ਦੇ ਨਿਰੰਤਰ ਚੱਲਣ ਨਾਲ ਸਿੱਖ ਧਰਮ ਦਾ ਬੜਾ ਵਿਕਾਸ ਹੋਇਆ। ਰਾਮਕਲੀ ਦੀ ਵਾਰ ਵਿਚ ਰਾਇ ਬਲਵੰਡਿ ਅਤੇ ਸਤੇ ਡੂਮ ਨੇ ਇਸੇ ਤੱਥ ਨੂੰ ਬਿਆਨ ਕੀਤਾ ਹੈ:

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥
ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ॥
ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ॥
ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ॥
ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥
ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ॥
ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥ *(ਪੰਨਾ ੯੬੮)*

ਗੁਰੂ ਸਾਹਿਬ ਦੀ ਦਿੱਤ ਦੇਣ, ਯੋਗਤਾ, ਮਹੱਤਵਪੂਰਨ ਕਾਰਜਾਂ ਤੇ ਯੋਗਦਾਨ ਦਾ ਉਲੇਖ ਸਮਕਾਲੀਆਂ ਤੇ ਉਤਰਵਰਤੀ ਇਤਿਹਾਸਕਾਰਾਂ ਨੇ ਬੜੀ ਸ਼ਰਧਾ ਨਾਲ ਕੀਤਾ ਹੈ। ਭੱਟ ਕੀਰਤ ਹੋਰਾਂ ਨੇ ਉਨ੍ਹਾਂ ਨੂੰ ਨਾਰਾਇਣ ਰੂਪ ਫ਼ਰਮਾਇਆ ਹੈ:

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ *(ਪੰਨਾ ੧੩੯੫)*

ਭੱਟ ਭੱਲਯ ਹੋਰਾਂ ਦੀ ਕੀਤੀ ਉਪਮਾ ਉਨ੍ਹਾਂ ਦੇ ਜੀਵਨ ਦੇ ਸਾਰ-ਤੱਤ ਅਨੁਕੂਲ ਹੈ:

ਰੁਦ੍ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲੁ ਉਨਹ ਜੁ ਗਾਵੈ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥ *(ਪੰਨਾ ੧੩੯੬)*

ਗੁਰੂ ਜੀ ਨੇ ਧਰਮ ਪ੍ਰਚਾਰ ਤੇ ਮੰਜੀਆਂ ਦੀ ਸਥਾਪਨਾ ਰਾਹੀਂ ਤੇ ਸਮਾਜਕ ਰਹੁ-ਰੀਤਾਂ ਵਿਰੁੱਧ ਆਵਾਜ਼ ਉਠਾ ਕੇ ਸਿੱਖ ਧਰਮ ਦੇ ਜਿਹੜੇ ਵਿਲੱਖਣ ਰੂਪ ਨੂੰ ਉਭਾਰਿਆ,

ਉਹ ਮਹੱਤਵਪੂਰਨ ਸੀ। ਲੇਖਕ ਪੇਨ ਠੀਕ ਹੀ ਲਿਖਦਾ ਹੈ ਕਿ "ਸਤੀ ਦੀ ਰਸਮ ਨੂੰ ਨਿਖੇਧਣ ਤੇ ਉਸ ਵਿਰੁੱਧ ਆਵਾਜ਼ ਉਠਾਉਣ ਦੀ ਪਹਿਲ ਆਪ ਨੇ ਹੀ ਕੀਤੀ ਸੀ।"[੬]

ਸਾਰੇ ਧਰਮਾਂ ਦਾ ਸਤਿਕਾਰ ਕਰਦਿਆਂ, ਸਰਬ-ਸਾਂਝੀ ਬਾਣੀ ਰਚਦਿਆਂ ਤੇ ਸੰਗ੍ਰਹਿਤ ਕਰਦਿਆਂ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਾਰਜ ਦੀ ਮੁਢਲੀ ਭੂਮਿਕਾ ਬੰਨ੍ਹੀ।[੭]

ਬਾਣੀ ਰਾਹੀਂ ਦਿੱਤੇ ਗਏ ਉਨ੍ਹਾਂ ਦੇ ਮਹੱਤਵਪੂਰਨ ਸੰਦੇਸ਼ ਨੂੰ ਹੇਠਲੇ ਸ਼ਬਦਾਂ 'ਚ ਵੇਖਿਆ ਜਾ ਸਕਦਾ ਹੈ:

- *ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ॥* *(ਪੰਨਾ ੨੯-੩੦)*
- *ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥*
  ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥ *(ਪੰਨਾ ੧੨੨)*
- *ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
  ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ *(ਪੰਨਾ ੮੫੩)*

ਉਨ੍ਹਾਂ ਨੇ ਸੱਚੀ ਬਾਣੀ ਦੀ ਮਹੱਤਤਾ ਦਰਸਾਈ:

- *ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥*
  ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥ *(ਪੰਨਾ ੯੨੦)*
- *ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥*
  ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ॥
  ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ॥
  ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ॥ *(ਪੰਨਾ ੯੬੮)*

ਸਿੱਖ ਧਰਮ ਦੀ ਮਹਾਨ ਸੇਵਾ ਕਰ ਕੇ ਆਪ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ 'ਤੇ ਬਿਠਾ ਕੇ ਜੋਤੀ ਜੋਤਿ ਸਮਾ ਗਏ।

ਫੁੱਟ ਨੋਟ :

੧. *ਭਾਈ ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (ਪਰਖ), ਪੰ. ਯੂ. ਚੰਡੀਗੜ੍ਹ, ੧੯੭੨, ਸਫਾ ੧੫੬.*

੨. *ਗਿਆਨੀ ਹਜ਼ਾਰਾ ਸਿੰਘ, ਗੁਰਮੁਖਿ ਗੁਰਮਤਿ ਕਥਾ ਕਹਾਣੀਆਂ, ਸਿਮਾਨੀ ਪ੍ਰਕਾਸ਼ਨ ਲੁਧਿਆਣਾ, ੧੯੮੮, ਸਫਾ ੧੧੩.*

੩. *ਡਾ. ਆਸਾ ਨੰਦ ਵੋਹਰਾ ਦਾ 'ਖੋਜ ਪੱਤ੍ਰਿਕਾ ਵਿਸ਼ੇਸ਼ ਅੰਕ' ਪਟਿਆਲਾ, ਸਤੰਬਰ ੧੯੭੯ ਨੂੰ ਛਪੇ ਲੇਖ 'ਚੋਂ। ਸਫਾ ੧੨ (ਸੰਪਾਦਿਕ) ਡਾ. ਰਤਨ ਸਿੰਘ ਜੱਗੀ।*

੪. *ਪ੍ਰੋ. ਕਰਤਾਰ ਸਿੰਘ, ਸਿੱਖ ਇਤਿਹਾਸ, ਭਾਗ ੧, ਸਫਾ ੧੪੨-੧੪੩.*

੫. *ਪ੍ਰੋ. ਕਰਤਾਰ ਸਿੰਘ, ਸਿੱਖ ਇਤਿਹਾਸ, ਸਫਾ ੧੪੪.*

੬. *Payne, A Short History of the Sikhs, P. 31.*

ਲਹਣੇ ਧਰਿਓਨੁ ਛਤ੍ਰ ਸਿਰਿ

*–ਡਾ. ਰਛਪਾਲ ਸਿੰਘ**

ਸ੍ਰੀ ਗੁਰੂ ਅੰਗਦ ਦੇਵ ਜੀ,੫ ਵੈਸਾਖ ਸੰਮਤ ੧੫੬੧ ਨੂੰ ਮੱਤੇ ਦੀ ਸਰਾਂ (ਜਿਸ ਨੂੰ 'ਨਾਗੇ ਦੀ ਸਰਾਂ' ਵੀ ਕਿਹਾ ਜਾਂਦਾ ਹੈ) ਵਿਖੇ, ਪਿਤਾ ਸ੍ਰੀ ਫੇਰੂ ਮੱਲ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਪਾਵਨ ਗ੍ਰਹਿ ਵਿਖੇ ਪ੍ਰਗਟ ਹੋਏ। ਮਾਤਾ ਪਿਤਾ ਨੇ ਆਪ ਜੀ ਦਾ ਨਾਮ ਲਹਿਣਾ ਰੱਖਿਆ। ਆਪ ਜੀ ਅਰੰਭਕ ਕਾਲ ਤੋਂ ਹੀ ਧਾਰਮਿਕ ਬਿਰਤੀਆਂ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਆਪ ਜੀ ਆਪਣੇ ਪਿਤਾ ਜੀ ਦੇ ਕਾਰੋਬਾਰ ਵਿਚ ਹੱਥ ਵਟਾਉਂਦੇ ਰਹੇ। ਆਪ ਜੀ ਦਾ ਵਿਆਹ ੧੫੧੯ ਈ: ਵਿਚ, ਪਿੰਡ ਸੰਘਰ (ਨੇੜੇ ਖਡੂਰ ਸਾਹਿਬ) ਦੇ ਵਸਨੀਕ ਸ੍ਰੀ ਦੇਵੀ ਚੰਦ ਮਰਵਾਹਾ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਆਪ ਜੀ ਦੇ ਦੋ ਸਪੁੱਤਰ (ਬਾਬਾ ਦਾਤੂ ਜੀ ਅਤੇ ਬਾਬਾ ਦਾਸੂ ਜੀ) ਅਤੇ ਦੋ ਧੀਆਂ (ਬੀਬੀ ਅਮਰੋ ਜੀ, ਬੀਬੀ ਅਨੋਖੀ ਜੀ) ਸਨ। ੧੫੩੨ ਈ: ਨੂੰ ਜਦੋਂ ਆਪ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦਰਸ਼ਨ ਕਰਨ ਆਏ ਤਾਂ ''ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ'' ਗੁਰਬਾਣੀ ਦੇ ਮਹਾਂਵਾਕ ਅਨੁਸਾਰ ਸਦਾ ਲਈ ਗੁਰੂ ਜੀ ਦੇ ਹੀ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਹਿਮਤ ਭਰੀ ਨਿਗ੍ਹਾ ਆਪ ਜੀ ਉੱਤੇ ਐਸੀ ਪਈ ਕਿ ਜਨਮਾਂ–ਜਨਮਾਂ ਦਾ ਹਨ੍ਹੇਰਾ ਮਿਟ ਗਿਆ। ਮਨ ਸ਼ਾਂਤ ਅਤੇ ਮਹਾਂ ਅਨੰਦ ਦੀ ਪ੍ਰਾਪਤੀ ਹੋ ਗਈ:

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥

(ਪੰਨਾ ੨੦੪)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਿਆਰੇ ਸੇਵਕ, ਭਾਈ ਲਹਿਣਾ ਜੀ ਨੂੰ ਘੋਖ–ਪਰਖ ਕੇ ਜਦੋਂ ਜਾਣਿਆ ਕਿ ਇਹ ਹਰ ਕਸਵੱਟੀ 'ਤੇ ਪੂਰੇ ਹਨ ਤਾਂ ਪੂਰੇ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਨੇ, ਸੇਵਕ ਨੂੰ 'ਅੰਗਦ' ਬਣਾ ਲਿਆ। ਪਾਰਸ ਧਾਤ ਵਿਚ ਇਹ ਗੁਣ ਹੈ ਕਿ ਉਹ ਲੋਹੇ ਨੂੰ ਸੋਨਾ ਤਾਂ ਬਣਾ ਸਕਦਾ ਹੈ ਪਰ ਆਪਣੇ ਵਰਗਾ (ਪਾਰਸ) ਨਹੀਂ ਬਣਾ ਸਕਦਾ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਸੇਵਕ ਨੂੰ ਆਪਣਾ ਹੀ ਰੂਪ ਬਣਾ ਲਿਆ ਅਤੇ ਉਸ ਵਿਚ ਰਤੀ ਭਰ ਵੀ ਭਿੰਨ–ਭੇਦ ਨਾ ਰਹਿਣ ਦਿੱਤਾ। ਭਾਈ ਗੁਰਦਾਸ ਜੀ ਨੇ ਇਸ ਨੂੰ ਇੰਞ ਬਿਆਨ ਕੀਤਾ ਹੈ:

ਪਾਰਸੁ ਹੋਆ ਪਾਰਸਹੁ ਸਤਿਗੁਰ ਪਰਚੇ ਸਤਿਗੁਰੁ ਕਹਣਾ।
ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤ ਵਿਚਿ ਰਹਣਾ।

* *ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਖੇਤਰੀ ਖੋਜ ਕੇਂਦਰ, ਗੁਰਦਾਸਪੁਰ–੧੪੩੫੨੧.*

ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਸਮਹਣਾ।
ਅਪਿਉ ਪੀਅਣ ਨਿਝਰੁ ਝਰਣੁ ਅਜਰੁ ਜਰਣੁ ਅਸਹੀਅਣੁ ਸਹਣਾ।
ਸਚੁ ਸਮਾਣਾ ਸਚੁ ਵਿਚਿ ਗਾਡੀ ਰਾਹੁ ਸਾਧਸੰਗਿ ਵਹਣਾ।
ਬਾਬਾਣੈ ਘਰਿ ਚਾਨਣੁ ਲਹਣਾ। *(ਵਾਰ ੨੪:੬)*

ਇੰਞ ਗੁਰੂ-ਚੇਲਾ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਰੰਭ ਹੋਈ ਅਤੇ ਇਹ ਦਸਵੇਂ ਸਰੂਪ ਤਕ ਵਧਦੀ-ਫੁਲਦੀ ਰਹੀ।

ਉਸ ਸਮੇਂ ਹਿੰਦੁਸਤਾਨ ਵਿਚ ਦੇਵਨਾਗਰੀ ਲਿੱਪੀ ਅਥਵਾ ਸੰਸਕ੍ਰਿਤ ਭਾਸ਼ਾ ਦੀ ਚੜ੍ਹਤ ਸੀ। ਉੱਚ ਵਰਗ ਦਾ ਸਮੁੱਚੇ ਮਨੁੱਖੀ ਜੀਵਨ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਅਦਾਰਿਆਂ ਵਿਚ ਬੋਲਬਾਲਾ ਸੀ। ਸਾਰੀਆਂ ਧਾਰਮਿਕ, ਸਮਾਜਿਕ ਰੀਤਾਂ-ਰਸਮਾਂ ਸੰਸਕ੍ਰਿਤ ਭਾਸ਼ਾ ਵਿਚ ਕੀਤੀਆਂ ਜਾਂਦੀਆਂ ਸਨ। ਪਰ ਸੰਸਕ੍ਰਿਤ ਭਾਸ਼ਾ ਸਾਧਾਰਨ ਲੋਕਾਂ ਦੀ ਬੋਲੀ ਨਾ ਹੋਣ ਕਰਕੇ, ਆਮ ਲੋਕਾਂ ਦੀ ਸਮਝ ਤੋਂ ਬਾਹਰ ਸੀ। ਜਿਸ ਗੱਲ (ਉਪਦੇਸ਼) ਦੀ ਲੋਕਾਂ ਵਿਚ ਸਮਝ ਨਹੀਂ ਸੀ, ਉਸ ਦਾ ਉਪਦੇਸ਼ ਭਾਵੇਂ ਕਿੰਨਾ ਵੀ ਵਧੀਆ ਕਿਉਂ ਨਾ ਹੋਵੇ, ਦਾ ਮਨੁੱਖੀ ਮਨ ਉੱਤੇ ਕਿਵੇਂ ਪ੍ਰਭਾਵ ਪੈ ਸਕਦਾ ਹੈ? ਗੁਰੂ ਸਾਹਿਬ ਦਾ ਮੁੱਖ ਮੰਤਵ ਤਾਂ ਲੋਕਾਈ ਨੂੰ ਅਕਾਲ ਪੁਰਖ ਦੇ ਨਾਮ ਹੇਠਾਂ ਇਕੱਤਰ ਕਰ ਕੇ, ਸਭ ਪ੍ਰਕਾਰੀ ਉੱਚ-ਨੀਚ ਦੇ ਭੇਦ-ਭਾਵ ਮਿਟਾ ਕੇ, "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦਾ ਸਰਬਸਾਂਝਾ ਸੁਨੇਹਾ ਦੇਣਾ ਸੀ। ਆਪਣੇ ਇਸ ਮਹਾਨ ਉਦੇਸ਼ ਦੀ ਪੂਰਤੀ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੋਕ-ਲਿੱਪੀ 'ਗੁਰਮੁਖੀ' ਦਾ ਬਾਲ-ਬੋਧ ਤਿਆਰ ਕਰਵਾ ਕੇ, ਇਸ ਨੂੰ ਸਾਧਾਰਨ ਜਨਤਾ ਵਿਚ ਪ੍ਰਚਾਰਿਆ ਅਤੇ ਲੋਕਪ੍ਰਿਯ ਬਣਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਦਾ ਸੁਧਾਰ ਅਤੇ ਪ੍ਰਚਾਰ ਹੋਰ ਵੀ ਜ਼ੋਰ ਨਾਲ ਕੀਤਾ।

ਸ੍ਰੀ ਗੁਰੂ ਅੰਗਦ ਦੇਵ ਜੀ ਛੋਟੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ, ਜਿੱਥੇ ਗੁਰਮੁਖੀ ਲਿੱਪੀ, ਗੁਰਮਤਿ ਸਿੱਖਿਆ ਦੁਆਰਾ ਮਾਨਸਿਕ ਤੌਰ 'ਤੇ ਸ਼ਕਤੀਸ਼ਾਲੀ ਬਣਾ ਰਹੇ ਸਨ, ਉਥੇ ਨਾਲ-ਨਾਲ, ਉਨ੍ਹਾਂ ਨੂੰ ਸਰੀਰਕ ਤੌਰ 'ਤੇ ਬਲਵਾਨ ਬਣਾਉਣ ਲਈ ਕਸਰਤਾਂ/ਕੁਸ਼ਤੀਆਂ ਵਗੈਰਾ ਵੀ ਕਰਵਾਇਆ ਕਰਦੇ ਸਨ।

ਲੰਗਰ ਅਤੇ ਪੰਗਤ ਦੀ ਪਰੰਪਰਾ ਤਾਂ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਈ ਸੀ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ, ਇਸ ਨਰੋਈ ਪਰੰਪਰਾ ਨੂੰ ਜਾਰੀ ਰੱਖਿਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਘਿਉ ਵਾਲੀ ਖੀਰ ਵਰਤਾਈ ਜਾਂਦੀ ਸੀ ਅਤੇ ਇਸ ਲੰਗਰ ਦੀ ਸੇਵਾ ਦਾ ਮਹਾਨ ਕੰਮ ਉਨ੍ਹਾਂ ਦੇ ਮਹਿਲ ਮਾਤਾ ਖੀਵੀ ਜੀ ਦੇ ਸਪੁਰਦ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ, ਸਰੀਰਕ ਬਣਤਰ

ਕਰਕੇ ਭਾਵੇਂ ਸੰਸਾਰਿਕ ਦ੍ਰਿਸ਼ਟੀ ਤੋਂ ਵੱਖ-ਵੱਖ ਪ੍ਰਤੀਤ ਹੁੰਦੇ ਹੋਣ ਪਰ ਵਾਸਤਵਿਕ ਰੂਪ ਵਿਚ, ਅੰਤ੍ਰੀਵੀ ਜੋਤ ਸਰੂਪ ਕਰਕੇ, ਦੋਵਾਂ ਵਿਚ ਰਤੀ ਜਿੰਨਾ ਵੀ ਭਿੰਨ-ਭੇਦ ਨਹੀਂ ਸੀ।

ਅਕਾਲ ਪੁਰਖ ਨੇ ਜਗਤ-ਕਲਿਆਣ ਦੇ ਜਿਸ ਮੰਤਵ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੇਜਿਆ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸੇ ਮਾਰਗ ਨੂੰ ਅੱਗੇ ਤੋਰਿਆ। ਮਨੁੱਖਤਾ ਦੇ ਭਲੇ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ, ਅਜਿਹਾ ਗੁਰਮਤਿ ਪ੍ਰਵਾਹ ਚਲਾਇਆ ਜੋ ਸਭ ਪ੍ਰਕਾਰੀ ਵਹਿਮਾਂ-ਭਰਮਾਂ, ਅਡੰਬਰਾਂ ਅਤੇ ਮਨੁੱਖੀ ਊਚ-ਨੀਚ ਦੀ ਕਾਣੀ-ਵੰਡ ਤੋਂ ਮੁਕਤ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਸ਼ੇ, ਰੂਪ ਅਤੇ ਸਿਧਾਂਤ ਦੇ ਪੱਖ ਤੋਂ ਬੜੀ ਮਹਾਨ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਵੀ ਹੈ ਕਿ ਵੱਡੇ ਗੁਰਮਤਿ ਸਿਧਾਂਤਾਂ ਨੂੰ, ਸੀਮਤ ਸ਼ਬਦਾਂ ਵਿਚ ਪ੍ਰਸਤੁਤ ਕਰ ਦਿੱਤਾ ਗਿਆ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਆਪ ਜੀ ਨੇ ਬਾਣੀ ਵਿਚ ਲੋਕਾਈ ਨੂੰ ਸਿੱਖਿਆ ਦਿੰਦੇ ਲਿਖਿਆ ਹੈ ਕਿ ਪੂਰੇ ਗੁਰੂ ਦੀ ਕਿਰਪਾ ਤੋਂ ਬਿਨਾਂ ਸੰਸਾਰ-ਸਾਗਰ ਤਰਿਆ ਨਹੀਂ ਜਾ ਸਕਦਾ। ਗੁਰੂ ਤੋਂ ਹੀਣ ਅਰਥਾਤ ਨਿਗੁਰੇ ਪੁਰਸ਼ਾਂ ਦਾ ਜਨਮ ਵਿਅਰਥ ਚਲਾ ਜਾਂਦਾ ਹੈ।

ਸਾਰੇ ਬ੍ਰਹਿਮੰਡ ਦੇ ਸਮੁੱਚੇ ਜੀਵ-ਜੰਤੂਆਂ, ਬਨਸਪਤੀ ਦਾ ਕਰਤਾ, ਨਾਸ਼ ਕਰਨ ਵਾਲਾ ਅਤੇ ਸਭ ਦੀ ਸੰਭਾਲ ਕਰਨ ਵਾਲਾ ਵੀ ਪਰਮੇਸ਼ਰ ਖੁਦ ਆਪ ਹੀ ਹੈ। ਇਸ ਲਈ ਅਕਾਲ ਪੁਰਖ ਨੂੰ ਛੱਡ ਕੇ, ਹੋਰ ਕਿਸੇ ਅੱਗੇ ਬੇਨਤੀ ਕਰਨੀ ਚੰਗੀ ਨਹੀਂ ਲੱਗਦੀ ਕਿਉਂਕਿ ਸਭ ਥਾਈਂ ਤਾਂ ਉਹ ਆਪ ਹੀ ਵਰਤ ਰਿਹਾ ਹੈ।

ਸੋਰਠਿ ਕੀ ਵਾਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਬਿਆਨ ਕਰਦੇ ਹਨ ਕਿ ਬੰਦੇ ਨੂੰ ਹਰ ਥਾਂ ਰਿਜਕ (ਕਿਰਤ) ਹੀ ਖਿੱਚੀ ਫਿਰਦਾ ਹੈ। ਸਾਰੀ ਸ੍ਰਿਸ਼ਟੀ ਦਾ ਕਰਤਾ ਅਕਾਲ-ਪੁਰਖ ਸਰਬ ਕਲਾ ਸਮਰੱਥ ਹੈ। ਉਸੇ ਨੇ ਹੀ ਸਾਰੇ ਸੰਸਾਰ ਵਿਚ ਆਪਣੀ ਸਤ੍ਹਾ ਟਿਕਾ ਰੱਖੀ ਹੈ।

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ *(ਪੰਨਾ ੬੫੩)*

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਹੋਏ ''ਗੁਰਮੁਖੀ ਸਫਰ'' ਦੇ ਅਸਲ ਪਾਂਧੀ ਸ੍ਰੀ ਗੁਰੂ ਅੰਗਦ ਦੇਵ ਜੀ ਹਨ। ਸਭ ਪ੍ਰਕਾਰੀ ਕਠਿਨ ਘਾਲਨਾਵਾਂ ਅਤੇ ਪ੍ਰੀਖਿਆਵਾਂ ਵਿੱਚੋਂ ਭਾਈ ਲਹਿਣਾ ਜੀ ਸਫਲ ਹੋਏ। ਭਾਈ ਲਹਿਣਾ ਜੀ ਤੋਂ ਆਪ ਜੀ 'ਅੰਗਦ' ਬਣੇ ਅਤੇ ਅੰਗਦ ਤੋਂ 'ਗੁਰੂ ਅੰਗਦ ਦੇਵ ਜੀ' ਬਣ ਕੇ, ਸ੍ਰੀ ਗੁਰੂ ਨਾਨਕ ਦੇਵ

(ਬਾਕੀ ਸਫ਼ਾ ੫੨ 'ਤੇ)

ਜੋਤੀ-ਜੋਤਿ ਦਿਵਸ ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਪ੍ਰਕਾਸ਼ ਤੇ ਗੁਰਗੱਦੀ ਦਿਵਸ ਗੁਰੂ ਤੇਗ ਬਹਾਦਰ ਸਾਹਿਬ 'ਤੇ ਵਿਸ਼ੇਸ਼:

ਬਾਬਾ ਬਕਾਲੇ

*-ਸੁਰਿੰਦਰ ਸਿੰਘ ਨਿਮਾਣਾ**

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੀ ਸਥਾਪਨਾ ਉਪਰੰਤ ਇਸ ਵਿਲੱਖਣ ਧਰਮ ਦਾ ਪੂਰਨ ਵਿਗਾਸ ਦੋ ਸਦੀਆਂ ਤੋਂ ਵੱਧ ਸਮੇਂ ਵਿਚ ਦਸ ਗੁਰੂ ਸਾਹਿਬਾਨ ਦੀ ਸੁਚੱਜੀ ਅਗਵਾਈ ਹੇਠ ਹੋਇਆ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਾਜਨਾ ਦੀ ਘਟਨਾ ਇਸ ਦਾ ਪੂਰਨ ਵਿਗਾਸ ਸੁਨਿਸ਼ਚਿਤ ਕਰਦੀ ਹੈ। ਹਰੇਕ ਗੁਰੂ ਸਾਹਿਬ ਦਾ ਗੁਰਗੱਦੀ ਕਾਲ ਸਿੱਖ ਧਰਮ ਦੇ ਇਕ ਖਾਸ ਵਿਕਾਸ ਪੜਾਅ ਦਾ ਸੰਕੇਤ ਦਿੰਦਾ ਹੈ। ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਗੱਦੀ ਦਾ ਲੱਗਭਗ ਢਾਈ ਵਰ੍ਹਿਆਂ ਦਾ ਸੀਮਤ ਸਮਾਂ ਗੁਰ-ਇਤਿਹਾਸ ਦੇ ਸੁਨਿਹਰੀ ਪੰਨਿਆਂ 'ਚ ਅੰਕਤ ਹੋਇਆ, ਹਰੇਕ ਪਾਠਕ ਸ੍ਰੋਤੇ ਨੂੰ ਵਿਸਮਾਦ ਦੇ ਆਵੇਸ਼ ਵਿਚ ਲੈ ਜਾਂਦਾ ਹੈ। ਸਿੱਖੀ ਦਾਇਰੇ ਤੋਂ ਬਾਹਰ ਰਹਿਣ ਵਾਲੇ ਲੋਕ ਤਾਂ ਹੈਰਾਨੀ ਪ੍ਰਗਟ ਕਰਨ ਲੱਗਦੇ ਹਨ ਕਿ ਮਾਤਰ ਸਵਾ ਪੰਜ ਵਰ੍ਹਿਆਂ ਦੀ ਉਮਰ ਵਿਚ ਰੂਹਾਨੀ ਅਗਵਾਈ ਦੀ ਸਮਰੱਥਾ ਕਿਵੇਂ ਹੋ ਸਕਦੀ ਹੈ, ਪਰੰਤੂ ਸੱਚੇ ਸਿੱਖ ਦਾ ਅਡੋਲ ਵਿਸ਼ਵਾਸ ਗੁਰੂ ਦੀ ਅਜ਼ਮਤ, ਉਸ ਦੀ ਵਡੱਤਣ ਨੂੰ ਸਹਿਜ ਰੂਪ 'ਚ ਪ੍ਰਵਾਨ ਕੇ ਉਸ ਅੱਗੇ ਨਤ-ਮਸਤਕ ਹੁੰਦਾ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੰਮਤ ਨਾਨਕਸ਼ਾਹੀ ੧੯੩ (ਸੰਨ ੧੬੬੧) ਨੂੰ ਗੁਰੂ ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਪਾਸੋਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰਗੱਦੀ ਉੱਪਰ ਬੈਠ ਕੇ ਸਿੱਖ ਸੰਗਤਾਂ ਦੀ ਰੂਹਾਨੀ ਅਗਵਾਈ ਦੀ ਜ਼ਿੰਮੇਵਾਰੀ ਬਖਸ਼ਿਸ਼ ਕੀਤੀ ਗਈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੋਂ ਆਯੂ ਵਿਚ ਕਾਫੀ ਵੱਡੇ, ਮਸੰਦਾਂ ਵਿਚ ਜਾਣ-ਪਛਾਣ ਰੱਖਣ ਵਾਲੇ ਅਤੇ ਸਰਕਾਰੇ-ਦਰਬਾਰੇ ਪਹੁੰਚ ਰੱਖਣ ਵਾਲੇ ਵੱਡੇ ਭਰਾ ਸ੍ਰੀ ਰਾਮ ਰਾਇ ਦੀ ਮਨਸ਼ਾ ਸੀ ਕਿ ਗੁਰਗੱਦੀ ਦਾ ਹੱਕ ਉਸ ਦਾ ਸੀ ਪਰੰਤੂ ਉਮਰ 'ਚ ਵੱਡੇ ਹੋਣ ਦੀ ਕਸਵੱਟੀ ਗੁਰੂ-ਘਰ 'ਚ ਲਾਗੂ ਨਹੀਂ ਹੋ ਸਕਦੀ। ਇਹ ਧੁਰ-ਦਰਗਾਹੀ ਹੁਕਮ, ਬਖਸ਼ਿਸ਼, ਰੂਹਾਨੀ ਸੰਸਕਾਰਾਂ, ਸੁੱਚੇ ਅਧਿਆਤਮਕ ਅਨੁਭਵ ਤੇ ਗਿਆਨ ਆਦਿ ਕਸਵੱਟੀਆਂ ਦਾ ਅੰਮ੍ਰਿਤ ਫਲ ਹੋ ਸਕਦੀ ਸੀ। ਰਾਮਰਾਇ ਨੇ ਪਾਵਨ ਗੁਰਬਾਣੀ ਦੀ ਤੁਕ ਨੂੰ ਬਾਦਸ਼ਾਹ ਔਰੰਗਜ਼ੇਬ ਦੇ ਭੈਅ ਜਾਂ ਖੁਸ਼ ਕਰਨ ਦੇ ਮਨੋਭਾਵ ਨਾਲ ਬਦਲ ਕੇ ਆਪਣੀ ਮੂਲ ਮੁੱਢਲੀ ਯੋਗਤਾ ਉੱਪਰ ਕਾਂਟਾ ਫਿਰਵਾ ਲਿਆ ਸੀ। ਰਾਮ ਰਾਇ ਨੇ 'ਮਿਟੀ ਮੁਸਲਮਾਨ ਕੀ' ਨੂੰ 'ਮਿਟੀ ਬੇਈਮਾਨ ਕੀ' ਲਿਖਿਆ ਦੱਸ ਕੇ ਬਾਦਸ਼ਾਹ ਨੂੰ ਤਾਂ ਖੁਸ਼

**ਸ/ਸੰਪਾਦਕ ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ। ਮੋ: ੯੮੫੫੦-੭੩੭੪੫.*

ਕਰ ਲਿਆ ਪਰੰਤੂ ਗੁਰੂ-ਪਿਤਾ ਦੀਆਂ ਨਜ਼ਰਾਂ 'ਚ ਆਪਣੇ ਆਪ ਨੂੰ ਗਿਰਾ ਲਿਆ। ਐਸੀ ਅਵੱਗਿਆ ਬਾਰੇ ਸੁਣਦਿਆਂ ਸਾਰ ਗੁਰੂ ਪਾਤਸ਼ਾਹ ਨੇ ਫ਼ੁਰਮਾਨ ਕੀਤਾ ਕਿ ਰਾਮਰਾਇ ਸਾਡੇ ਮੱਥੇ ਨਾ ਲੱਗੇ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਿੱਖ ਸੰਗਤਾਂ ਨੂੰ ਰੂਹਾਨੀ ਗਿਆਨ-ਉਪਦੇਸ਼ ਬਖਸ਼ਿਸ਼ ਕਰਦੇ। ਪਾਵਨ ਗੁਰਬਾਣੀ ਦੇ ਫ਼ੁਰਮਾਨਾਂ ਨਾਲ ਨਿਹਾਲ ਕਰਦੇ। ਅਗਿਆਨ ਹਨੇਰਾ ਕੱਟਦੇ। ਸਿੱਖ ਸੰਗਤਾਂ ਦੇ ਨਾਲ-ਨਾਲ ਸਰਬ ਸਾਧਾਰਨ ਲੋਕਾਈ ਦਾ ਵੀ ਭਵ-ਸਾਗਰ ਤੋਂ ਪਾਰ ਉਤਾਰਾ ਕਰਦੇ। ਦਸਮ ਪਾਤਸ਼ਾਹ ਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸੰਬੰਧੀ ਵਿਸਮਾਦ ਭਰਪੂਰ ਕਥਨ ਰੋਜ਼ਾਨਾ ਸਿੱਖ ਅਰਦਾਸ ਦਾ ਅਨਿੱਖੜ ਹਿੱਸਾ ਬਣ ਚੁੱਕਾ ਹੈ:

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ॥

ਜਿਵੇਂ ਸੂਰਜ ਦਾ ਸੁਭਾਅ ਹੈ ਕਿ ਉਹ ਪ੍ਰਕਾਸ਼ ਕਿਰਨਾਂ ਨਾਲ ਸੰਸਾਰ ਦੇ ਹਰ ਕੋਨੇ ਦਾ ਹਨ੍ਹੇਰਾ ਕੱਟਦਾ ਹੈ, ਜਿਵੇਂ ਚੰਦਰਮਾ ਪੂਰਨਤਾ ਦੀ ਸਥਿਤੀ 'ਚ ਸਭ ਨੂੰ ਸੀਤਲ ਚਾਨਣੀ ਵੰਡਦਾ ਹੈ ਇਵੇਂ ਹੀ ਸੱਚੇ ਰੂਹਾਨੀ ਗਿਆਨ ਅਨੁਭਵ ਦੇ ਅਸੀਮ ਖਜ਼ਾਨੇ ਗੁਰੂ ਦਾ ਨਿਰਮਲ ਪ੍ਰਭਾਵ ਦਰਸ਼ਨ-ਦੀਦਾਰੇ ਕਰਨ ਵਾਲਿਆਂ 'ਤੇ ਹੋਣਾ ਸੁਭਾਵਕ ਹੈ। ਭਾਈ ਸੰਤੋਖ ਸਿੰਘ ਦਾ ਅਠਵੇਂ ਪਾਤਸ਼ਾਹ ਦੇ ਵਿਅਕਤਿਤਵ-ਪ੍ਰਭਾਵ ਸੰਬੰਧੀ ਕਥਨ ਹੈ ਕਿ ਜਿਸ ਪ੍ਰਕਾਰ ਸਵੇਰ ਦਾ ਸੂਰਜ ਦੇਖਣ ਵਿਚ ਬਹੁਤ ਛੋਟਾ ਹੁੰਦਾ ਹੈ ਪਰੰਤੂ ਉਸ ਦਾ ਚਾਨਣ ਚਾਰੇ ਪਾਸੇ ਪਸਰ ਕੇ ਸ੍ਰਿਸ਼ਟੀ ਨੂੰ ਰੁਸ਼ਨਾ ਦਿੰਦੈ ਉਸੇ ਪ੍ਰਕਾਰ ਲੋਕ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦੇਖ ਕੇ, ਉਨ੍ਹਾਂ ਦੇ ਨਿਰਮਲ ਬਚਨ ਸੁਣ ਕੇ ਬਹੁਤ ਅਨੰਦ-ਪ੍ਰਸੰਨ ਹੋ ਜਾਂਦੇ ਸਨ।

ਸਿੱਖ ਸੰਗਤਾਂ ਤਾਂ ਗੁਰੂ ਜੀ ਤੋਂ ਵਾਰਨੇ ਬਲਿਹਾਰਨੇ ਜਾਂਦੀਆਂ ਐਪਰ ਸ੍ਰੀ ਰਾਮ ਰਾਇ ਆਪਣੇ ਮਨਮੱਤੀ ਕਰਮਾਂ 'ਚ ਉਲਝੇ ਰਹੇ। ਉਨ੍ਹਾਂ ਨੇ ਚੜ੍ਹੇ ਸੂਰਜ ਰੂਪੀ ਹਕੀਕਤ ਤੋਂ ਅਨਜਾਣਤਾ, ਅਗਿਆਨਤਾ 'ਚ ਰਹਿੰਦਿਆਂ ਅੱਖਾਂ ਮੀਟੀ ਰੱਖੀਆਂ। ਇਹੀ ਨਹੀਂ, ਸਰਕਾਰੇ-ਦਰਬਾਰੇ ਆਪਣੀ ਜਾਣ-ਪਛਾਣ ਦਾ ਅਯੋਗ ਲਾਭ ਲੈਣ ਤੋਂ ਵੀ ਪਿੱਛੇ ਨਾ ਰਹੇ। ਔਰੰਗਜ਼ੇਬ ਕੋਲ ਜਾ ਸ਼ਿਕਾਇਤ ਕੀਤੀ ਕਿ ਹੇ ਬਾਦਸ਼ਾਹ ਸਲਾਮਤ! ਵੱਡਾ ਪੁੱਤਰ ਮੈਂ ਸਾਂ। ਹਰ ਪ੍ਰਕਾਰ ਦੀ ਮੇਰੇ 'ਚ ਯੋਗਤਾ ਨੂੰ ਅਣਡਿੱਠ ਕਰ ਕੇ ਮੇਰੇ ਪਿਤਾ ਜੀ ਨੇ ਮੇਰੇ ਛੋਟੇ ਭਰਾ ਸ੍ਰੀ ਹਰਿਕ੍ਰਿਸ਼ਨ ਨੂੰ ਗੁਰਗੱਦੀ 'ਤੇ ਬਿਠਾ ਕੇ ਮੇਰੇ ਨਾਲ ਅਨਿਆਂ ਕੀਤਾ ਹੈ। ਤੁਸੀਂ ਮੈਨੂੰ ਮੇਰਾ ਹੱਕ ਦਿਲਵਾਓ! ਬਾਦਸ਼ਾਹ ਨੂੰ ਮਹਿਸੂਸ ਹੋਇਆ ਕਿ ਉਸ ਨੂੰ ਇਸ ਵਿੱਚੋਂ ਰਾਜਸੀ ਲਾਭ ਮਿਲ ਸਕਦਾ ਹੈ। ਸਿੱਖ ਧਰਮ ਪ੍ਰਚਾਰ 'ਚ ਰੁਕਾਵਟ ਪੈ ਸਕਦੀ ਹੈ ਅਤੇ ਇਸਲਾਮ ਦਾ ਫੈਲਾਉ ਹੋ ਸਕਦਾ ਹੈ। ਉਸ ਨੇ ਆਪਣੇ ਵਿਸ਼ਵਾਸਪਾਤਰ ਅਹਿਲਕਾਰ ਮਿਰਜਾ ਰਾਜਾ ਜੈ ਸਿਹੁੰ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਲਿਆਉਣ ਦਾ ਕਾਰਜ ਸੌਂਪਿਆ। ਸ੍ਰੀ ਗੁਰੂ ਹਰਿਰਾਇ

ਸਾਹਿਬ ਤੋਂ ਗੁਰੂ-ਘਰ ਦੀ ਤਤਕਾਲੀ ਰਾਜਸੀ ਹਾਕਮ ਸੰਬੰਧੀ 'ਨਹਿ ਮਲੇਛ ਕੋ ਦਰਸ਼ਨ ਦੇ ਹੈ' ਦੀ ਨੀਤੀ ਚਲਦੀ ਆ ਰਹੀ ਸੀ। ਰਾਮ ਰਾਇ ਦੇ ਮਨ ਵਿਚ ਸੀ ਕਿ ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਦਸ਼ਾਹ ਨੂੰ ਦਿੱਲੀ ਜਾ ਕੇ ਮਿਲਣਗੇ ਤਾਂ ਮੈਂ ਇਸ ਗੱਲ ਨੂੰ ਉਭਾਰਾਂਗਾ ਕਿ ਇਨ੍ਹਾਂ ਨੇ ਗੁਰੂ-ਘਰ ਦੀ ਉਸ ਦੇ ਮੱਥੇ ਨਾ ਲੱਗਣ ਦੀ ਨੀਤੀ ਦੀ ਅਵੱਗਿਆ ਕੀਤੀ ਹੈ। ਔਰੰਗਜ਼ੇਬ ਵੀ ਜਾਣਦਾ ਸੀ ਕਿ ਗੁਰੂ-ਘਰ ਦੀ ਉਸ ਦੇ ਮੱਥੇ ਨਾ ਲੱਗਣ ਦੀ ਨੀਤੀ ਜਾਰੀ ਹੈ। ਮਿਰਜਾ ਰਾਜਾ ਜੈ ਸਿਹੁੰ ਨੂੰ ਕਾਰਜ ਭਾਰ ਸੌਂਪਣ ਵਕਤ ਇਹ ਸਭ ਔਰੰਗਜ਼ੇਬ ਦੇ ਦਿਲ-ਦਿਮਾਗ 'ਚ ਸੀ। ਉਹ ਇਕ ਸ਼ਾਤਰ ਸ਼ਖ਼ਸ ਤਾਂ ਸੀ ਹੀ। ਮਿਰਜਾ ਰਾਜਾ ਜੈ ਸਿਹੁੰ ਨੇ ਆਪਣੇ ਹੱਥੀਂ ਬੜੇ ਹੀ ਪਿਆਰ-ਸਤਿਕਾਰ ਸਹਿਤ ਗੁਰੂ ਜੀ ਨੂੰ ਦਿੱਲੀ ਆਉਣ ਵਾਸਤੇ ਪੁਰਜ਼ੋਰ ਸੱਦਾ-ਪੱਤਰ ਲਿਖ ਕੇ, ਆਪਣੇ ਖਾਸ ਸੰਦੇਸ਼ਵਾਹਕ ਹੱਥ ਭੇਜਿਆ। ਗੁਰੂ ਜੀ ਨੂੰ ਦਿੱਲੀ ਦੀ ਸਿੱਖ ਸੰਗਤ ਦਾ ਵੀ ਸੱਦਾ-ਪੱਤਰ ਮਿਲਿਆ। ਸਿੱਖ ਸੰਗਤ ਨੇ ਲਿਖਿਆ ਸੀ ਕਿ ਰਾਮਰਾਇ ਦਿੱਲੀ 'ਚ ਗਲਤ ਕਿਸਮ ਦਾ ਪ੍ਰਚਾਰ ਕਰ ਰਿਹਾ ਹੈ। ਆਪ ਦਿੱਲੀ ਆਓ। ਆਪ ਦੇ ਦਰਸ਼ਨਾਂ ਲਈ ਸਾਰੀ ਸੰਗਤ ਬੜੀ ਬੇਤਾਬ ਹੈ। ਸਿੱਖ ਸੰਗਤ ਦੁਆਰਾ ਲਿਖਿਆ ਸੱਦਾ-ਪੱਤਰ ਵੀ ਸੰਦੇਸ਼ਵਾਹਕ ਹੱਥ ਹੀ ਕੀਰਤਪੁਰ ਸਾਹਿਬ ਭੇਜਿਆ ਦੱਸਿਆ ਜਾਂਦਾ ਹੈ। ਮੁੱਖ ਤੌਰ 'ਤੇ ਇਹੀ ਸੱਦਾ-ਪੱਤਰ ਸੀ ਜਿਸ ਦੀ ਸੁਭਾਵਕ ਖਿੱਚ ਦਾ ਸਦਕਾ ਗੁਰੂ ਜੀ ਦਿੱਲੀ ਜਾਣ ਵਾਸਤੇ ਰਜ਼ਾਮੰਦ ਹੋਏ। ਗੁਰੂ ਜੀ ਜਦੋਂ ਦਿੱਲੀ ਲਈ ਰਵਾਨਾ ਹੋਏ ਤਾਂ ਕੁਝ ਗਿਣਤੀ ਵਿਚ ਸਿੱਖ ਸੰਗਤਾਂ ਆਪ ਦੇ ਸੰਗ-ਸਾਥ ਹੋ ਤੁਰੀਆਂ। ਆਪ ਦੇ ਸਤਿਕਾਰਤ ਦਾਦੀ ਜੀ ਅਤੇ ਮਾਤਾ ਜੀ ਵੀ ਦਿੱਲੀ ਨਾਲ ਹੀ ਗਏ। ਰਸਤੇ 'ਚ ਕਈ ਥਾਈਂ ਪੜਾਅ ਕੀਤੇ। ਨਾਮ-ਬਾਣੀ, ਗੁਰੂ-ਗਿਆਨ ਦੇ ਨਿਰਮਲ ਉਪਦੇਸ਼ ਨਾਲ ਅਥਾਹ ਲੋਕਾਈ ਨੂੰ ਨਿਹਾਲ ਕੀਤਾ। ਪੰਜੋਖਰੇ (ਅੰਬਾਲੇ ਦੇ ਪਾਸ) ਵਿਖੇ ਵਿੱਦਿਆ ਦੇ ਅਹੰਕਾਰ 'ਚ ਬੁਰੀ ਤਰ੍ਹਾਂ ਉਲਝੇ ਪੰਡਤ ਲਾਲ ਚੰਦ ਦਾ ਅਹੰਕਾਰ ਛੱਜੂ ਨਾਮਕ ਝੀਵਰ ਦੇ ਸਿਰ 'ਤੇ ਆਪਣੀ ਸੋਟੀ ਤੇ ਮਿਹਰ ਭਰੀ ਨਿਗ੍ਹਾ ਕਰ ਕੇ ਉਸ ਤੋਂ ਗੀਤਾ ਦੇ ਅਰਥ ਕਰਵਾ ਕੇ ਨਵਿਰਤ ਕੀਤਾ। ਦਿੱਲੀ ਪਹੁੰਚ ਕੇ ਮਿਰਜਾ ਰਾਜਾ ਜੈ ਸਿਹੁੰ ਨੇ ਆਪਣੇ ਬੰਗਲੇ 'ਚ ਗੁਰੂ ਜੀ ਤੇ ਸਿੱਖ ਸੰਗਤ ਨੂੰ ਠਹਿਰਾਇਆ, ਜਿੱਥੇ ਅੱਜ ਗੁਰਦੁਆਰਾ ਬੰਗਲਾ ਸਾਹਿਬ ਇਸ ਇਤਿਹਾਸਕ ਘਟਨਾ ਦੀ ਯਾਦ ਦੇ ਪ੍ਰਤੀਕ ਦੇ ਤੌਰ 'ਤੇ ਸੁਸ਼ੋਭਿਤ ਹੈ। ਜਦੋਂ ਔਰੰਗਜ਼ੇਬ ਨੇ ਗੁਰੂ ਜੀ ਕੋਲ ਸੁਨੇਹਾ ਘੱਲਿਆ ਕਿ ਮੈਂ ਆਪ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ ਤਾਂ ਗੁਰੂ ਜੀ ਨੇ ਉਸ ਨੂੰ ਸਪਸ਼ਟ ਉੱਤਰ ਭਿਜਵਾਇਆ ਕਿ ਉਨ੍ਹਾਂ ਦਾ ਬਾਦਸ਼ਾਹ ਨਾਲ ਕੋਈ ਸਰੋਕਾਰ ਨਹੀਂ ਹੈ। ਉਸ ਨੂੰ ਇਹ ਵੀ ਸਪਸ਼ਟ ਕੀਤਾ ਕਿ ਗੁਰਗੱਦੀ ਕੋਈ ਜੱਦੀ ਮਲਕੀਅਤ ਨਹੀਂ। ਗੁਰੂ ਜੀ ਨੇ ਉਸ ਨੂੰ ਪੂਰੇ ਵੇਰਵੇ ਸਹਿਤ ਸਪਸ਼ਟ ਕਰ ਦਿੱਤਾ ਕਿ ਗੁਰੂ ਨਾਨਕ ਸਾਹਿਬ ਤੋਂ ਉਨ੍ਹਾਂ ਤਕ ਗੁਰਗੱਦੀ ਦੀ ਜ਼ਿੰਮੇਵਾਰੀ ਵਿਚ ਜੱਦੀ ਵਿਰਾਸਤ ਵਾਲਾ ਤੱਤ ਮੂਲੋਂ ਹੀ ਕ੍ਰਿਆਸ਼ੀਲ ਨਹੀਂ ਰਿਹਾ।

ਇਉਂ ਔਰੰਗਜ਼ੇਬ ਨੂੰ ਕੋਈ ਸ਼ੰਕਾ ਬਾਕੀ ਨਾ ਰਿਹਾ ਕਿ ਰਾਮ ਰਾਇ ਨਾਲ ਕੋਈ ਅਨਿਆਂ ਹੋਇਆ ਸੀ। ਫਿਰ ਵੀ ਔਰੰਗਜ਼ੇਬ ਦੇ ਮਨ 'ਚ ਗੁਰੂ-ਅਜ਼ਮਤ ਸੰਬੰਧੀ ਜੋ ਥੋੜ੍ਹੀ-ਬਹੁਤ ਸ਼ੰਕਾ ਰਹਿ ਗਈ ਸੀ ਉਹ ਮਿਰਜਾ ਰਾਜਾ ਜੈ ਸਿਹੁੰ ਦੀ ਪਟਰਾਣੀ ਦੀ ਉਸ ਦੀਆਂ ਹੋਰ ਰਾਣੀਆਂ ਅਤੇ ਕਈ ਗੋਲੀਆਂ ਵਿੱਚੋਂ ਗੁਰੂ ਜੀ ਦੁਆਰਾ ਪਛਾਣ ਕਰ ਲੈਣ 'ਤੇ ਦੂਰ ਹੋ ਗਈ। ਇਉਂ ਰਾਮਰਾਇ ਦੀ ਸ਼ਿਕਾਇਤ ਖਾਰਜ ਕਰ ਦਿੱਤੀ ਗਈ।

ਇਸ ਉਕਤ ਵਾਕਿਆ ਤੋਂ ਅਗਲੇ ਦਿਨ ਗੁਰੂ ਜੀ ਨੂੰ ਬੁਖਾਰ ਹੋ ਗਿਆ। ਉਪਰੰਤ ਚੇਚਕ ਨਿਕਲ ਆਈ ਜੋ ਕਿ ਬਹੁਤ ਹੀ ਸਖ਼ਤ ਸੀ। ਸਿੱਖ ਸੰਗਤਾਂ ਬੇਚੈਨ ਹੋ ਗਈਆਂ। ਗੁਰੂ ਜੀ ਨੇ ਸਭ ਨੂੰ ਗਿਆਨ-ਉਪਦੇਸ਼ ਰਾਹੀਂ ਤਸੱਲੀ ਬਖਸ਼ਿਸ਼ ਕੀਤੀ। ਸਿੱਖ ਸੰਗਤਾਂ ਨੇ ਭਾਵਾਵੇਸ਼ 'ਚ ਜੋਦੜੀ ਕੀਤੀ ਕਿ ਹੇ ਸੱਚੇ ਸਤਿਗੁਰ ਜੀਓ! ਹਾਲਤ ਬੜੀ ਹੀ ਅਸਥਿਰ ਹੈ। ਇਧਰ ਰਾਮ ਰਾਇ ਦੀਆਂ ਗੋਂਦਾਂ ਅਜੇ ਜਾਰੀ ਹਨ ਤੇ ਉਧਰ ਪੰਜਾਬ 'ਚ ਧੀਰ ਮੱਲ ਆਪਣੇ ਆਪ ਨੂੰ ਗੁਰਗੱਦੀ ਦਾ ਦਾਹਵੇਦਾਰ ਜਤਲਾ ਰਿਹਾ ਹੈ। ਕਿਤੇ ਐਸਾ ਨਾ ਹੋਵੇ ਕਿ ਗੁਰੂ ਨਾਨਕ ਪਾਤਸ਼ਾਹ ਦੁਆਰਾ ਲਾਇਆ ਸਿੱਖੀ ਦਾ ਬੂਟਾ ਸੰਭਾਲ ਖੁਣੋਂ ਕੁਮਲਾ ਹੀ ਜਾਵੇ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਧਰਵਾਸ ਬਖਸ਼ਿਸ਼ ਕੀਤੀ ਕਿ ਗੁਰੂ ਨਾਨਕ ਪਾਤਸ਼ਾਹ ਦੁਆਰਾ ਲਾਇਆ ਗਿਆ ਸਿੱਖੀ ਦਾ ਬੂਟਾ ਸਦਾ ਹਰਿਆ-ਭਰਿਆ ਰਹੇਗਾ, ਵਧੇ-ਫੁਲੇ, ਵਿਗਸੇਗਾ। ਇਹ ਕਦੇ ਨਹੀਂ ਕੁਮਲਾਏਗਾ। ਗੁਰੂ ਜੀ ਨੇ ਗੁਰੂ-ਘਰ ਦੀ, ਗੁਰਗੱਦੀ ਦੀ ਜ਼ਿੰਮੇਵਾਰੀ ਪ੍ਰਦਾਨ ਕਰਨ ਦੀ ਚਲੀ ਆ ਰਹੀ ਮਰਯਾਦਾ ਅਨੁਸਾਰ ਨਰੇਲ ਤੇ ਪੰਜ ਪੈਸੇ ਮੰਗਵਾਏ ਅਤੇ ਲੇਟਿਆਂ ਹੀ ਬਾਂਹ ਉੱਚੀ ਕਰ ਫੁਰਮਾਇਆ : 'ਬਾਬਾ ਬਕਾਲੇ'। ਇਹ ਫ਼ਰਮਾਨ ਕਰਨ ਸਾਰ ਗੁਰੂ ਜੀ ਨਾਸ਼ਮਾਨ ਸਰੀਰ ਪਿੱਛੇ ਛੱਡਦੇ ਹੋਏ ਅਕਾਲ ਪੁਰਖ ਦੀ ਜੋਤ 'ਚ ਸਮਾ ਗਏ। ਇਹ ਵਾਕਿਆ ਸੰਮਤ ਨਾਨਕਸ਼ਾਹੀ ੧੯੬ ਮੁਤਾਬਕ ੩੦ ਮਾਰਚ ਸੰਨ ੧੬੬੪ ਨੂੰ ਹੋਇਆ। ਗੁਰੂ ਜੀ ਦੀ ਦੇਹ ਦਾ ਅੰਤਮ ਸੰਸਕਾਰ ਜਮਨਾ ਨਦੀ ਕਿਨਾਰੇ ਭੋਗਲ ਨਾਮਕ ਪਿੰਡ ਦੇ ਲਾਗੇ ਕੀਤਾ ਗਿਆ ਜਿਥੇ ਬਾਲਾ ਸਾਹਿਬ ਗੁਰਦੁਆਰਾ ਸੁਭਾਇਮਾਨ ਹੈ। ਜੋਤੀ ਜੋਤਿ ਸਮਾਉਣ ਵਕਤ ਆਪ ਦੀ ਆਯੂ ਪੌਣੇ ਅੱਠ ਸਾਲ ਸੀ। ਆਪ ਨੇ ਲੱਗਭਗ ਢਾਈ ਸਾਲ ਗੁਰਿਆਈ ਦੀ ਜ਼ਿੰਮੇਵਾਰੀ ਨਿਭਾਈ।

ਗੁਰੂ ਜੀ ਦੁਆਰਾ ਉਚਾਰਨ ਕੀਤੇ ਗਏ 'ਬਾਬਾ ਬਕਾਲੇ' ਸ਼ਬਦਾਂ ਵਿਚ 'ਬਾਬਾ' ਸ਼ਬਦ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਥਾਏ ਉਚਾਰਨ ਕੀਤਾ ਗਿਆ ਸੀ। ਗੁਰੂ ਜੀ ਨੇ ਤਾਂ ਪੂਰੀ ਤਰ੍ਹਾਂ ਸਪਸ਼ਟ ਰੂਪ 'ਚ ਰਿਸ਼ਤੇ ਅਨੁਸਾਰ ਆਪਣੇ 'ਬਾਬਾ' ਲੱਗਦੇ, ਬਕਾਲਾ ਪਿੰਡ 'ਚ ਨਿਵਾਸ ਕਰ ਰਹੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਪੁੱਤਰ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਨੂੰ ਜਿਨ੍ਹਾਂ ਦਾ ਪ੍ਰਕਾਸ਼ ਸੰਮਤ ਨਾਨਕਸ਼ਾਹੀ ੧੫੩ ਮੁਤਾਬਕ ੧ ਅਪ੍ਰੈਲ ਸੰਨ ੧੬੨੧ ਨੂੰ

ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ ਸੀ ਪਰ ਤਤਕਾਲੀਨ ਸੁਆਰਥੀ ਲੋਕਾਂ ਨੇ ਇਸ ਦੇ ਮਨਮਰਜ਼ੀ ਦੇ ਅਰਥ ਕੱਢਦਿਆਂ ਬਕਾਲੇ ਵਿਚ ਆਪਣੇ ਆਪ ਨੂੰ ਗੁਰਗੱਦੀ ਦੇ ਦਾਅਵੇਦਾਰ ਦੱਸਣਾ ਸ਼ੁਰੂ ਕਰ ਦਿੱਤਾ। ਉਹ ਮੰਜੀਆਂ ਡਾਹ ਕੇ ਬਹਿ ਗਏ ਤਾਂ ਜੋ ਸਿੱਖ ਸੰਗਤਾਂ ਨੂੰ ਭਰਮਾਇਆ ਜਾ ਸਕੇ। ਸੰਗਤਾਂ ਪਾਸੋਂ ਕਾਰ-ਭੇਟ ਉਗਰਾਹੁਣੀ ਸ਼ੁਰੂ ਕਰ ਦਿੱਤੀ ਗਈ ਭਾਵੇਂ ਕਿ ਸੰਗਤਾਂ ਸੱਚੇ ਗੁਰੂ ਦੇ ਪ੍ਰਗਟ ਨਾ ਹੋਣ ਕਾਰਨ ਬਹੁਤ ਬੇਚੈਨ ਸਨ। ਸੰਗਤਾਂ ਨੂੰ ਬੇਚੈਨੀ 'ਚੋਂ ਕੱਢਣ ਦੀ ਵਡਿਆਈ ਅਕਾਲ ਪੁਰਖ ਪਰਮਾਤਮਾ ਨੇ ਭਾਈ ਮੱਖਣ ਸ਼ਾਹ ਲੁਬਾਣਾ ਅਖਵਾਉਣ ਵਾਲੇ ਇਕ ਵਪਾਰੀ/ਕਾਰੋਬਾਰੀ ਸਿੱਖ ਨੂੰ ਬਖਸ਼ੀ।

ਭਾਈ ਮੱਖਣ ਸ਼ਾਹ ਦੇ ਬਾਰੇ ਸਿੱਖ ਧਰਮ ਦੇ ਪਰੰਪਰਾਗਤ ਕਾਵਿ-ਗ੍ਰੰਥਾਂ 'ਚ ਉਸ ਦਾ ਜਹਾਜ਼ ਤੂਫਾਨ 'ਚ ਫਸਣ ਅਤੇ ਨੌਵੇਂ ਪਾਤਸ਼ਾਹ ਦੁਆਰਾ ਰੂਹਾਨੀ ਸ਼ਕਤੀ ਨਾਲ ਉਸ ਨੂੰ ਸਹੀ ਸਲਾਮਤ ਕੰਢੇ ਲਾਉਣ ਦੇ ਬਿਰਤਾਂਤ ਮਿਲਦੇ ਹਨ। ਗੁਰੂ-ਘਰ 'ਚ ਡੂੰਘੀ ਸ਼ਰਧਾ ਤੇ ਆਸਥਾ ਰੱਖਣ ਵਾਲੇ ਕਵੀਆਂ ਨੇ ਹਰੇਕ ਯੁੱਗ 'ਚ ਇਸ ਘਟਨਾ ਨੂੰ ਆਪਣੇ ਭਾਵ-ਭਿੰਨੇ ਸ਼ਬਦਾਂ 'ਚ ਬਿਆਨਿਆ ਹੈ ਅਤੇ ਇਹ ਕ੍ਰਮ ਜਾਰੀ ਹੈ। ਪਰੰਤੂ ਪ੍ਰੋ. ਕਰਤਾਰ ਸਿੰਘ ਐਮ.ਏ. ਦੁਆਰਾ ਲਿਖੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਤ ਪ੍ਰਮਾਣਿਕ ਇਤਿਹਾਸ 'ਸਿੱਖ ਇਤਿਹਾਸ' (ਭਾਗ ਪਹਿਲਾ) ਵਿਚ ਸਫਾ ੩੦੭ ਤੋਂ ੩੧੦ ਤਕ ਦਿੱਤੇ ਗਏ ਵੇਰਵਿਆਂ 'ਚੋਂ ਕੁਝ ਚੋਣਵੇਂ ਅੰਸ਼ ਪਾਠਕਾਂ ਦੀ ਜਾਣਕਾਰੀ ਹਿਤ ਦੇਣੇ ਯੋਗ ਪ੍ਰਤੀਤ ਹੁੰਦੇ ਹਨ:

੧. ਚੇਤ ਸੰਮਤ ੧੭੨੨ (ਮਾਰਚ ਸੰਨ ੧੬੬੫) ਵਿਚ ਇਕ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ, ਗੁਰੂ ਜੀ ਦੇ ਦਰਸ਼ਨਾਂ ਲਈ ਬਕਾਲੇ ਪੁੱਜਾ। (ਸਫਾ ੩੦੭)

੨. ਮੱਖਣ ਸ਼ਾਹ ਵਪਾਰੀ ਸੀ ਅਤੇ ਨਾਲੇ ਗੁਜਰਾਤ (ਕਾਠੀਆਵਾੜ) ਦੇ ਇਲਾਕੇ ਵਿਚ ਗੁਰੂ ਜੀ ਦੇ ਮਸੰਦ ਦੇ ਤੌਰ 'ਤੇ ਵੀ ਸੇਵਾ ਕਰਦਾ ਸੀ, ਉਹ ਕਾਰ-ਭੇਟਾ ਜਾਂ ਸਿੱਖਾਂ ਦੇ ਦਿੱਤੇ ਦਸਵੰਧ ਦੀਆਂ ਇਕ ਹਜ਼ਾਰ ਮੋਹਰਾਂ ਗੁਰੂ ਜੀ ਲਈ ਲਿਆਇਆ ਸੀ।

੩. ਮੱਖਣ ਸ਼ਾਹ ਇੰਨੇ ਗੁਰੂ ਵੇਖ ਕੇ ਹੈਰਾਨ ਹੋ ਗਿਆ। ਉਸ ਨੇ ਅਰਦਾਸ ਕੀਤੀ, 'ਹੇ ਸੱਚੇ ਪਾਤਸ਼ਾਹ! ਮੇਰੀ ਅਕਲ ਕੰਮ ਨਹੀਂ ਕਰਦੀ। ਤੁਸੀਂ ਆਪਣੀ ਅਮਾਨਤ ਆਪ ਮੂੰਹੋਂ ਮੰਗ ਕੇ ਲਵੋ ਤਾਂ ਜੁ ਮੇਰੇ ਮਨ ਨੂੰ ਧੀਰਜ ਹੋਏ।' ਫੇਰ ਉਹ ਲੱਗਾ ਦੋ-ਦੋ ਮੁਹਰਾਂ ਹਰੇਕ 'ਗੁਰੂ' ਅੱਗੇ ਧਰ ਕੇ ਮੱਥਾ ਟੇਕਣ। ਹਰ ਕੋਈ ਮੋਹਰਾਂ ਵੇਖ ਕੇ ਖੁਸ਼ ਹੋ ਗਿਆ, ਕਿਸੇ ਨੇ ਵੀ ਕਾਰ-ਭੇਟਾ ਦੀ ਅਸਲੀ ਰਕਮ ਦੀ ਗੱਲ ਤੀਕ ਨਾ ਕੀਤੀ। (ਸਫਾ ੩੦੮)

੪. ਉਸ ਨੂੰ ਯਕੀਨ ਹੋ ਗਿਆ ਕਿ ਮੰਜੀਆਂ ਡਾਹ ਕੇ 'ਗੁਰੂ' ਬਣੀ ਬੈਠਿਆਂ

ਵਿਚੋਂ ਕੋਈ ਸਤਿਗੁਰੂ (ਸੱਚਾ ਗੁਰੂ) ਨਹੀਂ। ਉਹ ਬੜਾ ਨਿਰਾਸ਼ ਹੋਇਆ। ਉਸ ਨੇ ਲੋਕਾਂ ਪਾਸੋਂ ਪੁੱਛਿਆ ਕਿ ਕੀ ਏਥੇ ਕੋਈ ਹੋਰ ਸੋਢੀ ਵੀ ਰਹਿੰਦਾ ਹੈ? ਕਿਸੇ ਨੇ ਉਸ ਨੂੰ ਇਕਾਂਤ ਸ਼ਾਂਤ ਵਿਚ ਰਹਿ ਰਹੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦੱਸ ਪਾਈ ਅਤੇ ਕਿਹਾ, 'ਪਰ ਉਹ ਗੁਰੂ ਬਣਨ ਦੇ ਚਾਹਵਾਨ ਨਹੀਂ।'

ਭਾਈ ਮੱਖਣ ਸ਼ਾਹ ਉਥੇ ਗਿਆ ਜਿਥੇ ਗੁਰੂ ਜੀ ਭੋਰੇ ਵਿਚ ਬੈਠੇ ਭਜਨ-ਬੰਦਗੀ ਕਰ ਰਹੇ ਸਨ। ਉਸਨੇ ਦਰਸ਼ਨਾਂ ਲਈ ਬੇਨਤੀ ਕੀਤੀ, ਪਰ ਮਾਤਾ ਗੁਜਰੀ ਜੀ ਨੇ ਕਿਹਾ: 'ਮਹਾਰਾਜ ਕਿਸੇ ਨੂੰ ਮਿਲਦੇ ਨਹੀਂ।' ਪਰ ਭਾਈ ਮੱਖਣ ਸ਼ਾਹ ਨੇ ਗੁਰੂ ਦਾ ਵਾਸਤਾ ਪਾ ਕੇ ਬੂਹਾ ਖੁਲ੍ਹਵਾਇਆ। ਉਹ ਅੰਦਰ ਗਿਆ, ਦਰਸ਼ਨ ਕਰਦਿਆਂ ਹੀ ਆਤਮਾ ਨੂੰ ਸ਼ਾਂਤੀ ਤੇ ਮਨ ਨੂੰ ਸੁਖ ਹੋ ਗਿਆ। ਫੇਰ ਵੀ ਪਹਿਲੇ ਇਰਾਦੇ ਮੁਜਬ ਅਤੇ ਪੱਕੀ ਤਸੱਲੀ ਦੀ ਖ਼ਾਤਰ ਉਸਨੇ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ। ਗੁਰੂ ਜੀ ਨੇ ਪ੍ਰਗਟ ਹੋ ਕੇ ਗੁਰਗੱਦੀ ਦੀ ਸੇਵਾ-ਸੰਭਾਲਣ ਦਾ ਸਮਾਂ ਆ ਪੁੱਜਾ ਜਾਣ ਕੇ ਭਾਈ ਮੱਖਣ ਸ਼ਾਹ ਨੂੰ ਕਿਹਾ, 'ਭਾਈ ਸਿੱਖਾ! ਗੁਰੂ ਦੀ ਅਮਾਨਤ ਦਿੱਤੀ ਹੀ ਭਲੀ ਹੁੰਦੀ ਹੈ, ਹਜ਼ਾਰ ਵਿਚੋਂ ਕੇਵਲ ਦੋ ਦੇ ਰਿਹਾ ਹੈਂ, ਇਹ ਕਿਉਂ?'

ਆਪ ਦੇ ਬਚਨ ਸੁਣ ਕੇ ਭਾਈ ਮੱਖਣ ਸ਼ਾਹ ਖੁਸ਼ੀ ਨਾਲ ਗਦ-ਗਦ ਹੋ ਗਿਆ। ਉਸ ਨੇ ਸਾਰੀਆਂ ਮੋਹਰਾਂ ਗੁਰੂ ਜੀ ਅੱਗੇ ਧਰ ਕੇ ਉਨ੍ਹਾਂ ਦੇ ਚਰਨਾਂ ਉੱਪਰ ਸੀਸ ਧਰਿਆ। ਉਹ ਨਿਹਾਲ ਹੋ ਗਿਆ। ਫੇਰ ਉਸ ਨੇ ਕੋਠੇ ਉੱਪਰ ਚੜ੍ਹ ਕੇ ਪੱਲਾ ਫੇਰਿਆ ਅਤੇ ਉੱਚੀ-ਉੱਚੀ ਕਿਹਾ, 'ਭੁਲੀਏ ਸੰਗਤੇ, ਸੱਚਾ ਗੁਰੂ ਲੱਭ ਪਿਆ ਜੇ।'

ਭਾਈ ਮੱਖਣ ਸ਼ਾਹ ਦਾ ਇਹ ਹੋਕਾ ਸੁਣ ਕੇ ਸੰਗਤਾਂ ਚਾਅ ਤੇ ਖੇੜੇ ਵਿਚ ਆ ਕੇ ਦਰਸ਼ਨਾਂ ਲਈ ਨੱਸ ਤੁਰੀਆਂ। ਦਿੱਲੀ ਤੋਂ ਇਕ ਸਿੱਖ ਪੰਜ ਪੈਸੇ ਤੇ ਨਰੇਲ ਲਿਆਇਆ ਹੋਇਆ ਸੀ। ਉਹ ਗੁਰੂ ਜੀ ਦੇ ਭੇਟ ਕੀਤੇ ਗਏ ਅਤੇ ਬਾਬਾ ਬੁੱਢਾ ਜੀ ਦੇ ਪੋਤਰੇ, ਬਾਬਾ ਗੁਰਦਿੱਤਾ ਜੀ ਨੇ ਆਪ ਨੂੰ ਗੁਰਿਆਈ ਦਾ ਤਿਲਕ ਲਾਇਆ। ਇਸ ਤਰ੍ਹਾਂ ਚੇਤ ਸੁਦੀ ੧੪ (੨੩ ਚੇਤ) ਸੰਮਤ ੧੭੨੨ ਮੁਤਾਬਕ ੨੦ ਮਾਰਚ ਸੰਨ ੧੬੬੫ ਨੂੰ ਸੋਮਵਾਰ ਦੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੰਘਾਸਣ 'ਤੇ ਬਿਰਾਜ ਕੇ ਗੁਰਿਆਈ ਦੀ ਕਾਰ ਸੰਭਾਲੀ। (ਸਫੇ ੩੦੯-੩੧੦)

੫. ਸੱਚੇ ਗੁਰੂ ਦੇ ਪ੍ਰਗਟ ਹੋ ਜਾਣ 'ਤੇ ਆਪੇ ਬਣੀ ਬੈਠੇ 'ਗੁਰੂ' ਮੰਜੀਆਂ ਚੁੱਕ ਕੇ ਘਰੋ-ਘਰੀ ਆਰਾਮ ਨਾਲ ਬਹਿ ਗਏ। ਗੁਰਗੱਦੀ 'ਤੇ ਬਿਰਾਜਣ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਮਰ ੪੪ ਵਰ੍ਹੇ ਦੀ ਸੀ। (ਸਫਾ ੩੧੦)

■

ਸਿੱਖ ਰਹਿਤਨਾਮਿਆਂ ਵਿਚ ਦਸਤਾਰ

*-ਸਿਮਰਜੀਤ ਸਿੰਘ**

ਸਿੱਖ ਧਰਮ ਦੇ ਰਹਿਤਨਾਮਿਆਂ ਵਿੱਚੋਂ ਦਸਤਾਰ ਸੰਬੰਧੀ ਮਰਯਾਦਾ ਦਾ ਵਰਣਨ ਕਰਦੇ ਹਾਂ ਤਾਂ ਜੋ ਪੂਰਨ ਗਿਆਨ ਹੋ ਸਕੇ ਕਿਉਂਕਿ ਇਸ ਮਰਯਾਦਾ ਦੇ ਉਲਟ ਚੱਲਣ ਵਾਲਾ ਤਨਖਾਹੀਆ ਅਰਥਾਤ ਦੰਡ (ਸਜ਼ਾ) ਦਾ ਅਧਿਕਾਰੀ ਹੋ ਜਾਂਦਾ ਹੈ। ਇਸ ਲਈ ਇਸ ਮਰਯਾਦਾ ਦਾ ਪਤਾ ਹੋਣਾ ਬਹੁਤ ਜ਼ਰੂਰੀ ਹੈ। ਸੋ ਰਹਿਤਨਾਮਿਆਂ ਅਤੇ ਹੋਰ ਗ੍ਰੰਥਾਂ ਵਿਚ ਹਵਾਲਿਆਂ ਸਹਿਤ ਲਿਖਿਆ ਹੈ:

੧. ਗੁਰਸਿੱਖ ਸਵੇਰੇ ਉਠ ਕੇ ਇਸ਼ਨਾਨ ਕਰੇ ਕੰਘਾ ਕਰ ਸਿਰ ਦੇ ਮੱਧ ਜੂੜਾ ਕਰ ਕੇ ਛੋਟੀ ਦਸਤਾਰ (ਕੇਸਕੀ) ਸਜਾਏ ਫਿਰ ਵੱਡੀ ਦਸਤਾਰ ਚੁਣ ਕੇ ਬੰਨੇ।

"ਪ੍ਰਾਤ ਇਸ਼ਨਾਨ ਜਤਨ ਸੋ ਸਾਧੇ।
ਕੰਘਾ ਕਰਦ ਦਸਤਾਰਹਿ ਬਾਂਧੇ"। (ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਭਾਈ ਦਯਾ ਸਿੰਘ ਜੀ ਨੇ ਰਹਿਤਨਾਮੇ ਵਿਚ ਲਿਖਿਆ ਹੈ:

"ਜੂੜਾ ਸੀਸ ਕੇ ਮੱਧ ਭਾਗ ਮੈਂ ਰਾਖੇ, ਔਰ ਪਾਗ ਬੜੀ ਬਾਂਧੇ"।

੨. ਪੂਰਨ ਗੁਰਸਿੱਖਾਂ ਦੀ ਮਰਯਾਦਾ ਇਹ ਹੈ ਕਿ ਦਸਤਾਰ ਹਮੇਸ਼ਾਂ ਖੜ੍ਹੇ ਹੋ ਕੇ ਸਜਾਉਣੀ ਚਾਹੀਦੀ ਹੈ:

ਸਵਾ ਪਹਿਰ ਨਿਸ਼ ਕਰੇ ਸ਼ਨਾਨ, ਬਾਣੀ ਪੜ੍ਹੈ ਖੜ ਪੱਗ ਬਧਾਨ।

(ਪੰਥ ਪ੍ਰਕਾਸ, ਪੰਨਾ ੫੪)

੩. ਦਸਤਾਰ ਹਮੇਸ਼ਾਂ ਦੋ ਸਮੇਂ ਸਜਾਉਣੀ ਚਾਹੀਦੀ ਹੈ। ਇਕ, ਸਵੇਰੇ ਇਸ਼ਨਾਨ ਕਰ ਕੇ ਤੇ ਦੂਸਰਾ, ਤ੍ਰਿਕਾਲਾਂ ਵੇਲੇ ਕੰਘਾ ਕਰ ਕੇ ਸਜਾਉਣੀ ਚਾਹੀਦੀ ਹੈ। ਪ੍ਰਮਾਣ:

ਪ੍ਰਾਤ ਇਸ਼ਨਾਨ ਜਤਨ ਸੋ ਸਾਧੇ। ਕੰਘਾ ਕਰਦ ਦਸਤਾਰਹਿ ਬਾਂਧੇ।
ਚਾਰ ਘੜੀ ਜਬ ਦਿਵਸ ਰਹਾਈ। ਪੰਚ ਇਸਨਾਨਾ ਪੁਨਹ ਕਰਾਈ।
ਕੰਘਾ ਕਰਦ ਦਸਤਾਰ ਸਜਾਵੈ। ਇਹੀ ਰਹਤ ਸਿੰਘਨ ਸੋ ਭਾਵੈ।

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਕੰਘਾ ਦੋਨਉ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।

(ਤਨਖਾਹਨਾਮਾ ਭਾਈ ਨੰਦ ਲਾਲ ਜੀ)

ਕੰਘਾ ਦੈ ਕਾਲ ਕਰੇ ਪਾਗ ਚੁਨਕਿ ਬਾਧੇ।

(ਰਹਿਤਨਾਮਾ ਭਾਈ ਦਯਾ ਸਿੰਘ ਜੀ)

**ਸੰਪਾਦਕ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ। ਮੋ: ੯੮੧੪੮-੯੮੨੨੩.*

੪. ਦਸਤਾਰ ਹਮੇਸ਼ਾਂ ਸਜਾ ਕੇ ਰੱਖਣੀ ਚਾਹੀਦੀ ਹੈ। ਭਾਵ ਕਦੇ ਸਿਰ ਨੰਗਾ ਨਹੀਂ ਰੱਖਣਾ, ਨੰਗੇ ਸਿਰ ਭੋਜਨ ਨਹੀਂ ਕਰਨਾ। ਰਾਤ ਦੇ ਸਮੇਂ ਛੋਟੀ ਦਸਤਾਰ ਭਾਵ ਕੇਸਕੀ ਸਜਾ ਸਕਦੇ ਹਾਂ ਪਰ ਸਿਰ ਨੰਗਾ ਨਹੀਂ ਰੱਖਣਾ ਯਥਾ :

– ਪੱਗ ਰਾਤੀਂ ਲਾਹਿ ਕੇ ਸਵੇਂ, ਸੋ ਭੀ ਤਨਖਾਹੀਆ।

– ਨੰਗੇ ਕੇਸੀਂ ਫਿਰੇ, ਰਵਾਲ ਪਾਏ, ਸੋ ਤਨਖਾਹੀਆ।

– ਨੰਗੇ ਕੇਸੀਂ ਮਾਰਗ ਟੁਰੇ, ਸੋ ਤਨਖਾਹੀਆ।

ਨੰਗੇ ਕੇਸੀਂ ਭੋਜਨ ਕਰੇ, ਸੋ ਤਨਖਾਹੀਆ।

– ਪਗੜੀ ਲਾਹਿ ਕਰ ਸਿਖ ਪ੍ਰਸਾਦਿ ਖਾਏ, ਸੋ ਤਨਖਾਹੀਆ।

(ਤਨਖਾਹਨਾਮਾ ਭਾਈ ਚਉਪਾ ਸਿੰਘ ਜੀ)

ਪਾਗ ਉਤਾਰਿ ਪ੍ਰਸਾਦਿ ਜੋ ਖਾਵੇ, ਸੋ ਸਿੱਖ ਕੁੰਭੀ ਨਰਕ ਸਿਧਾਵੈ।

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

ਨਗਨ ਹੋਇ ਬਾਹਰ ਫਿਰਹਿ, ਨਗਨ ਸੀਸ ਜੋ ਖਾਇ,
ਨਗਨ ਪ੍ਰਸਾਦਿ ਜੋ ਬਾਂਟਈ, ਤਨਖਾਹੀ ਬਡੋ ਕਹਾਇ।

(ਤਨਖਾਹਨਾਮਾ ਭਾਈ ਨੰਦ ਲਾਲ ਜੀ)

– ਪੱਗ ਉਤਾਰ ਕੇ ਪ੍ਰਸਾਦ ਜੋ ਪਾਵੈ,
ਨਗਨ ਹੋਇ ਜੋ ਨਾਵਹਿ, ਕੁੰਭੀ ਨਰਕ ਭੋਗੈ।

– ਕੇਸ ਨਗਨ ਰਖੈ, ਸੋ ਮਹਾਂ ਨਰਕ ਭੋਗੈ।

– ਕੇਸ ਢਾਪ ਰੱਖੇ। (ਰਹਿਤਨਾਮਾ ਭਾਈ ਦਯਾ ਸਿੰਘ ਜੀ)

ਸ਼ਸਤਰਧਾਰੀ ਸਿੰਘ ਰਾਤਿ ਨੂੰ ਐਕੜ ਨ ਸਵੈ।
ਲੱਕੋਂ ਸਿਰੋਂ ਨੰਗਾ ਨ ਹੋਇ। ਪਗੜੀ ਤਕੜੀ ਬੰਨ੍ਹੇ।

(ਰਹਿਤਨਾਮਾ ਭਾਈ ਚਉਪਾ ਸਿੰਘ ਜੀ)

੫. ਗੁਰੂ ਦਾ ਸਿੱਖ ਚੰਗੀ ਤਰ੍ਹਾਂ ਖੂਬ ਸੋਧ ਕੇ, ਸਵਾਰ ਕੇ ਦਸਤਾਰ ਸਜਾਵੇ ਕਿਉਂਕਿ ਖਾਲਸਾ ਮੂਲ ਰੂਪ 'ਚ ਇਕ ਸਿਪਾਹੀ ਹੈ। ਉਹ ਨਿੱਤ ਜੰਗ ਕਰਦਾ ਹੈ। ਖਾਲਸਾ ਨਾ ਹੀ ਆਪਣੀ ਪੱਗ ਸਰਕਣ ਦਿੰਦਾ ਹੈ ਤੇ ਨਾ ਹੀ ਦੂਜੇ ਦੀ ਪੱਗ ਲਾਹੁੰਦਾ ਹੈ:

ਜਿਸ ਕੀ ਲੜਾਈ ਮੈਂ ਪੱਗ ਉਤਰੈ ਸੋ ਟਕਾ,
ਪੱਕਾ ਤਨਖਾਹ, ਜੋ ਉਤਾਰੇ ਦੋ ਟਕੇ ਪੱਕਾ।

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਜੋ ਸਿੱਖ, ਸਿੱਖ ਦੀ ਪੱਗ ਨੂੰ ਹੱਥ ਪਾਏ, ਸੋ ਭੀ ਤਨਖਾਹੀਆ।

(ਰਹਿਤਨਾਮਾ ਭਾਈ ਚਉਪਾ ਸਿੰਘ ਜੀ)

੬. ਗੁਰਸਿੱਖ ਮੈਲੀ-ਕੁਚੈਲੀ, ਬਾਸੀ ਦਸਤਾਰ ਨਾ ਸਜਾਵੇ। ਸਾਫ ਧੋਤੀ ਹੋਈ ਦਸਤਾਰ ਸਜਾਵੇ, ਇੱਕੋ ਪੱਗ ਜ਼ਿਆਦਾ ਸਮਾਂ ਨਾ ਸਜਾਵੇ।

ਜੋ ਪੱਗ ਨੂੰ ਬਾਸੀ ਰਖੇ ਸੋ ਤਨਖਾਹੀਆ।

(ਰਹਿਤਨਾਮਾ ਭਾਈ ਚਉਪਾ ਸਿੰਘ ਜੀ)

੭. ਗੁਰਸਿੱਖ ਸਿਰ 'ਤੇ ਬੰਨ੍ਹਣ ਵਾਲਾ ਸਾਫਾ ਹੋਰ ਕੰਮਾਂ ਵਿਚ ਜਿਵੇਂ ਕਿ ਕਛਹਿਰਾ ਬਦਲਣ ਲਈ ਕੰਮ ਵਿਚ ਨਾ ਲਿਆਵੇ ਬਲਕਿ ਅਜਿਹੇ ਕੰਮ ਲਈ ਅਲੱਗ ਪਟਕਾ ਰੱਖੇ। ਭਾਈ ਦਯਾ ਸਿੰਘ ਜੀ ਦੇ ਰਹਿਤਨਾਮੇ ਵਿਚ ਲਿਖਿਆ ਹੈ ਕਿ ਸਿੱਖ ਢਾਈ ਗਜ਼ ਦਾ ਸਾਫਾ ਕਛਹਿਰਾ ਬਦਲਣੇ ਵਾਸਤੇ ਰੱਖੇ:

ਜੋ ਕੇਸਾਧਾਰੀ ਲੱਕ ਦੇ ਪੜਦੇ ਸਿਰ ਤੇ ਧਰੇ,
ਸੋ ਭੀ ਤਨਖਾਹੀਆ।

(ਤਨਖਾਹਨਾਮਾ ਭਾਈ ਚਉਪਾ ਸਿੰਘ ਜੀ)

੮. 'ਜੇਹੀ ਸੰਗਤ ਤੇਹੀ ਰੰਗਤ' ਦੀ ਲੋਕ-ਸੱਚਾਈ ਤੋਂ ਕੌਣ ਵਾਕਿਫ ਨਹੀਂ? ਇਸੇ ਲਈ ਭਾਈ ਦਯਾ ਸਿੰਘ ਰਹਿਤ ਦੱਸਦੇ ਹਨ:

"ਗੁਰ ਕਾ ਸਿੱਖ ਪੱਗ ਲੱਥੇ ਦੀ ਸੰਗਤ ਨਾ ਕਰੇ"

੯. ਦਸਤਾਰ ਹਮੇਸ਼ਾਂ ਇੱਕ-ਇੱਕ ਲੜ ਖੋਲ੍ਹ ਕੇ ਹੀ ਉਤਾਰਨੀ ਚਾਹੀਦੀ ਹੈ। ਇੱਕੋ ਵਾਰੀ ਇਕੱਠੀ ਟੋਪੀ ਵਾਂਗ ਉਤਾਰਨੀ ਵਰਜ਼ਿਤ ਹੈ।

੧੦. ਸਿੱਖ ਨੂੰ ਗੁਰੂ ਸਾਹਿਬਾਨ ਵੱਲੋਂ ਹਟਾਈ ਗੁਲਾਮੀ ਦੀ ਨਿਸ਼ਾਨੀ ਟੋਪੀ ਨਹੀਂ ਪਾਉਣੀ ਚਾਹੀਦੀ ਤੇ ਨਾ ਹੀ ਟੋਪੀ ਪਾਉਣ ਵਾਲੇ ਅੱਗੇ ਝੁਕਣਾ ਜਾਂ ਸਿਰ ਨਿਵਾਉਣਾ ਹੈ:

- ਜੋ ਕੇਸਾਧਾਰੀ ਟੋਪੀ ਰਖੇ। ਸੋ ਭੀ ਤਨਖਾਹੀਆ।
ਟੋਪੀ ਵਾਲੇ ਦੇ ਕੇਸਧਾਰੀ ਪੈਰੀਂ ਪਵੈ, ਸੋ ਤਨਖਾਹੀਆ,
ਟੋਪੀ ਵਾਲੇ ਦਾ ਜੂਠਾ ਖਾਏ, ਸੋ ਤਨਖਾਹੀਆ।

(ਤਨਖਾਹਨਾਮਾ ਭਾਈ ਚਉਪਾ ਸਿੰਘ ਜੀ)

- ਹੋਇ ਸਿਖ ਸਿਰ ਟੋਪੀ ਧਰੈ, ਸਾਤ ਜਨਮ ਕੁਸ਼ਟੀ ਹੋਇ ਮਰੈ।
- ਟੋਪੀ ਦੇਖਿ ਨਿਵਾਵਹਿ ਸੀਸ। ਸੋ ਸਿਖ ਨਰਕੀ ਬਿਸ੍ਵੈ ਬੀਸ।

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

■

ਬਾਬਾ ਫਰੀਦ ਜੀ ਦੀ ਬਾਣੀ ਅਤੇ ਸੰਦੇਸ਼

*-ਡਾ. ਅਮਨਜੋਤ ਕੌਰ**

ਸੂਫੀ ਮੱਤ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਬਾਬਾ ਫਰੀਦ ਜੀ ਇਕ ਉੱਘੇ ਫਕੀਰ ਹੋਏ ਹਨ। ਇਸਲਾਮ ਦੇ ਸੂਫੀ ਸੰਪ੍ਰਦਾਇ ਵਿਚ ਉਨ੍ਹਾਂ ਦਾ ਨਾਮ ਸ਼੍ਰੋਮਣੀ ਸੰਤਾਂ ਵਿਚ ਗਿਣਿਆ ਜਾਂਦਾ ਹੈ। ਇਸ ਸੰਪ੍ਰਦਾਇ ਦਾ ਸ਼ਾਇਦ ਕੋਈ 'ਤਜ਼ਕਰਾ' ਅਜਿਹਾ ਨਹੀਂ, ਜਿਸ ਵਿਚ ਉਨ੍ਹਾਂ ਦਾ ਜ਼ਿਕਰ ਬੜੇ ਮਾਣ ਨਾਲ ਨਾ ਕੀਤਾ ਗਿਆ ਹੋਵੇ।[੧]

ਪੰਜਾਬੀ ਦੇ ਸੂਫ਼ੀ ਫਕੀਰਾਂ ਵਿਚ ਬਾਬਾ ਫਰੀਦ ਜੀ ਦਾ ਪਹਿਲਾ ਤੇ ਪ੍ਰਮੁੱਖ ਸਥਾਨ ਹੈ। ਜਿਥੇ ਸੂਫ਼ੀ ਫਕੀਰਾਂ ਵਿਚ ਬਾਬਾ ਫਰੀਦ ਜੀ ਦੀ ਬਾਣੀ ਨੂੰ ਵਿਸ਼ੇਸ਼ ਮਾਣ ਹਾਸਲ ਹੈ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਨ੍ਹਾਂ ਦੀ ਬਾਣੀ ਨੂੰ ਸਿਧਾਂਤਾਂ ਦੇ ਅਨੁਕੂਲ ਹੋਣ ਕਰਕੇ ਇਸ ਵਿਚ ਦਰਜ ਹੋਣ ਦਾ ਮਾਣ ਹਾਸਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ ਸੇਖ ਫਰੀਦ ਕੇ' ਸਿਰਲੇਖ ਹੇਠ ਦਰਜ ਕੁੱਲ ਸਲੋਕਾਂ ਦੀ ਗਿਣਤੀ ੧੩੦ ਹੈ ਜਿਨ੍ਹਾਂ ਵਿਚ ੧੮ ਸਲੋਕ ਗੁਰੂ ਸਾਹਿਬਾਨ ਦੇ ਹਨ ਅਤੇ ਬਾਕੀ ੧੧੨ ਬਾਬਾ ਸ਼ੇਖ ਫਰੀਦ ਜੀ ਦੇ ਹਨ ਜਿਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ:

ਬਾਬਾ ਫਰੀਦ ਜੀ ਦੇ ਸਲੋਕ	੧੧੨
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਲੋਕ	੦੪ (ਸਲੋਕ ਨੰ: ੩੨, ੧੧੩, ੧੨੦, ੧੨੪)
ਸ੍ਰੀ ਗੁਰੂ ਅਮਰਦਾਸ ਜੀ ਦੇ ਸਲੋਕ	੦੫ (ਸਲੋਕ ਨੰ: ੧੩, ੫੨, ੧੦੪,੧੨੨, ੧੨੩)
ਸ੍ਰੀ ਗੁਰੂ ਰਾਮਦਾਸ ਜੀ ਦੇ ਸਲੋਕ	੦੧ (ਸਲੋਕ ਨੰ: ੧੨੧)
ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਲੋਕ	੦੯ (ਸਲੋਕ ਨੰ: ੭੫, ੮੨, ੮੩, ੧੦੫, ੧੦੮, ੧੦੯, ੧੧੦,੧੧੧)

ਇਨ੍ਹਾਂ ਸਲੋਕਾਂ ਤੋਂ ਇਲਾਵਾ ਬਾਬਾ ਫਰੀਦ ਜੀ ਦੇ ੪ ਸ਼ਬਦ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਜਿਨ੍ਹਾਂ ਵਿੱਚੋਂ ਦੋ ਆਸਾ ਰਾਗ ਵਿਚ ਹਨ ਤੇ ਦੋ ਸੂਹੀ ਰਾਗ ਵਿਚ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਬਾਬਾ ਫਰੀਦ ਜੀ ਦੀ ਸਾਰੀ ਬਾਣੀ ਪ੍ਰਭੂ ਪਰਮਾਤਮਾ ਨੂੰ ਮਿਲਣ ਦਾ ਯਤਨ ਹੈ। ਬਾਬਾ ਫਰੀਦ ਜੀ ਦਾ ਹਰ ਸਲੋਕ ਆਪਣੇ ਆਪ ਵਿਚ ਪੂਰਨ, ਸਿੱਧਾ ਅਤੇ ਸਦੀਵੀ ਪ੍ਰਭਾਵ ਪਾਉਣ ਵਾਲਾ ਹੈ। ਬਾਬਾ ਫਰੀਦ

**ਲੈਕਚਰਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨. ਮੋ: ੯੮੫੫੫-੦੩੮੧੮*

ਜੀ ਦੀ ਬਾਣੀ ਅਸਲ ਵਿਚ ਬਾਬਾ ਫਰੀਦ ਜੀ ਦਾ ਆਪਣਾ ਜੀਵਨ ਹੈ। ਉਨ੍ਹਾਂ ਨੇ ਆਪਣੇ ਜੀਵਨ ਨੂੰ ਅਮਲੀ ਰੂਪ ਵਿਚ ਹੰਢਾਇਆ ਜੋ ਕਿ ਸੰਸਾਰ ਲਈ ਇਕ ਚਾਨਣ ਮੁਨਾਰਾ ਹੈ। ਇਹ ਕਿਸੇ ਇਕ ਕਬੀਲੇ, ਜਾਤ ਜਾਂ ਫਿਰਕੇ ਨਾਲ ਸੰਬੰਧਿਤ ਨਹੀਂ, ਸਾਰੀ ਮਨੁੱਖਤਾ ਨੂੰ ਅਮਨ ਸ਼ਾਂਤੀ ਦਾ ਪ੍ਰਚਾਰ ਕਰਦੀ ਹੋਈ ਸਾਨੂੰ ਆਪਣੇ ਝਗੜਿਆਂ ਤੇ ਵਿਰੋਧਾਭਾਵਾਂ ਨੂੰ ਮਿਟਾਉਣ ਦਾ ਰਾਹ ਦਿਖਾਉਂਦੀ ਹੈ। ਬਾਬਾ ਫਰੀਦ ਜੀ ਦੀ ਬਾਣੀ ਨੂੰ ਵਾਚਿਆਂ ਇਹ ਸਪਸ਼ਟ ਹੁੰਦਾ ਹੈ ਕਿ ਇਸ ਵਿਚ ਦਰਵੇਸ਼ੀ ਆਚਰਣ, ਨਾਸ਼ਮਾਨਤਾ (ਮੌਤ) ਤੇ ਪਰਮਾਤਮਾ ਨਾਲ ਪਿਆਰ ਤਿੰਨ ਮੁੱਖ ਵਿਸ਼ਿਆਂ 'ਤੇ ਵਿਚਾਰ ਚਰਚਾ ਹੈ।

ਖਲੀਕ ਅਹਿਮਦ ਨਿਜ਼ਾਮੀ ਨੇ ਬਾਬਾ ਜੀ ਦੀ ਬਾਣੀ ਨੂੰ ਆਪਣੇ ਸਮੇਂ ਦਾ ਸੱਚਾ-ਸੁੱਚਾ ਦਰਪਣ ਕਿਹਾ ਹੈ। ਉਨ੍ਹਾਂ ਨੇ ਇਹ ਲਿਖਿਆ ਹੈ ਕਿ ਫਰੀਦ ਬਾਣੀ ਬਾਬਾ ਫਰੀਦ ਜੀ ਦੇ ਜੀਵਨ ਦੇ ਤਤਕਾਲੀਨ ਸਮਾਜ ਦਾ ਇਕ ਖਰਾ ਤੇ ਸੱਚਾ-ਸੁੱਚਾ ਕਾਵਿ ਦਰਪਣ ਹੈ ਜਿਸ ਦੀ ਸਰਬਵਿਆਪਕਤਾ ਅਤੇ ਕਾਲਹੀਣ ਪਾਸਾਰ, ਮਿੱਠੀ ਲਰਜ਼ਾਉਂਦੀ ਝੁਣਕਾਰ, ਉਚੇਰੀ ਆਤਮਿਕ ਪ੍ਰੇਰਨਾ ਦਾ ਸਦਾਚਾਰਕ ਸੋਮਾ ਹੈ।[੨]

ਬਾਬਾ ਫਰੀਦ ਜੀ ਨੇ ਆਪਣੀ ਰਚਨਾ ਵਿਚ ਸੰਸਾਰ ਦੀ ਨਾਸ਼ਮਾਨਤਾ, ਪਰਮਾਤਮਾ ਦੀ ਰਜ਼ਾ, ਬਿਰਹਾ, ਪਰਮਾਤਮਾ ਦੀ ਬੰਦਗੀ, ਸਵੈ-ਪਹਿਚਾਣ, ਨੈਤਿਕ ਗੁਣ (ਸਬਰ, ਸੰਤੋਖ, ਨਿਮਰਤਾ), ਮਾਨਵ ਕਲਿਆਣ ਆਦਿ ਕਈ ਵਿਸ਼ਿਆਂ 'ਤੇ ਭਰਪੂਰ ਚਰਚਾ ਕੀਤੀ ਹੈ ਜਿਨ੍ਹਾਂ 'ਚੋਂ ਕੁਝ ਇਸ ਪ੍ਰਕਾਰ ਹਨ:

੧. ਸੰਸਾਰ ਦੀ ਨਾਸ਼ਮਾਨਤਾ ਅਤੇ ਪਰਮਾਤਮਾ ਦੀ ਰਜ਼ਾ

ਬਾਬਾ ਫ਼ਰੀਦ ਜੀ ਦਾ ਪਹਿਲਾ ਸਲੋਕ ਜੀਵਨ ਨੂੰ ਇਸ ਭੌਤਿਕ ਸੰਸਾਰ ਦੀ ਨਾਸ਼ਮਾਨਤਾ ਦਾ ਅਨੁਭਵ ਕਰਵਾਉਣਾ ਉਨ੍ਹਾਂ ਦੀ ਵਿਚਾਰਧਾਰਾ ਦਾ ਪਹਿਲਾ ਪੜਾਅ ਜਾਪਦਾ ਹੈ:

- ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥...
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥...
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥ *(ਪੰਨਾ ੧੩੭੭)*

ਬਾਬਾ ਫਰੀਦ ਜੀ ਅਨੁਸਾਰ ਇਹ ਸੰਸਾਰ ਸੁਹਾਵਣਾ ਬਾਗ ਹੈ। ਮਨੁੱਖ ਇਸ ਬਾਹਰੀ ਸੁੰਦਰਤਾ ਤੇ ਖੁਸ਼ਬੂ ਵਿਚ ਆਪਣੀ ਅਸਲੀਅਤ ਨੂੰ ਭੁੱਲ ਜਾਂਦਾ ਹੈ। ਇਹ ਦਿੱਸਦਾ ਸੰਸਾਰ ਜੀਵ ਲਈ ਸਾਧਨ ਨਾ ਰਹਿ ਕੇ ਅੰਤ ਜਾਂ ਉਦੇਸ਼ ਬਣ ਜਾਂਦਾ ਹੈ। ਬਾਬਾ ਫਰੀਦ ਜੀ ਦੀ ਆਪਣੀ ਬਾਣੀ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਬਾਰ-ਬਾਰ ਜ਼ਿਕਰ ਕਰਨ ਦਾ ਕਾਰਨ ਮਨੁੱਖ ਨੂੰ ਆਪਣੇ ਅਸਲੀ ਮਨੋਰਥ ਤੋਂ ਜਾਣੂ ਕਰਵਾਉਣਾ ਹੈ। ਬਾਬਾ ਫਰੀਦ ਜੀ ਜੀਵਨ ਦੇ ਹਰ ਪਲ ਨੂੰ ਅਹਿਮੀਅਤ ਦਿੰਦੇ ਹੋਏ ਜੀਵ ਨੂੰ ਚੇਤੰਨ ਕਰਦੇ ਹੋਏ ਕਹਿੰਦੇ ਹਨ:

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ॥

ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥ *(ਪੰਨਾ ੧੩੭੮)*

ਸੰਸਾਰ ਦੀ ਨਾਸ਼ਮਾਨਤਾ ਗਿਆਤ ਕਰਵਾਉਂਦੇ ਹੋਏ ਕਹਿੰਦੇ ਹਨ:

– ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥ *(ਪੰਨਾ ੪੮੮)*
– ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥ *(ਪੰਨਾ ੭੯੪)*

ਬਾਬਾ ਫ਼ਰੀਦ ਜੀ ਮੌਤ ਦੀ ਯਾਦ ਕਰਵਾ ਕੇ ਜੀਵ ਨੂੰ ਜੀਵਨ ਦਾ ਅਸਲੀ ਪ੍ਰਯੋਜਨ ਸਮਝਾਉਂਦੇ ਹਨ ਤਾਂ ਜੋ ਕਿਤੇ ਮਨੁੱਖ ਇਸ ਭੌਤਿਕ ਸੰਸਾਰ ਵਿਚ ਕੇਵਲ ਕੋਠੇ, ਮਹਿਲ ਉਸਾਰਦਾ, ਮੌਤ ਨੂੰ ਭੁੱਲ ਨਾ ਬੈਠੇ ਜਿਸ ਨੇ ਅਚਨਚੇਤ ਹੀ ਆ ਜਾਣਾ ਹੈ:

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥ *(ਪੰਨਾ ੧੩੮੦)*

ਇਹ ਮਨੁੱਖਾ ਸਰੀਰ ਕੰਧੀ ਉੱਤੇ ਰੁੱਖੜੇ ਦੀ ਨਿਆਈਂ ਹੈ ਜਿਸ ਦਾ ਕੋਈ ਭਰੋਸਾ ਨਹੀਂ ਕਿ ਇਹ ਕਦੋਂ ਰੁੜ੍ਹ ਜਾਏ। ਉਨ੍ਹਾਂ ਨੇ ਆਪਣੇ ਸਲੋਕਾਂ ਵਿਚ ਕਈ ਰੂਪਕ ਵਰਤ ਕੇ ਮੌਤ ਦੀ ਅਟੱਲਤਾ ਨੂੰ ਬਿਆਨਿਆ ਹੈ, ਜਿਵੇਂ:

– ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ॥
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ॥ *(ਪੰਨਾ ੧੩੮੧)*
– ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ॥
ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ॥ *(ਪੰਨਾ ੧੩੮੨)*

ਪ੍ਰੋ. ਕਾਲਾ ਸਿੰਘ (ਬੇਦੀ) ਆਪਣੀ ਪੁਸਤਕ 'ਫਰੀਦ ਤੇ ਫਰੀਦ ਬਾਣੀ' ਵਿਚ ਬਾਬਾ ਫਰੀਦ ਜੀ ਦੀ ਬਾਣੀ 'ਤੇ ਅਧਾਰਤਿ ਮੌਤ ਸੰਬੰਧੀ ਸਫਾ ੨੯ 'ਤੇ ਲਿਖਦੇ ਹਨ ਕਿ 'ਮੌਤ' ਫਰੀਦ ਬਾਣੀ ਵਿਚ ਇਕ ਉਹ ਕੇਂਦਰ-ਬਿੰਦੂ ਹੈ ਜਿਸ ਦੇ ਇਕ ਬੰਨੇ ਸਰੀਰਕ ਅਵਸਥਾ ਹੈ ਤੇ ਦੂਜੇ ਬੰਨੇ ਪਰਲੋਕ ਹੈ, ਜਿਸ ਵਿਚ ਰੂਹ ਨੇ ਇਲਾਹੀ ਦਰਬਾਰ ਵਿਚ ਮਾਣ ਪਾਉਣਾ ਹੈ। ਬਾਬਾ ਫਰੀਦ ਜੀ ਨੇ ਮੌਤ ਨੂੰ ਆਪਣਾ ਪ੍ਰੇਰਨਾ ਸ੍ਰੋਤ ਬਣਾ ਕੇ ਆਪਣੇ ਕਾਵਿ ਦੀ ਸਿਰਜਨਾ ਕੀਤੀ ਹੈ ਤੇ ਇਸ ਵਿਚ ਸਾਹਿਤਕ ਰੰਗ ਵੀ ਭਰੇ ਹਨ। ਮੌਤ ਨੂੰ ਇਕ ਚੇਤਾਵਨੀ ਦੇ ਤੌਰ 'ਤੇ ਪ੍ਰਯੋਗ ਕਰ ਕੇ ਮਨੁੱਖ ਦੀ ਸੁੱਤੀ ਹੋਈ ਰੂਹਾਨੀ ਰੁਚੀ ਨੂੰ ਹਲੂਣਿਆ ਤੇ ਟੁੰਬਿਆ ਹੈ ਅਤੇ ਇਸ ਨੂੰ ਇਕ ਪ੍ਰਕਾਸ਼-ਬਿੰਦੂ ਬਣਾ ਕੇ ਮਨ ਦੀ ਅਗਿਆਨ-ਅਵਸਥਾ ਵਿਚ ਗਿਆਨ-ਪ੍ਰਕਾਸ਼ ਪੈਦਾ ਕੀਤਾ ਹੈ ਅਤੇ ਇਸ ਸਚਾਈ ਦੀ ਯਾਦ ਕਰਵਾਈ ਹੈ ਕਿ ਇਹ ਸੁੰਦਰ, ਸੁਨੱਖਾ ਤੇ ਕੋਮਲ ਸਰੀਰ ਸਦਾ ਨਹੀਂ ਰਹੇਗਾ। ਮੌਤ ਸਰੀਰ ਦਾ ਇਕ ਯਕੀਨੀ ਅੰਗ ਹੈ। ਇਸ ਲਈ ਸਾਰੇ ਸੰਸਾਰ ਉੱਪਰ ਇਹ ਵਿਆਪਤ ਹੈ, ਇਸ ਦੀ ਵਲਗਣ ਤੋਂ ਕੋਈ ਚੀਜ਼ ਸੁਤੰਤਰ ਨਹੀਂ ਹੈ।

ਮੌਤ ਅਤੇ ਉਸ ਦੇ ਬਲਸ਼ਾਲੀ ਤੱਥਾਂ ਤੋਂ ਕੇਵਲ ਪ੍ਰਭੂ ਦੀ ਰਜ਼ਾ ਵਿਚ ਚਲ ਕੇ ਹੀ ਵਿਅਕਤੀ ਨੂੰ ਉਸ ਨੂੰ ਸਮਝਣ ਅਤੇ ਸਹਿਣ ਕਰਨ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ।

ਬਾਬਾ ਫਰੀਦ ਜੀ ਦੀ ਬਾਣੀ ਜੀਵ ਨੂੰ ਪਰਮਾਤਮਾ ਦੀ ਰਜ਼ਾ ਉੱਪਰ ਤੁਰਨ ਲਈ ਸ਼ਕਤੀ ਪ੍ਰਦਾਨ ਕਰਦੀ ਹੈ। ਜਦੋਂ ਮਨ ਤੋਂ ਵਿਕਾਰ ਦੂਰ ਹੋ ਜਾਂਦੇ ਹਨ ਤਾਂ ਦੁੱਖ ਸੁਖ ਇਕ ਸਮਾਨ ਹੀ ਪ੍ਰਤੀਤ ਹੋਣ ਲੱਗ ਜਾਂਦੇ ਹਨ। ਇਸ ਲਈ ਰਜ਼ਾ ਨੂੰ ਸਮਝਣ, ਰਜ਼ਾ ਵਿਚ ਚੱਲਣ ਲਈ ਅਤੇ ਅੰਤ ਵਿਚ ਹਿਰਦੇ ਵਿਚਲੇ ਪ੍ਰਭੂ ਦਰਬਾਰ ਵਿਚ ਸਥਾਨ ਹਾਸਲ ਕਰਨ ਲਈ ਜੋ ਪਰਮਾਤਮਾ ਨੂੰ ਭਾਉਂਦਾ ਹੈ, ਉਸ ਨੂੰ ਭਲਾ ਮੰਨਣਾ ਹੀ ਉੱਤਮ ਹੈ।[੩]

ਉਸ ਦੀ ਰਜ਼ਾ ਵਿਚ ਰਹਿਣ ਨੂੰ ਹੀ ਮੁਕਤੀ ਦਾ ਸ੍ਰੋਤ ਦੱਸਿਆ ਹੈ। ਬਾਬਾ ਫਰੀਦ ਜੀ ਤਾਂ ਕਹਿੰਦੇ ਹਨ ਕਿ ਜੋ ਉਸ ਪਰਮਾਤਮਾ ਦੀ ਰਜ਼ਾ ਅੱਗੇ ਸਿਰ ਨਹੀਂ ਨਿਵਾਉਂਦਾ ਅਰਥਾਤ ਆਪਣੇ ਹੰਕਾਰ ਦਾ ਪੂਰਾ ਤਿਆਗ ਨਹੀਂ ਕਰਦਾ ਉਹ ਸਿਰ ਕਾਹਦੇ ਲਈ ਹੈ? ਉਸ ਦਾ ਸਿਰ ਧੜ ਨਾਲੋਂ ਅਲੱਗ ਕਰ ਦੇਣਾ ਚਾਹੀਦਾ ਹੈ ਅਤੇ ਉਸ ਨੂੰ ਬਾਲਣ ਦੀ ਥਾਂ ਬਾਲ ਲੈਣਾ ਚਾਹੀਦਾ ਹੈ:

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥ *(ਪੰਨਾ ੧੩੮੧)*

ਮਨੁੱਖ ਦੀ ਹੋਣੀ ਲਈ ਬਾਬਾ ਫਰੀਦ ਜੀ ਪੂਰੇ ਚਿੰਤਾਤੁਰ ਹਨ। ਦੁਨੀਆਂ ਦੇ ਧੰਦੇ ਵਿਚ ਲੀਨ ਲੋਕਾਂ ਨੂੰ ਚਿਤਾਵਨੀ ਦਿੰਦੇ ਹੋਏ ਕਹਿੰਦੇ ਹਨ ਕਿ ਜੋ ਜੀਵ ਪਰਮਾਤਮਾ ਅਰਥਾਤ ਪਰਮਾਤਮਾ ਦੀ ਖਲਕਤ ਤੋਂ ਮੂੰਹ ਮੋੜ ਕੇ ਉਸ ਦੀ ਰਜ਼ਾ ਵਿਚ ਨਾ ਚੱਲ ਕੇ ਉਸ ਦੀ ਯਾਦ ਨੂੰ ਭੁਲਾ ਦਿੰਦੇ ਹਨ ਉਨ੍ਹਾਂ ਦੇ ਮੁਖ ਡਰਾਉਣੇ ਬਣ ਜਾਂਦੇ ਹਨ। ਲੋਕ ਪਰਲੋਕ ਵਿਚ ਉਨ੍ਹਾਂ ਦੀ ਕੋਈ ਥਾਂ ਨਹੀਂ ਰਹਿੰਦੀ।

੨. ਨਾਮ ਸਿਮਰਨ

ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਜਿਥੇ ਸੰਸਾਰ ਦੀ ਨਾਸ਼ਮਾਨਤਾ ਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ, ਉਥੇ ਨਾਲ ਹੀ ਇਸ ਭੌਤਿਕ ਸੰਸਾਰ ਵਿਚ ਖਚਿਤ ਨਾ ਹੋ ਕੇ ਜੀਵ ਨੂੰ ਬੰਦਗੀ ਕਰਨ ਦਾ ਵੀ ਸੰਦੇਸ਼ ਦਿੱਤਾ ਹੈ। ਸੰਸਾਰਿਕ ਪਰਪੰਚਾਂ ਤੋਂ ਬਚਣ ਲਈ ਬੰਦਗੀ, ਨਾਮ ਸਿਮਰਨ ਨੂੰ ਮੁੱਖ ਸਾਧਨ ਦੱਸਿਆ ਹੈ। ਬਾਬਾ ਫਰੀਦ ਜੀ ਜੀਵ ਦੀ ਅਸਲੀ ਕਮਾਈ ਪਰਮਾਤਮਾ ਦਾ ਨਾਮ ਸਿਮਰਨ ਮੰਨਦੇ ਹਨ ਪ੍ਰੰਤੂ ਵਿਅਕਤੀ ਇਸ ਵਿਚ ਆਪਣੀ ਸੁਰਤ ਨਹੀਂ ਲਾਉਂਦਾ ਅਤੇ 'ਮੈਂ-ਮੇਰੀ' ਕਰਦਾ ਹੋਇਆ ਬਚਪਨ ਅਤੇ ਜਵਾਨੀ ਨੂੰ ਗੁਆ ਲੈਂਦਾ ਹੈ। ਬੁਢਾਪੇ ਵਿਚ ਇੰਦਰੀਆਂ ਸਿਥਲ ਹੋ ਜਾਂਦੀਆਂ ਹਨ। ਕੀਤੇ ਹੋਏ ਕੁਕਰਮਾਂ ਦੇ ਫਲਸਰੂਪ ਕਮਾਏ ਹੋਏ ਪਾਪਾਂ ਨਾਲ ਜਦੋਂ ਜੀਵਨ ਕੰਢਿਆਂ ਤਕ ਭਰ ਜਾਂਦਾ ਹੈ ਅਰਥਾਤ ਜੀਵਨ ਦਾ ਅੰਤਮ ਸਮਾਂ ਆ ਜਾਂਦਾ ਹੈ ਤਾਂ ਫਿਰ ਸਿਮਰਨ ਵਿਹੀਨ ਵਿਅਕਤੀ ਲਈ ਸੰਸਾਰ ਸਾਗਰ ਨੂੰ

ਸਫਲਤਾ ਪੂਰਵਕ ਤਰਨ ਦਾ ਕੋਈ ਢੰਗ ਨਹੀਂ ਬਚਦਾ। ਉਹ ਹਉਕੇ ਲੈਂਦਾ ਹੋਇਆ ਹੀ ਇਸ ਸੰਸਾਰ ਵਿਚ ਸੁਰਤਿ ਜੋੜੀ ਇਸੇ ਵਿਚ ਗੋਤੇ ਖਾਂਦਾ ਰਹਿੰਦਾ ਹੈ ਦਰਅਸਲ ਜੀਵ ਅਸਲੀ ਕਮਾਈ ਨੂੰ ਛੱਡ ਕੇ ਦੁਨਿਆਵੀ ਧੰਦਿਆਂ ਵਿਚ ਖਚਿਤ ਰਹਿਣ ਦਾ ਫਲ ਅੰਤਮ ਸਮੇਂ ਮਾਨਸਿਕ ਦੁੱਖ ਅਤੇ ਸਰੀਰਕ ਸੰਤਾਪ ਦੇ ਰੂਪ ਵਿਚ ਪ੍ਰਾਪਤ ਕਰਦਾ ਹੈ। ਬਾਬਾ ਫਰੀਦ ਜੀ ਬਾਰ-ਬਾਰ ਜੀਵ ਨੂੰ ਸਿਮਰਨ ਕਰਨ ਲਈ ਪ੍ਰੇਰਿਤ ਕਰਦੇ ਹਨ। ਨਾਮ-ਸਿਮਰਨ ਰਾਹੀਂ ਹੀ ਜੀਵ ਭਵਸਾਗਰ ਤੋਂ ਪਾਰ ਹੋ ਸਕਦਾ ਹੈ। ਨਾਮ ਸਿਮਰਨ ਲਈ ਮਨੁੱਖਾ ਜੀਵਨ ਹੀ ਠੀਕ ਸਮਾਂ ਦੱਸਦੇ ਹੋਏ ਬਾਬਾ ਫਰੀਦ ਜੀ ਚਿਤਾਵਨੀ ਵਜੋਂ ਉਚਾਰਨ ਕਰਦੇ ਹਨ:

- ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥...
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥ *(ਪੰਨਾ ੭੯੪)*

ਬਾਬਾ ਫਰੀਦ ਜੀ ਕਹਿੰਦੇ ਹਨ ਕਿ ਜੋ ਪਰਮਾਤਮਾ ਦੀ ਬੰਦਗੀ ਨਹੀਂ ਕਰਦੇ, ਉਸ ਦੇ ਨਾਮ ਦਾ ਜਾਪ ਨਹੀਂ ਕਰਦੇ ਉਹ ਕੱਚੇ ਅਤੇ ਝੂਠੇ ਹਨ ਅਤੇ ਧਰਤੀ 'ਤੇ ਭਾਰ ਹੀ ਬਣੇ ਰਹਿੰਦੇ ਹਨ।

ਬਾਬਾ ਫਰੀਦ ਜੀ ਇਕ ਸੱਚੇ ਭਗਤ ਦੀ ਤਰ੍ਹਾਂ ਪਰਮਾਤਮਾ ਦੀ ਓਟ ਲੈਂਦੇ ਹੋਏ ਉਸ ਤੋਂ ਨਾਮ ਸਿਮਰਨ ਦੀ ਦਾਤ ਨੂੰ ਮੰਗਦੇ ਹਨ:

ਤੇਰੀ ਪਨਹ ਖੁਦਾਇ ਤੂ ਬਖਸੰਦਗੀ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ॥
(ਪੰਨਾ ੪੮੮)

੩. ਆਪੇ ਦੀ ਪਹਿਚਾਣ

ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਉਮੈ ਦੇ ਤਿਆਗ ਅਤੇ ਆਪਾ ਚੀਨਣ, ਆਪਣੇ ਮੂਲ ਸਰੂਪ ਨੂੰ ਪਛਾਨਣ ਦੀ ਗੱਲ ਬਾਰ-ਬਾਰ ਬੜੀ ਸ਼ਿੱਦਤ ਨਾਲ ਕੀਤੀ ਗਈ ਹੈ। ਬਾਬਾ ਫਰੀਦ ਜੀ ਵੀ ਰੱਬ ਦੀ ਪ੍ਰਾਪਤੀ ਲਈ ਯੋਗੀਆਂ, ਸੰਨਿਆਸੀਆਂ ਵਾਂਗ ਘਰ-ਬਾਰ ਛੱਡ ਕੇ ਜੰਗਲਾਂ ਵਿਚ ਬੈਠ ਕੇ ਸਮਾਧੀ ਲਗਾਉਣ ਲਈ ਨਹੀਂ ਕਹਿੰਦੇ ਸਗੋਂ ਆਪ ਅਮਲੀ ਜੀਵਨ ਹੰਢਾਉਂਦਿਆਂ ਅਤੇ ਕਰਤਵਾਂ ਦੀ ਪਾਲਣਾ ਕਰਦਿਆਂ, ਸੰਸਾਰ ਜੀਵਨ ਵਿਚ ਵਿਚਰਦਿਆਂ ਕਿਰਤ ਕਰਦਿਆਂ ਆਪਣੇ ਹਿਰਦੇ ਵਿੱਚੋਂ ਹੀ ਪਰਮਾਤਮਾ ਨੂੰ ਢੂੰਡਣ ਲਈ ਉਪਦੇਸ਼ ਦਿੰਦੇ ਹਨ। ਦਰਅਸਲ ਕਰਤਵਾਂ ਦਾ ਪਾਲਣ ਸੰਸਾਰ ਦੇ ਹੋ ਕੇ ਰਹਿਣਾ ਪਰ ਸੰਸਾਰੀ ਨਾ ਬਣਨਾ, ਅਲਿਪਤ ਬਣੇ ਰਹਿਣ ਦਾ ਕੰਮ ਅਤੇ ਨਾਲ ਹੀ ਨਾਲ ਹਿਰਦੇ ਵਿਚ ਝਾਤੀ ਮਾਰ ਕੇ ਪ੍ਰਭੂ ਦੀਦਾਰ ਦੀ ਚਾਹ ਰੱਖਣਾ ਹੀ ਜੀਵਣ ਦਾ ਇਕ ਚੰਗਾ ਮੁਕਾਮ ਹੈ:

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ *(ਪੰਨਾ ੧੩੭੮)*

ਬਾਬਾ ਫਰੀਦ ਜੀ ਨੇ ਪਰਮਾਤਮਾ ਦਾ ਨਿਵਾਸ ਹਿਰਦੇ ਵਿਚ ਦੱਸਿਆ ਹੈ ਇਸੇ ਲਈ ਜੀਵ ਨੂੰ ਕਿਸੇ ਦੂਸਰੇ ਦਾ ਦਿਲ ਨਾ ਦੁਖਾਉਣ ਲਈ ਤੇ ਆਦਰਸ਼ਕ ਮਨੁੱਖ ਬਣਨ ਲਈ ਜੋ ਸਿਧਾਂਤ ਨਿਰਧਾਰਤ ਕੀਤੇ ਹਨ ਉਨ੍ਹਾਂ ਦੀ ਝਲਕ ਉਨ੍ਹਾਂ ਦੇ ਸਲੋਕ ਵਿਚ ਸਪਸ਼ਟ ਨਜ਼ਰੀਂ ਆਉਂਦੀ ਹੈ:

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥ *(ਪੰਨਾ ੧੩੮੪)*

ਬਾਬਾ ਫਰੀਦ ਜੀ ਜੀਵ ਨੂੰ ਗੁੱਸੇ ਤੋਂ ਬਚਣ ਦੀ ਗੱਲ ਕਰਦੇ ਹਨ। ਸਰੀਰ ਨੂੰ ਗਾਲ ਦੇਣ ਵਾਲਾ ਕ੍ਰੋਧ ਆਪਣੀ ਝੂਠੀ ਹਉਮੈ ਨਾਲ ਹੀ ਮੋਹ ਪੈਦਾ ਕਰ ਦਿੰਦਾ ਹੈ ਜਿਸ ਕਾਰਨ ਵਿਅਕਤੀ ਦੀ ਬਿਬੇਕ ਬੁੱਧੀ ਦਾ ਨਾਸ਼ ਹੋ ਜਾਂਦਾ ਹੈ। ਬਿਬੇਕ ਬੁੱਧੀ ਦਾ ਨਾਸ਼ ਵਿਅਕਤੀ ਅਤੇ ਸਮਾਜ ਦੋਨਾਂ ਲਈ ਹਾਨੀਕਾਰਕ ਹੋ ਜਾਂਦਾ ਹੈ। ਬਾਬਾ ਫਰੀਦ ਜੀ ਦਾ ਹੇਠ ਲਿਖਿਆ ਕਥਨ ਸਮਾਜ ਨੂੰ ਤੰਦਰੁਸਤ ਅਤੇ ਸੁਖਾਲਾ ਰੱਖਣ ਲਈ ਬਹੁਤ ਹੀ ਲਾਹੇਵੰਦ ਹੈ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ *(ਪੰਨਾ ੧੩੮੧-੮੨)*

੪. ਨੈਤਿਕ ਜੀਵਨ :

ਨੈਤਿਕਤਾ ਧਰਮ ਦਾ ਮੂਲ ਧੁਰਾ ਹੈ। ਇੰਦਰੀਆਂ ਦਾ ਸੰਜਮ, ਅਧਿਆਤਮ ਦੀ ਨੀਂਹ ਜੇਕਰ ਨੈਤਿਕ ਕਦਰਾਂ-ਕੀਮਤਾਂ 'ਤੇ ਆਧਾਰਿਤ ਨਹੀਂ ਹੈ ਵਿਅਕਤੀ ਧਾਰਮਿਕਤਾ ਦੇ ਪੱਥ ਤੋਂ ਛੇਤੀ ਹੀ ਭਟਕ ਜਾਂਦਾ ਹੈ। ਬਾਬਾ ਫਰੀਦ ਜੀ ਦੀ ਬਾਣੀ ਨੈਤਿਕ ਗੁਣਾਂ ਦਾ ਇਕ ਭਰਪੂਰ ਖਜ਼ਾਨਾ ਹੈ। ਮਾਨਵ ਵਿਚ ਮਾਨਵਤਾ ਦਾ ਗੁਣ ਤਾਂ ਹੀ ਪੈਦਾ ਹੋ ਸਕਦਾ ਹੈ ਜੇ ਮਾਨਵ ਦਾ ਜੀਵਨ ਸਦਾਚਾਰੀ ਹੋਵੇ, ਧਾਰਮਿਕ ਜੀਵਨ ਜੀਉਣ ਵਾਲਾ ਹੋਵੇ। ਮਨੁੱਖ ਦੀ ਇਹ ਬਹੁਤ ਵੱਡੀ ਕਮਜ਼ੋਰੀ ਰਹੀ ਹੈ ਕਿ ਉਹ ਹਮੇਸ਼ਾਂ ਹੀ ਦੂਸਰਿਆਂ ਦੇ ਔਗੁਣ ਨੂੰ ਪਹਿਲ ਦਿੰਦਾ ਹੈ ਭਾਵ ਆਪਣੇ ਔਗੁਣਾਂ ਨੂੰ ਨਾ ਦੇਖਦਾ ਹੋਇਆ ਦੂਸਰਿਆਂ ਦੇ ਕਰਮਾਂ ਦੀ ਪੜਚੋਲ ਕਰਦਾ ਰਹਿੰਦਾ ਹੈ। ਪਰ ਬਾਬਾ ਫਰੀਦ ਜੀ ਦੀ ਬਾਣੀ ਦੂਸਰਿਆਂ ਦੀਆਂ ਗਲਤੀਆਂ ਦਾ ਲੇਖਾ-ਜੋਖਾ ਕਰਨ ਦੀ ਥਾਂ ਆਪਣੇ ਅੰਦਰਲੇ ਨੂੰ ਪਹਿਚਾਣ ਕੇ ਆਪਣੀਆਂ ਕਮੀਆਂ ਨੂੰ ਸਵੀਕਾਰਨ ਅਤੇ ਫਿਰ ਉਨ੍ਹਾਂ ਨੂੰ ਦੂਰ ਕਰਨ ਦੀ ਗੱਲ ਕਰਦੀ ਹੈ। ਮਾੜੇ ਕਰਮਾਂ ਨੂੰ ਬਾਬਾ ਫਰੀਦ ਜੀ ਕਾਲੇ ਲੇਖ ਕਹਿੰਦੇ ਹਨ ਜਿਨ੍ਹਾਂ ਦਾ ਬਿਬੇਕ ਬੁੱਧੀ ਨਾਲ ਕੋਈ ਰਿਸ਼ਤਾ ਨਹੀਂ ਹੁੰਦਾ। ਬਿਬੇਕ ਵਿਅਕਤੀ ਨੂੰ ਸਹਿਜ ਅਵਸਥਾ ਪ੍ਰਦਾਨ ਕਰਦਾ ਹੈ ਜਦੋਂ ਕਿ ਮਾੜੇ ਕਰਮ ਜੀਵ ਨੂੰ ਹਮੇਸ਼ਾਂ ਹੀ ਭਟਕਣਾ ਵਿਚ ਪਾਈ ਰੱਖਦੇ ਹਨ। ਬਾਬਾ ਫਰੀਦ ਜੀ ਇਸ ਭਟਕਣਾ ਨੂੰ ਪੈਦਾ ਕਰਨ ਵਾਲੇ ਕਰਮਾਂ ਨੂੰ ਛੱਡਣ ਦੀ ਸਲਾਹ ਦਿੰਦੇ ਹਨ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥ *(ਪੰਨਾ ੧੩੭੮)*

ਬਾਬਾ ਫਰੀਦ ਜੀ ਜੀਵ ਨੂੰ ਚੰਗੇ ਕਰਮ ਕਰਨ ਲਈ ਪ੍ਰੇਰਿਤ ਕਰਦੇ ਹੋਏ ਜਿਥੇ ਸਦਗੁਣਾਂ ਨੂੰ ਧਾਰਨ ਦਾ ਉਪਦੇਸ਼ ਦਿੰਦੇ ਹਨ ਉਥੇ ਔਗੁਣਾਂ ਦੇ ਤਿਆਗ ਦਾ ਵੀ ਉਪਦੇਸ਼ ਦਿੰਦੇ ਹਨ ਤਾਂ ਕਿ ਇਸ ਲੋਕ ਵਿਚ ਆਉਣਾ ਸਫਲ ਹੋ ਸਕੇ ਅਤੇ ਪ੍ਰਭੂ ਦੇ ਦਰਬਾਰ ਵਿਚ ਸ਼ਰਮਿੰਦਗੀ ਨ ਉਠਾਉਣੀ ਪਵੇ:

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡ਼ੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥ *(ਪੰਨਾ ੧੩੮੧)*

ਨੈਤਿਕਤਾ ਮਨੁੱਖ ਦੀ ਹੋਂਦ ਵਿਧੀ ਦਾ ਇਕ ਵਿਲੱਖਣ ਗੁਣ ਹੈ। ਬਾਬਾ ਫਰੀਦ ਜੀ ਦੀ ਬਾਣੀ ਜਿਥੇ ਆਤਮਿਕ ਸੁਖ ਲਈ ਪ੍ਰਭੂ ਪਿਆਰ ਦਾ ਸੰਦੇਸ਼ ਦਿੰਦੀ ਹੈ, ਉਥੇ ਮਨੁੱਖੀ ਕਦਰਾਂ-ਕੀਮਤਾਂ ਨੂੰ ਸਮਝਣ ਅਤੇ ਇਸ ਦੇ ਅਮਲੀ ਰੂਪ 'ਤੇ ਵੀ ਜ਼ੋਰ ਦਿੰਦੀ ਹੈ।

(ੳ) ਸਬਰ

ਸੁਖੀ ਸੰਸਾਰਿਕ ਜੀਵਨ ਅਤੇ ਅਧਿਆਤਮਕ ਸਾਧਨਾ ਦੀ ਮੁੱਢਲੀ ਲੋੜ ਸਬਰ ਹੈ। ਸਬਰ ਦਾ ਅਰਥ ਆਲਸੀ ਜਾਂ ਨਿਕੰਮੇ ਹੋਣਾ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਬਰ, ਸੰਤੋਖ ਨੂੰ ਪਰਮਾਤਮਾ ਵੱਲੋਂ ਦਿੱਤੀਆਂ ਹੋਈਆਂ ਨਿਆਮਤਾਂ ਦੇ ਸ਼ੁਕਰਾਨੇ ਵਜੋਂ ਲਿਆ ਗਿਆ ਹੈ। ਸਬਰ ਨੂੰ ਸਾਧਕ ਦੀ ਮੁੱਢਲੀ ਲੋੜ ਦੱਸਦੇ ਹੋਏ ਬਾਬਾ ਫਰੀਦ ਜੀ ਉਸ ਦੀ ਤੀਰ ਨਾਲ ਤੁਲਨਾ ਕਰਦੇ ਹਨ ਕਿ ਸਬਰ ਅਜਿਹਾ ਤੀਰ ਹੈ ਜਿਸ ਦਾ ਨਿਸ਼ਾਨਾ ਕਦੀ ਵੀ ਖਾਲੀ ਨਹੀਂ ਜਾਂਦਾ:

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥ *(ਪੰਨਾ ੧੩੮੪)*

ਬਾਬਾ ਫਰੀਦ ਜੀ ਕਹਿੰਦੇ ਹਨ ਕਿ ਜੋ ਲੋਕ ਮੁਸੀਬਤ ਅਤੇ ਪਰੇਸ਼ਾਨੀ ਵਿਚ ਸਬਰ ਕਰਦੇ ਹਨ ਉਹ ਲੋਕ ਖੁਦਾ ਦੇ ਨਜ਼ਦੀਕ ਹੁੰਦੇ ਹਨ। ਸਬਰ ਸੂਫੀ ਰਹੱਸਵਾਦ ਦੀ ਕੁੰਜੀ ਹੈ। ਇਹ ਇਕ ਅਜਿਹਾ ਕਾਰਗਰ ਜਜ਼ਬਾ ਹੈ ਕਿ ਜਿਹੜਾ ਵੀ ਇਸ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ, ਉਹ ਵਧ ਕੇ ਦਰਿਆ ਵਾਂਗੂ ਹੋ ਜਾਂਦਾ ਹੈ ਤੇ ਫਿਰ ਕਦੀ ਵੀ ਛੋਟਾ ਰੂਪ ਧਾਰਨ ਨਹੀਂ ਕਰਦਾ:

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥ *(ਪੰਨਾ ੧੩੮੪)*

ਸਬਰ ਲਈ ਜ਼ਰੂਰੀ ਹੈ ਕਿ ਜੀਵ ਨਿਮਰਤਾ ਦਾ ਧਾਰਨੀ ਹੋਵੇ।

(ਅ) ਨਿਮਰਤਾ

ਮਨੁੱਖ ਨੂੰ ਸੰਸਾਰ ਵਿਚ ਸਫਲਤਾ ਪੂਰਵਕ ਵਿਚਰਣ ਲਈ ਨਿਮਰਤਾ ਅਪਣਾਉਣੀ ਬਹੁਤ ਜ਼ਰੂਰੀ ਹੈ। ਸਨਿਮਰ ਵਿਅਕਤੀ ਕੋਈ ਹੀਣ ਵਿਅਕਤੀ ਨਹੀਂ ਹੁੰਦਾ ਸਗੋਂ ਉਸ ਦਾ ਮਨੋਬਲ ਉੱਚਾ ਹੈ। ਨਿਮਰਤਾ ਵਿਅਕਤੀ ਦਾ ਉਹ ਗਹਿਣਾ ਹੈ ਜਿਹੜਾ ਉਸ ਨੂੰ

ਦਿਖਾਵੇ ਵਾਸਤੇ ਨਹੀਂ ਝੁਕਾਉਂਦਾ ਸਗੋਂ ਧਰਤੀ 'ਤੇ ਲਤਾੜੇ ਹੋਏ ਇਨਸਾਨ ਨੂੰ ਉੱਚਾ ਚੁੱਕ ਕੇ ਆਪਣੇ ਗਲੇ ਨਾਲ ਲਗਾਉਣ ਦੀ ਪ੍ਰੇਰਨਾ ਦਿੰਦਾ ਹੈ। ਨਿਮਰਤਾ ਹਉਮੈ ਦੇ ਅਮੋੜ ਵਹਾਅ ਨੂੰ ਠੱਲ੍ਹ ਪਾਉਂਦੀ ਹੈ ਅਤੇ ਜੀਵਨ ਦੀ ਨੀਰਸਤਾ ਨੂੰ ਸਮਾਪਤ ਕਰ ਕੇ ਜੀਵਨ ਦੇ ਇਕੱਲੇਪਨ ਦੇ ਖਲਾਅ ਨੂੰ ਲੋਕਾਂ ਦੇ ਪਿਆਰ ਅਤੇ ਸਨਮਾਨ ਨਾਲ ਭਰਦੀ ਹੈ। ਇਹ ਇਕ ਐਸਾ ਗੁਣ ਹੈ ਜੋ ਸਾਰੀਆਂ ਚੰਗਿਆਈਆਂ ਦਾ ਤੱਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਮਰਤਾ ਇਕ ਅਦੱਤੀ ਤੇ ਅਮੀਰ ਸ੍ਰੋਤ ਹੈ। ਇਹ ਨੈਤਿਕ ਗੁਣਾਂ ਦੀ ਉਹ ਖਾਣ ਹੈ ਜਿਸ ਨੂੰ ਸਾਰੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਨੇ ਅਪਣਾਇਆ ਤੇ ਪ੍ਰਚਾਰਿਆ।

ਬਾਬਾ ਫਰੀਦ ਜੀ ਨਿਮਰਤਾ, ਮਿਠਾਸ ਤੇ ਸਹਿਨਸ਼ੀਲਤਾ ਤਿੰਨ ਗੁਣ ਪਰਮਾਤਮਾ ਨੂੰ ਪਾਉਣ ਦਾ ਸਾਧਨ ਦੱਸਦੇ ਹਨ:

– ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ *(ਪੰਨਾ ੧੩੮੪)*

– ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥ *(ਪੰਨਾ ੧੩੭੮)*

ਬਾਬਾ ਫਰੀਦ ਜੀ ਦੀ ਬਾਣੀ ਦੀਆਂ ਇਹ ਪੰਕਤੀਆਂ ਨਿਮਰਤਾ ਦੀ ਇਕ ਬਹੁਤ ਵੱਡੀ ਮਿਸਾਲ ਹਨ। ਨਿਮਰਤਾ ਦੀ ਇਕ ਹੋਰ ਉਦਾਹਰਣ ਦਿੰਦਿਆਂ ਹੋਇਆਂ ਮਨੁੱਖ ਨੂੰ ਦੱਭ ਦੀ ਤਰ੍ਹਾਂ ਨਿਮਰ ਹੋਣ ਲਈ ਉਪਦੇਸ਼ ਦਿੰਦੇ ਹਨ ਤੇ ਨਾਲ ਹੀ ਦੱਸਦੇ ਹਨ ਕਿ ਨਿਮਰਤਾ ਸਦਕਾ ਹੀ ਮਨੁੱਖ ਉਸ ਪ੍ਰਭੂ ਦੇ ਦਰ ਨੂੰ ਪਾ ਸਕਦਾ ਹੈ:

ਫਰੀਦਾ ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥
ਇਕੁ ਛਿਜਹਿ ਬਿਆ ਲਤਾੜੀਅਹਿ॥ ਤਾਂ ਸਾਈ ਦੈ ਦਰਿ ਵਾੜੀਅਹਿ॥
(ਪੰਨਾ ੧੩੭੮)

(ਏ) ਸੱਚ ਦਾ ਧਾਰਨੀ ਹੋਣਾ

ਪ੍ਰਾਚੀਨ ਸਮੇਂ ਤੋਂ ਲੈ ਕੇ ਅੱਜ ਵਰਤਮਾਨ ਸਮੇਂ ਵਿਚ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਸੱਚ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਵੱਖ-ਵੱਖ ਧਰਮਾਂ ਦੇ ਵੱਖ-ਵੱਖ ਪਾਂਧੀਆਂ ਵਿਚ ਸਿਧਾਂਤਕ ਪੱਖੋਂ ਭਾਵੇਂ ਕਈ ਮਤਭੇਦ ਹੋਣ ਪਰ ਸੱਚ ਦੀ ਹੋਂਦ ਅਤੇ ਇਸ ਦੀ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਅੱਜ ਵਰਤਮਾਨ ਯੁੱਗ ਵਿਚ ਸਮਾਜਿਕ ਜੀਵਨ ਵਿਚ ਕੁਰੀਤੀਆਂ ਦਾ ਕਾਰਨ, ਵਿਅਕਤੀ ਦੇ ਆਚਰਣ ਵਿਚ ਗਿਰਾਵਟ ਦਾ ਕਾਰਨ, ਸੱਚ ਦੀ ਘਾਟ ਹੀ ਹੈ। ਸਮਾਜ ਦਾ ਵਿੱਦਿਅਕ ਢਾਂਚਾ, ਧਾਰਮਿਕ ਵਿਸ਼ਵਾਸ ਸਭ ਡਾਵਾਂ-ਡੋਲ ਹਨ। ਬਾਬਾ ਫਰੀਦ ਜੀ ਆਪਣੇ ਰਚਿਤ ਸਲੋਕਾਂ ਵਿਚ ਜੀਵ ਨੂੰ ਸੱਚ ਦਾ ਧਾਰਨੀ ਹੋਣ ਤੇ ਝੂਠ ਦਾ ਤਿਆਗ ਕਰਨ 'ਤੇ ਜ਼ੋਰ ਦਿੰਦੇ ਹਨ। ਰਾਗ ਆਸਾ ਵਿਚ ਆਪ ਜੀ ਦਾ ਫ਼ਰਮਾਨ ਹੈ:

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥ *(ਪੰਨਾ ੪੮੮)*

ਬਾਬਾ ਫਰੀਦ ਜੀ ਦੀ ਬਾਣੀ ਨੂੰ ਵਾਚਿਆਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਬਾਬਾ ਫਰੀਦ ਜੀ ਦੀ ਬਾਣੀ ਨਿਮਰਤਾ, ਆਪੇ ਦੀ ਪਹਿਚਾਣ, ਸਬਰ, ਸੰਤੋਖ ਆਦਿ ਸਦਾਚਾਰਕ ਕਦਰਾਂ-ਕੀਮਤਾਂ 'ਤੇ ਆਧਾਰਿਤ ਹੈ, ਜੋ ਕਿ ਜੀਵ ਨੂੰ ਸਹੀ ਤੇ ਉਸਾਰੂ ਸੇਧ ਦਿੰਦੀ ਹੈ। ਡਾ. ਵਜ਼ੀਰ ਸਿੰਘ ਜੀ ਦੇ ਸ਼ਬਦਾਂ ਵਿਚ ਬਾਬਾ ਫਰੀਦ ਜੀ ਦੀ ਨੈਤਿਕਤਾ ਇਸ ਗੱਲ ਵਿਚ ਨਹੀਂ ਕਿ ਉਨ੍ਹਾਂ ਨੇ ਮਨੁੱਖ ਦੀ ਸਥਿਤੀ ਦਾ ਵਿਸ਼ਲੇਸ਼ਣ ਦੇ ਕੇ ਉਸ ਨੂੰ ਤਾੜਨਾ ਕਰ ਦਿੱਤੀ ਹੈ ਸਗੋਂ ਉਸ ਦੇ ਜੀਵਨ ਭਰ ਦੇ ਤਜ਼ਰਬੇ ਦਾ ਨਿਚੋੜ ਸਦਾਚਾਰਕ ਨਿਯਮਾਂ ਦੇ ਰੂਪ ਵਿਚ ਸਲੋਕਾਂ ਤੇ ਸ਼ਬਦਾਂ ਰਾਹੀਂ ਪ੍ਰਸਤੁਤ ਕੀਤਾ ਹੈ।[੩] ਬਾਬਾ ਫਰੀਦ ਜੀ ਦੀ ਪਾਵਨ ਬਾਣੀ ਪੜ੍ਹਨ 'ਤੇ ਇਹ ਸਹਿਜੇ ਹੀ ਪ੍ਰਤੱਖ ਹੋ ਜਾਂਦਾ ਹੈ ਕਿ ਬਾਬਾ ਫਰੀਦ ਜੀ ਦੀ ਨੈਤਿਕ ਸਿੱਖਿਆ ਬਹੁਤ ਮੁੱਲਵਾਨ ਹੈ ਜਿਸ ਨੂੰ ਅਪਣਾਉਣ ਦੀ ਅੱਜ ਬਹੁਤ ਲੋੜ ਹੈ।

ਹਵਾਲੇ ਅਤੇ ਟਿੱਪਣੀਆਂ:

੧. ਡਾ. ਸੁਰਿੰਦਰ ਸਿੰਘ (ਕੋਹਲੀ), ਬਾਬਾ ਫਰੀਦ : ਜੀਵਨ, ਸਮਾਂ ਤੇ ਰਚਨਾ, ਸਫਾ ੨੪੨.
੨. ਡਾ. ਹਰੀ ਸਿੰਘ (ਖਹਿਰਾ), ਬਾਬਾ ਫਰੀਦ ਅਤੇ ਗੁਰੂ ਨਾਨਕ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ, ਸਫਾ ੭੩.
੩. ਡਾ. ਵਜ਼ੀਰ ਸਿੰਘ, ਫਰੀਦ ਦਾ ਨੈਤਿਕ ਫਲਸਫਾ, ਖੋਜ ਪੱਤ੍ਰਿਕਾ, ਸਫਾ ੧੬੦.

■

ਲਹਣੇ ਧਰਿਓਨੁ ਛਤ੍ਰ ਸਿਰਿ

(ਸਫ਼ਾ ੩੪ ਦਾ ਬਾਕੀ ਹਿੱਸਾ)

ਜੀ ਦਾ ਰੂਪ ਹੀ ਧਾਰ ਗਏ। ਜਿਵੇਂ ਪਾਣੀ ਦਾ ਬੁਲਬੁਲਾ ਪਾਣੀ ਵਿਚ ਹੀ ਸਮਾ ਜਾਂਦਾ ਹੈ ਇਵੇਂ 'ਗੁਰੂ' ਅਤੇ 'ਚੇਲਾ' ਵਿਚ ਰਤੀ ਭਰ ਵੀ ਫਰਕ ਨਾ ਰਿਹਾ। ਜੋਤ ਵਿਚ ਜੋਤ ਸਮਾ ਗਈ।

ਇਸ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ, "ਗੁਰੂ ਅੰਗਦ ਦੇਵ" ਬਣਾ ਕੇ, ਜਗਤ-ਗੁਰੂ ਥਾਪ ਦਿੱਤਾ।

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤ੍ਰ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥ *(ਪੰਨਾ ੯੬੬)*

■

ਭਗਤ ਧੰਨਾ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਯੋਗਦਾਨ

*-ਡਾ. ਗੁਲਜ਼ਾਰ ਸਿੰਘ ਜ਼ਹੂਰਾ**

ਭਗਤ ਸਾਹਿਬਾਨ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਵੱਡਾ ਯੋਗਦਾਨ ਹੈ। ਭਗਤ ਸਾਹਿਬਾਨ ਵਿੱਚੋਂ ਹੋਏ ਭਗਤ ਧੰਨਾ ਜੀ ਕਿਸਾਨੀ ਪਰਵਾਰ ਨਾਲ ਸੰਬੰਧਿਤ ਰਾਜਪੂਤਾਨੇ ਦੇ ਜੱਟ ਸਨ। ਭਾਈ ਕਾਨ੍ਹ ਸਿੰਘ ਨਾਭਾ[੧] ਅਨੁਸਾਰ ਆਪ ਦਾ ਜਨਮ ਟਾਂਕ ਦੇ ਇਲਾਕੇ ਦੇ ਧੂਆਨ ਪਿੰਡ ਵਿਚ ਸੰਮਤ ੧੪੭੩ ਈ. ਨੂੰ ਹੋਇਆ। ਮੈਕਸ ਆਰਥਰ ਮੈਕਾਲਿਫ[੨] ਜਨਮ ਦਾ ਸੰਨ ੧੪੧੫ ਈ. ਨਿਰਧਾਰਤ ਕਰਦਾ ਹੈ ਜੋ ਉਪਰੋਕਤ ਸੰਮਤ ਨਾਲ ਮੇਲ ਖਾਂਦਾ ਹੈ। ਕੁਝ ਵਿਦਵਾਨ ਭਗਤ ਧੰਨਾ ਜੀ ਦਾ ਪਿਛੋਕੜ ਜੈਪੁਰ ਜ਼ਿਲ੍ਹੇ ਦੇ ਪਿੰਡ 'ਡਿਗੀ ਕਿਸ਼ਨਗੜ੍ਹ' ਨੂੰ ਦੱਸਦੇ ਹਨ ਅਤੇ ਇਥੋਂ ਹੀ ਆਪ ਦੇ ਬਜ਼ੁਰਗ ਧੁਆਨ (ਬੜਾ ਧੂਆਂ) ਜਾ ਵੱਸੇ ਸਨ।[੩] ਭਗਤ ਧੰਨਾ ਜੀ ਨੇ ਗ੍ਰਿਹਸਤੀ ਜੀਵਨ ਬਤੀਤ ਕੀਤਾ ਅਤੇ ਖੇਤੀ ਕਰਨ ਤੇ ਪਸ਼ੂ ਚਾਰਨ ਦੀ ਕਿਰਤ ਦੇ ਨਾਲ-ਨਾਲ ਪ੍ਰਭੂ-ਭਗਤੀ ਵੱਲ ਆਪਣਾ ਮਨ ਜੋੜੀ ਰੱਖਿਆ। ਪ੍ਰਭੂ-ਪ੍ਰੇਮ ਦੀ ਪ੍ਰਬਲ ਇੱਛਾ ਹੋਣ ਕਰਕੇ ਪਰਮਾਤਮਾ ਨੂੰ ਉਨ੍ਹਾਂ ਨੇ ਆਪਣੇ ਨਿਰਛਲ ਸੁਭਾਅ ਰਾਹੀਂ ਸਹਿਜੇ ਹੀ ਪਾ ਲਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਦੀ ਭਗਤਾਂ ਦੀ ਸਾਖੀ ਵਿਚ ਜਿੱਥੇ ਹੋਰ ਭਗਤਾਂ ਦੀ ਕਠਿਨ ਸਾਧਨਾ ਦਾ ਜ਼ਿਕਰ ਕਰਦੇ ਹਨ ਉਥੇ ਸਤਿਗੁਰੂ ਜੀ ਨੇ 'ਧੰਨੈ ਸੇਵਿਆ ਬਾਲ ਬੁਧਿ' (ਪੰਨਾ ੧੧੯੨) ਰਾਹੀਂ ਉਨ੍ਹਾਂ ਦੇ ਪ੍ਰਭੂ-ਮਿਲਾਪ ਦਾ ਜ਼ਿਕਰ ਕੀਤਾ ਹੈ।

ਭਗਤ ਧੰਨਾ ਜੀ ਦੇ ਜੀਵਨ ਦੇ ਭਗਤੀ-ਭਾਵ ਨਾਲ ਅਨੇਕਾਂ ਕਹਾਣੀਆਂ ਜੁੜੀਆਂ ਹੋਈਆਂ ਹਨ। ਇਸ ਨੂੰ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਇਉਂ ਬਿਆਨ ਕਰਦੇ ਹਨ:

ਬਾਮ੍ਹਣ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ।
ਧੰਨੈ ਡਿਠਾ ਚਲਿਤ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ।
ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੋ ਤੁਧੁ ਭਾਵੈ।
ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।
ਠਾਕੁਰ ਨੋਂ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿੰਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।

---

* *ਔਸਟੀ ਕਾਲੋਨੀ, ਡਾਕ. ਪ੍ਰਤਾਪ ਨਗਰ, ਨੰਗਲ ਡੈਮ (ਰੋਪੜ)-੧੪੦੧੨੫*

ਗੋਸਾਈਂ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਵਿੰਦੁ ਮਿਲਾਵੈ॥ *(ਵਾਰ ੧੦:੧੩)*

ਭਗਤ ਧੰਨਾ ਜੀ ਨੇ ਆਪਣੀ ਆਤਮਿਕ ਭੁੱਖ ਨੂੰ ਮਿਟਾਉਣ ਲਈ ਪਰਮਾਰਥ ਦੇ ਰਾਹ ਦੀ ਤਲਾਸ਼ ਵਿਚ ਬਹੁਤ ਸਮਾਂ ਗੁਜ਼ਾਰਿਆ ਸੀ ਅਤੇ ਦੂਰ-ਦੂਰ ਤਕ ਦੀ ਯਾਤਰਾ ਕੀਤੀ। ਸ਼ਾਇਦ ਇਸੇ ਤਲਬ ਵਿਚ ਆਪ ਜੀ ਨੇ ਆਪਣਾ ਪਿੰਡ ਅਤੇ ਘਰ ਵੀ ਤਿਆਗ ਦਿੱਤਾ ਸੀ ਜਿਸ ਦਾ ਪ੍ਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਅੱਜ ਧੂਆਨ ਪਿੰਡ ਵਿਚ ਭਗਤ ਧੰਨਾ ਜੀ ਦੇ ਵੰਸ਼ ਵਿੱਚੋਂ ਕੋਈ ਵੀ ਨਹੀਂ ਵੱਸਦਾ। ਪਿੰਡ ਦੇ ਚੜ੍ਹਦੇ ਪਾਸੇ ਖੁਸ਼ਕ ਪਹਾੜ ਦੇ ਪੈਰਾਂ ਵਿਚ ਭਗਤ ਧੰਨਾ ਜੀ ਦੀ ਜ਼ਮੀਨ ਹੈ, ਜਿੱਥੇ ਚੂਨਾ ਗੱਚ ਦਾ ਇਕ ਥੜ੍ਹਾ ਬਣਿਆ ਹੋਇਆ ਹੈ। ਕਹਿੰਦੇ ਹਨ ਕਿ ਇਥੇ ਬੈਠ ਕੇ ਭਗਤ ਧੰਨਾ ਜੀ ਗਊਆਂ ਚਾਰਿਆ ਕਰਦੇ ਸਨ। ਸ਼ਰਧਾਵਾਨ ਲੋਕ ਇਥੇ ਆਉਂਦੇ ਹਨ। ਭਗਤ ਧੰਨਾ ਜੀ ਨੂੰ ਪਰਮਾਰਥ ਦੀ ਸੋਝੀ ਭਗਤ ਰਾਮਾਨੰਦ ਜੀ ਤੋਂ ਪ੍ਰਾਪਤ ਹੋਈ ਸੀ। ਭਗਤ ਰਾਮਾਨੰਦ ਜੀ ਉੱਤਰੀ ਭਾਰਤ ਵਿਚ ਦੱਖਣ ਦੇ ਰਾਮਾਨੁਜ ਦੀ ਚੌਧਵੀਂ ਪੀੜ੍ਹੀ ਦੇ ਉਤਰਾਧਿਕਾਰੀ ਸਨ ਅਤੇ ਨਿਰਗੁਣ ਭਗਤੀ ਦੇ ਪ੍ਰਚਾਰਕ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਭਗਤ ਬਾਣੀ ਦੇ ਅੱਧੇ ਭਗਤ ਆਪ ਦੇ ਚੇਲੇ ਤੇ ਸਮਕਾਲੀ ਸਨ। ਭਗਤਮਾਲਾ ਵਿਚ ਰਾਮਾਨੰਦ ਦੇ ਭਗਤਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਗਿਆ ਹੈ, ਜਿਸ ਵਿਚ ਭਗਤ ਧੰਨਾ ਜੀ ਦਾ ਨਾਮ ਵੀ ਸ਼ਾਮਲ ਹੈ—

ਸ੍ਰੀ ਰਾਮਾਨੰਦ ਰਘੁਨਾਥ ਜਯੋ ਦੁਨੀਆ ਸੇਤੁ ਜਗ ਤਾਰਨ ਕੀਯੋ।
ਅਨੰਤ ਨੰਦ, ਕਬੀਰ, ਸੁਖਾ, ਸੁਰਸਯ, ਪਦਮਾਵਤੀ, ਨਰ ਹਰਿ।
ਪੀਪਾ, ਭਾਵਾਨੰਦ, ਰੈਦਾਸ, ਧੰਨਾ, ਸੈਨ, ਸੁਰਸਾਰੀ ਕੀ ਸਰਹਰਿ।
ਔਰ ਸ਼ਿਸ਼ ਪ੍ਰਤਿਸ਼ਟ ਏਕ ਤੇ ਏਕ ਉਜਾਗਰ।[੪]

ਪਰਚੀਆਂ ਸ੍ਰੀ ਸੈਣ ਭਗਤ ਜੀ ਵਿਚ ਵੀ ਭਗਤ ਰਾਮਾਨੰਦ ਜੀ ਦੇ ਭਗਤਾਂ ਦਾ ਜੋ ਜ਼ਿਕਰ ਆਇਆ ਹੈ, ਉਸ ਵਿਚ ਵੀ ਭਗਤ ਧੰਨਾ ਜੀ ਸ਼ਾਮਲ ਹਨ:

ਧੰਨਾ ਤੇ ਰਵਿਦਾਸ ਜੀ ਤ੍ਰਿਲੋਚਨ ਸਧਨਾ ਜਾਣ।
ਸੂਰਦਾਸ ਘਰ ਨਾਮਦੇਵ ਕਰਿਤਨ ਕੀਤਾ ਜਾਮ। *(ਧਨਾਸਰੀ ਪੱਤਰਾ)*[੫]

ਇਵੇਂ ਭਗਤ ਧੰਨਾ ਜੀ ਸਾਧੂਆਂ ਦੀ ਸੰਗਤ ਰਾਹੀਂ ਭਗਤ ਰਾਮਾਨੰਦ ਜੀ ਦੀ ਸ਼ਰਨ ਵਿਚ ਜਾ ਕੇ ਆਪਣੀ ਸਾਧਨਾ ਨਾਲ ਬਾਕੀ ਭਗਤ ਸਾਹਿਬਾਨ ਵਿਚ ਚੰਗਾ ਸਥਾਨ ਬਣਾ ਲੈਂਦੇ ਹਨ। ਇਸ ਦਾ ਜ਼ਿਕਰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਕਰਦੇ ਹਨ :

ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ॥
ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ॥੭॥
ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ॥

ਨਾਨਕ ਸਰਣਿ ਪਰੇ ਜਗਜੀਵਨ ਹਰਿ ਹਰਿ ਕਿਰਪਾ ਧਾਰਿ ਰਖਈਆ॥

(ਪੰਨਾ ੮੩੫)

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਹੋਏ ਭਗਤ ਧੰਨਾ ਜੀ ਦੇ ਆਸਾ ਰਾਗ ਦੇ ਸ਼ਬਦਾਂ ਵਿਚ ਆਪਣਾ ਇਕ ਸ਼ਬਦ ਜੋੜ ਕੇ ਉਨ੍ਹਾਂ ਦੀ ਭਗਤੀ-ਭਾਵਨਾ ਦਾ ਸਨਮਾਨ ਕਰਦੇ ਲਿਖਦੇ ਹਨ:

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਅ ਗਹੀਰਾ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ੍ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ *(ਪੰਨਾ ੪੮੭-੮੮)*

ਭਗਤ ਧੰਨਾ ਜੀ ਨੇ ਭਾਵੇਂ ਭਗਤੀ-ਭਾਵਨਾ ਵਿਚ ਆ ਕੇ ਕਾਫ਼ੀ ਬਾਣੀ ਰਚੀ ਹੋਵੇ ਜਿਸ ਬਾਰੇ ਸਹੀ ਪ੍ਰਮਾਣ ਤੇ ਤੱਥ ਪ੍ਰਾਪਤ ਤਾਂ ਨਹੀਂ ਹੁੰਦੇ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਤਿੰਨ ਸ਼ਬਦ ਸ਼ਾਮਲ ਕੀਤੇ ਗਏ ਹਨ। ਦੋ ਸ਼ਬਦ ਰਾਗ ਆਸਾ ਵਿਚ 'ਆਸਾ ਬਾਣੀ ਭਗਤ ਧੰਨੇ ਜੀ ਕੀ' ਸਿਰਲੇਖ ਹੇਠ ਧਨਾਸਰੀ ਰਾਗ ਵਿਚਲੇ ਆਰਤੀ ਦੇ ਸ਼ਬਦਾਂ ਵਿਚ ਹਨ। ਪ੍ਰਭੂ-ਮਹਿਮਾ ਕਰਦਿਆਂ ਭਗਤ ਧੰਨਾ ਜੀ ਨੇ ਪ੍ਰਭੂ-ਪਰਮਾਤਮਾ ਅੱਗੇ ਰੋਜ਼ਨੁਮਾ ਜ਼ਿੰਦਗੀ ਦੀਆਂ ਲੋੜਾਂ ਦਾ ਮੰਗ-ਪੱਤਰ ਪੇਸ਼ ਕੀਤਾ ਹੈ।

ਆਸਾ ਰਾਗ ਦੇ ਪਹਿਲੇ ਸ਼ਬਦ ਵਿਚ ਭਗਤ ਧੰਨਾ ਜੀ ਨੇ ਆਪਣੇ ਪੂਰਬਲੇ ਜਨਮ ਦੀ ਭਟਕਣਾ ਅਤੇ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਬਿਹਬਲਤਾ ਨੂੰ ਬਿਆਨ ਕੀਤਾ ਹੈ। ਜੀਵ ਦੀ ਵਿਅਕਤੀਗਤ ਅਤੇ ਬਾਹਰਮੁਖੀ ਸਾਧਨਾ ਸਾਰੀ ਦੀ ਸਾਰੀ ਮਨਮੁਖਤਾ ਹੈ। ਜਿੰਨਾ ਚਿਰ ਗੁਰੂ ਦੀ ਕਿਰਪਾ ਨਹੀਂ ਹੁੰਦੀ, ਤਦ ਤਕ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਮਨ ਵੱਸ ਵਿਚ ਆਉਂਦਾ ਹੈ। ਆਪਣੀ ਇਸ ਮਾਨਸਿਕ ਭਟਕਣਾ ਨੂੰ ਬਿਆਨ ਕਰਦੇ ਆਪ ਲਿਖਦੇ ਹਨ ਕਿ ਕਈ ਜਨਮ ਬੀਤ ਗਏ ਪਰ ਤਨ, ਮਨ, ਧਨ ਵਿਚ ਸਹਿਜ ਨਹੀਂ ਆਇਆ। ਇਹ ਟਿਕਾਉ ਆ ਵੀ ਨਹੀਂ ਸਕਦਾ ਕਿਉਂਕਿ ਤਨ ਬਿਨਸ ਜਾਂਦਾ ਹੈ, ਮਨ ਭਟਕਦਾ ਰਹਿੰਦਾ ਹੈ ਤੇ ਧਨ ਉੱਡ-ਪੁੱਡ ਜਾਂਦਾ ਹੈ। ਇਸ ਭਟਕਣ ਦੇ ਕਾਰਨ ਨੂੰ ਅਨੁਭਵ ਕਰਦੇ ਆਪ ਸਪਸ਼ਟ ਕਰਦੇ ਹਨ ਕਿ ਇਸ ਲੋਭੀ ਜੀਵ ਦੇ ਜ਼ਹਿਰੀਲੇ ਸੁਆਦਾਂ ਅਤੇ ਕਾਮ ਦੇ ਰੰਗ ਵਿਚ ਰੰਗੇ ਹੋਣ ਕਰਕੇ ਹੀਰੇ ਰੂਪੀ ਪ੍ਰਭੂ

ਵਿੱਸਰਿਆ ਹੋਇਆ ਸੀ। ਇਸ ਬਉਰੇ ਮਨ ਨੂੰ ਜ਼ਹਿਰ ਰੂਪੀ ਫਲ ਮਿੱਠੇ ਲੱਗਦੇ ਸਨ। ਸ਼ੁਭ-ਕਰਮਾਂ ਤੋਂ ਉਲਟ ਮਾਇਆਵੀ ਪ੍ਰੀਤ ਵੱਸ ਜਨਮ-ਮਰਨ ਦਾ ਤਾਣਾ ਤਣਿਆ ਰਿਹਾ ਅਤੇ ਆਵਾਗਵਨ ਦਾ ਚੱਕਰ ਚੱਲਦਾ ਰਿਹਾ। ਹਿਰਦੇ ਵਿਚ ਪਰਮਾਤਮਾ ਨਾਲ ਜੁੜਨ ਦੀ ਚੰਗੀ ਵਿਉਂਤ ਨਾ ਟਿਕਾਉਣ ਕਰਕੇ ਇਹ ਜੀਵ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਮੌਤ ਦੇ ਫੰਦੇ ਵਿਚ ਫਸਿਆ ਰਿਹਾ। ਵਿਸ਼ਿਆਂ-ਵਿਕਾਰਾਂ ਦੇ ਰਸ ਇਕੱਠੇ ਕਰ ਕੇ ਮਨ ਨੂੰ ਇਸ ਕਦਰ ਭਰ ਲਿਆ ਕਿ ਪਰਮ ਪੁਰਖ ਵਿੱਸਰ ਹੀ ਗਿਆ। ਗੁਰੂ ਨੇ ਜਦੋਂ ਮਨ ਵਿਚ ਗਿਆਨ ਦਾ ਧਨ ਭਰ ਦਿੱਤਾ ਤਾਂ ਮਨ ਸਹਿਜ ਦੀ ਤ੍ਰਿਪਤੀ ਵਿਚ ਆ ਗਿਆ। ਇਹ ਜੁਗਤ ਵਰਤ ਕੇ ਸਭ ਥਾਂ ਸਮਾਈ ਹੋਈ ਪ੍ਰਭੂ ਦੀ ਜੋਤ ਨੂੰ ਹਿਰਦੇ ਵਿਚ ਵਸਾ ਕੇ ਨਾ ਛਲੇ ਜਾਣ ਵਾਲੇ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ। ਇਵੇਂ ਭਗਤ ਧੰਨਾ ਜੀ ਨੇ ਸੰਤ-ਜਨਾਂ ਨਾਲ ਮਿਲ ਕੇ ਧਰਤੀ ਨੂੰ ਸਹਾਰਾ ਦੇਣ ਵਾਲੇ ਧਰਨੀਧਰ ਨੂੰ ਪ੍ਰਾਪਤ ਕਰ ਲਿਆ। ਇਹ ਸ਼ਬਦ ਜੀਵ ਨੂੰ ਪਰਮਾਰਥ ਦੀ ਪੂਰੀ ਸੇਧ ਦਿੰਦਾ ਹੈ:

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ॥੧॥ ਰਹਾਉ॥
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ॥੧॥
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ॥
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ॥੨॥
ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ॥੩॥
ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ॥
ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥ *(ਪੰਨਾ ੪੮੭)*

ਦੂਜੇ ਸ਼ਬਦਾਂ ਵਿਚ ਆਤਮ ਸਥਿਰਤਾ ਦਾ ਪ੍ਰਗਟਾਵਾ ਹੈ। ਇਸ ਵਿਚ ਇਹ ਤਸੱਲੀ ਪ੍ਰਗਟ ਕੀਤੀ ਗਈ ਹੈ ਕਿ ਪਰਮਾਤਮਾ ਦੀ ਭਗਤੀ ਕਿਉਂ ਨਾ ਕੀਤੀ ਜਾਵੇ ਜੋ ਹਰ ਜੀਵ ਨੂੰ ਰੋਜ਼ੀ ਦਿੰਦਾ ਹੈ? ਉਸ ਤੋਂ ਬਿਨਾਂ ਦੂਸਰਾ ਹੋਰ ਕੋਈ ਪ੍ਰਤਿਪਾਲਕ ਨਹੀਂ ਹੈ। ਹੇ ਜੀਵ! ਜੇ ਤੂੰ ਬ੍ਰਹਿਮੰਡ ਦੇ ਵੱਖਰੇ-ਵੱਖਰੇ ਦੇਸਾਂ ਵਿਚ ਵੀ ਦੌੜਾ ਫਿਰੇਂ ਤਾਂ ਭੀ ਜੋ ਕਰਤਾਰ ਕਰੇਗਾ, ਉਹੀ ਹੋਵੇਗਾ। ਇਸ ਸ਼ਬਦ ਵਿਚ ਦ੍ਰਿਸ਼ਟਾਂਤ ਦੇ ਕੇ ਦੱਸਿਆ ਗਿਆ ਹੈ ਕਿ ਪਰਮਾਤਮਾ ਨੇ ਮਾਤਾ ਦੇ ਗਰਭ ਵਿਚ ਸਾਡਾ ਸਰੀਰ ਸਾਜਿਆ ਹੈ ਅਤੇ ਉਹ ਪਰਮਾਤਮਾ ਉਸ ਅਗਨੀ ਵਿਚ ਖੁਰਾਕ ਦੇ ਕੇ ਸਾਡੀ ਰੱਖਿਆ ਕਰਦਾ ਹੈ। ਇਵੇਂ ਹੀ ਕੱਛੂਕੁੰਮੀ ਆਪ ਪਾਣੀ ਦੇ ਵਿਚ ਹੁੰਦੀ ਹੈ ਅਤੇ ਉਸ ਦੇ ਬੱਚੇ ਬਾਹਰ ਕਿਨਾਰੇ 'ਤੇ ਹੁੰਦੇ ਹਨ। ਨਾ ਉਨ੍ਹਾਂ ਨੂੰ ਮਾਤਾ ਦੇ ਖੰਭਾਂ ਦੀ ਰਖਿਆ ਹੁੰਦੀ ਹੈ ਤੇ ਨਾ ਹੀ ਮਾਤਾ ਦਾ ਦੁੱਧ ਪ੍ਰਾਪਤ ਹੁੰਦਾ ਹੈ। ਇਹ ਗੱਲ ਵਿਚਾਰਨ ਵਾਲੀ ਹੈ ਕਿ ਪ੍ਰਭੂ ਉਨ੍ਹਾਂ ਦੀ

ਪਾਲਣਾ ਕਰਦਾ ਹੈ। ਇਵੇਂ ਹੀ ਪੱਥਰ ਵਿਚ ਕੀੜਾ ਲੁਕ ਕੇ ਰਹਿੰਦਾ ਹੈ, ਉਸ ਨੂੰ ਬਾਹਰ ਨਿਕਲਣ ਦਾ ਕੋਈ ਰਸਤਾ ਵੀ ਨਹੀਂ ਹੁੰਦਾ ਕਿ ਉਹ ਖਾ-ਪੀ ਸਕੇ। ਭਗਤ ਧੰਨਾ ਜੀ ਕਹਿੰਦੇ ਹਨ ਕਿ ਈਸ਼ਵਰ ਉਸ ਨੂੰ ਵੀ ਖੁਰਾਕ ਦਿੰਦਾ ਹੈ। ਇਸ ਲਈ ਹੇ ਜੀਵ! ਡਰ ਜਾਂ ਚਿੰਤਾ ਦੀ ਲੋੜ ਨਹੀਂ, ਜੇ ਤੂੰ ਪ੍ਰਭੂ ਭਗਤੀ ਵੱਲ ਲੱਗ ਜਾਵੇਂ ਤਾਂ ਉਹ ਆਪੇ ਹੀ ਤੇਰੀ ਰੋਟੀ-ਰੋਜ਼ੀ ਦਾ ਫਿਕਰ ਕਰਦਾ ਹੈ, ਭਾਵ ਸਭ ਤਰ੍ਹਾਂ ਦੀ ਪ੍ਰਤਿਪਾਲਣਾ ਕਰਦਾ ਹੈ:

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ॥੧॥ ਰਹਾਉ॥
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥੧॥
ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ॥੨॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥ *(ਪੰਨਾ ੪੮੮)*

ਧਨਾਸਰੀ ਰਾਗ ਵਿਚ ਜਿੱਥੇ ਬਾਕੀ ਭਗਤ ਸਾਹਿਬਾਨ ਭਗਤ ਤ੍ਰਿਲੋਚਨ ਜੀ, ਭਗਤ ਸੈਣੁ ਜੀ, ਭਗਤ ਪੀਪਾ ਜੀ ਦੇ ਆਰਤੀ ਵਾਲੇ ਸ਼ਬਦ ਹਨ, ਉਥੇ ਅੰਤ ਵਿਚ ਭਗਤ ਧੰਨਾ ਜੀ ਦਾ ਸ਼ਬਦ ਹੈ। ਇਸ ਵਿਚ ਭਗਤ ਜੀ ਨੇ ਆਪਣੀ ਆਤਰਤਾ ਦੱਸ ਕੇ ਦਾਲ, ਸੀਧਾ, ਘਿਉ ਖਾਣ ਵਾਲੀਆਂ ਚੀਜ਼ਾਂ ਮੰਗੀਆਂ ਹਨ। ਜੁੱਤੀ, ਕੱਪੜਾ ਪਹਿਨਣ ਲਈ, ਸੱਤ ਵਾਰੀ ਪੈਲੀ ਵਾਹ ਕੇ ਬੀਜਿਆ ਅੰਨ, ਦੁੱਧ ਪੀਣ ਲਈ ਲਵੇਰੀ ਗਊ-ਭੈਂਸ ਅਤੇ ਸਵਾਰੀ ਲਈ ਚੰਗੀ ਘੋੜੀ ਦੀ ਮੰਗ ਕੀਤੀ ਹੈ। ਸੁਸ਼ੀਲ ਗ੍ਰਹਿਣੀ ਦੀ ਵੀ ਜਾਚਨਾ ਕੀਤੀ ਹੈ। ਭਗਤ ਧੰਨਾ ਜੀ ਦਾ ਇਹ ਵੀ ਵਿਸ਼ਵਾਸ ਹੈ ਕਿ ਪ੍ਰਭੂ 'ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ' ਹੈ। ਆਪ ਸਰੀਰ ਦੀ ਖੁਰਾਕ ਅਤੇ ਜੀਵਨ ਦੀਆਂ ਨਿੱਤ ਵਰਤੋਂ ਦੀਆਂ ਚੀਜ਼ਾਂ ਦੀ ਹੀ ਮੰਗ ਕਰਦੇ ਹਨ। ਇਸ ਵਿੱਚੋਂ ਭਗਤ ਧੰਨਾ ਜੀ ਦੀ ਸਾਦਗੀ ਅਤੇ ਨਿਰਛਲਤਾ ਝਲਕਦੀ ਹੈ:

ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ ਰਹਾਉ॥
ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥
ਪਨੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥੧॥
ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥
ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥ *(ਪੰਨਾ ੬੯੫)*

(ਬਾਕੀ ਸਫ਼ਾ ੮੦ 'ਤੇ)

ਭਾਰੇ ਭੂਈਂ ਅਕਿਰਤਘਣ...

*–ਡਾ. ਮਲਕਿੰਦਰ ਕੌਰ**

ਨੇਕੀ ਅਤੇ ਬਦੀ ਦੀ ਧਾਰਨਾ ਨੂੰ ਹਰੇਕ ਧਰਮ ਨੇ ਸਵੀਕਾਰ ਕੀਤਾ ਹੈ। ਦਰਅਸਲ ਨੇਕੀ ਅਤੇ ਬਦੀ ਮਨੁੱਖੀ ਜ਼ਿੰਦਗੀ ਦੇ ਦੋ ਪਹਿਲੂ ਹਨ। ਜਿਸ ਤਰ੍ਹਾਂ ਫੁੱਲ ਦੇ ਨਾਲ ਕੰਡੇ ਹੁੰਦੇ ਹਨ ਉਸੇ ਤਰ੍ਹਾਂ ਮਨੁੱਖ ਵਿਚ ਨੇਕੀ ਤੇ ਬਦੀ ਦੇ ਦੋਨੋਂ ਤੱਤ ਮੌਜੂਦ ਹਨ। ਜਿਹੜਾ ਪਾਸਾ ਭਾਰੂ ਹੋ ਜਾਵੇ ਮਨੁੱਖ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਪਾਰਸੀ ਧਰਮ ਵਿਚ ਇਸ ਨੂੰ ਆਸ਼ਾ ਤੇ ਦਰੁਜ਼ ਦੀ ਸੰਗਿਆ ਦਿੱਤੀ ਗਈ ਹੈ। ਨੇਕੀ ਦੇ ਮਾਰਗ ਨੂੰ ਅਪਣਾਉਣ ਨਾਲ ਮਨੁੱਖ ਗੁਰਮੁਖ, ਪਰਉਪਕਾਰੀ ਅਤੇ ਕ੍ਰਿਤਗਯ ਬਣਦਾ ਹੈ ਅਤੇ ਬਦੀ ਦੇ ਰਸਤੇ ਉੱਤੇ ਤੁਰਨ ਨਾਲ ਮਨਮੁਖ, ਚੋਰ, ਠੱਗ, ਪਾਪੀ, ਅਕ੍ਰਿਤਘਣ ਅਖਵਾਉਂਦਾ ਹੈ। ਗੁਰਬਾਣੀ ਵਿਚ ਜਿੱਥੇ ਗੁਰਮੁਖ, ਸੰਤ, ਭਗਤ ਤੇ ਸੇਵਕ ਨੂੰ ਸਤਿਕਾਰਯੋਗ ਰੁਤਬਾ ਪ੍ਰਾਪਤ ਹੈ, ਉਥੇ ਮਨਮੁਖ, ਚੋਰ, ਨਿਗੁਰੇ ਤੇ ਅਕ੍ਰਿਤਘਣ ਨੂੰ ਫਿਟਕਾਰਿਆ ਗਿਆ ਹੈ। ਗੁਰਮਤਿ ਅਨੁਸਾਰ ਅਕ੍ਰਿਤਘਣ ਦੇ ਸੰਕਲਪ ਨੂੰ ਬਿਆਨ ਕਰਨ ਤੋਂ ਪਹਿਲਾਂ ਇਸ ਦੇ ਸ਼ਾਬਦਿਕ ਅਰਥਾਂ ਨੂੰ ਸਮਝ ਲੈਣਾ ਲਾਹੇਵੰਦ ਰਹੇਗਾ।

'ਅਕ੍ਰਿਤਘਣ' ਸੰਸਕ੍ਰਿਤ ਦੇ ਸ਼ਬਦ 'ਕ੍ਰਿਤਘਣ' ਦਾ ਪੰਜਾਬੀ ਰੂਪਾਂਤਰਨ ਹੈ। ਭਾਈ ਵੀਰ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਵਿਚ ਇਸ ਦੇ ਅਰਥ 'ਜੋ ਕਿਸੇ ਦੇ ਕੀਤੇ ਹੋਏ ਨੂੰ ਨਾ ਜਾਣੇ' ਕੀਤੇ ਹਨ।[੧] ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ 'ਅਕ੍ਰਿਤਘਣ' ਦੇ ਅਰਥ ਉਪਕਾਰ ਵਿਸਾਰਨ ਵਾਲਾ ਅਤੇ ਅਹਿਸਾਨ ਫਰਾਮੋਸ਼ ਹਨ।[੨]

ਉਪਰੋਕਤ ਅਰਥਾਂ ਤੋਂ ਇਹ ਧਾਰਨਾ ਬਣਦੀ ਹੈ ਕਿ ਅਕ੍ਰਿਤਘਣ ਉਹ ਵਿਅਕਤੀ ਹੈ ਜੋ ਦੂਸਰੇ ਦੀ ਕੀਤੀ ਹੋਈ ਨੇਕੀ ਨੂੰ ਭੁਲਾ ਦਿੰਦਾ ਹੈ ਅਤੇ ਆਪਣੀ ਚਲਾਕੀ ਅਤੇ ਚਤੁਰਤਾ ਨਾਲ ਦੂਸਰਿਆਂ ਤੋਂ ਵੱਧ ਸਿਆਣਾ ਹੋਣ ਦਾ ਦਾਅਵਾ ਕਰਦਾ ਹੈ। ਸੱਚਮੁਚ ਹੀ ਅਕ੍ਰਿਤਘਣ ਅਜਿਹਾ ਵਿਅਕਤੀ ਹੈ ਜੋ ਆਪਣਾ ਕੰਮ ਪੂਰਾ ਹੋਣ 'ਤੇ ਦੂਸਰੇ ਨੂੰ ਵਿਸਾਰ ਦਿੰਦਾ ਹੈ ਭਾਵੇਂ ਉਸ ਦਾ ਕੋਈ ਸਕਾ ਸੰਬੰਧੀ ਜਾਂ ਦੋਸਤ ਹੀ ਹੋਵੇ। ਉਹ ਅਜਿਹਾ ਤਾਂ ਹੀ ਕਰਦਾ ਹੈ ਕਿਉਂਕਿ ਉਸ ਦੀ ਜ਼ਮੀਰ ਮਰ ਚੁੱਕੀ ਹੁੰਦੀ ਹੈ। ਸਿੱਖ ਧਰਮ ਦੇ ਮਹਾਨ ਚਿੰਤਕ ਅਤੇ ਮੁੱਢਲੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਅਕ੍ਰਿਤਘਣ ਦੇ ਚਿੱਤਰ ਨੂੰ ਬਾਖੂਬੀ ਪੇਸ਼ ਕੀਤਾ ਹੈ:

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।

* *ਲੈਕਚਰਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।
ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ। *(ਵਾਰ ੩੫:੮)*

ਧਰਤੀ ਹਰ ਕਿਸੇ ਚੀਜ਼ ਦਾ ਬੋਝ ਉਠਾ ਸਕਦੀ ਹੈ ਪਰ ਅਕ੍ਰਿਤਘਣ ਦਾ ਨਹੀਂ। ਅਕ੍ਰਿਤਘਣ ਵਿਅਕਤੀ ਕੇਵਲ ਆਪਣੇ ਦੋਸਤਾਂ-ਮਿੱਤਰਾਂ ਨੂੰ ਹੀ ਧੋਖਾ ਨਹੀਂ ਦਿੰਦਾ ਸਗੋਂ ਉਹ ਤਾਂ ਆਪਣੇ ਆਪ ਨੂੰ ਵੀ ਧੋਖਾ ਦਿੰਦਾ ਹੈ। ਉਹ ਆਪਣੇ ਮੂਲ ਸੋਮੇ ਦਾਤਾਰ ਪ੍ਰਭੂ ਦੁਆਰਾ ਦਿੱਤੀਆਂ ਹੋਈਆਂ ਦਾਤਾਂ ਬਦਲੇ ਦਾਤੇ ਦਾ ਸ਼ੁਕਰਾਨਾ ਕਰਨ ਨੂੰ ਵਿਸਾਰ ਦਿੰਦਾ ਹੈ। ਸੱਚਮੁੱਚ ਵਾਹਿਗੁਰੂ ਨੂੰ ਵਿਸਾਰਨ ਵਾਲੇ ਜੀਵ ਅਕ੍ਰਿਤਘਣ ਹੀ ਹਨ। ਇਸ ਪ੍ਰਥਾਇ ਗੁਰਵਾਕ ਹੈ:

ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ॥
ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ॥
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ॥
ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥
ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ॥
ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥ *(ਪੰਨਾ ੨੬੧)*

ਮਨੁੱਖ ਸੰਸਾਰਿਕ ਚੀਜ਼ਾਂ ਨੂੰ ਇਕੱਠਿਆਂ ਕਰਨ ਦੀ ਲਾਲਸਾ ਅਤੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਵਿਚ ਗ੍ਰਸਿਆ ਹੋਣ ਕਰਕੇ ਵਾਹਿਗੁਰੂ ਦੀ ਉਸਤਤਿ ਕਰਨ ਵਾਲਿਆਂ ਦੀ ਥਾਂ ਨਿੰਦਕਾਂ ਨਾਲ ਸਾਂਝ ਪਾਉਂਦਾ ਹੈ। ਉਸ ਨੇ ਵਿਅਰਥ ਦੇ ਕੰਮਾਂ ਨੂੰ ਆਪਣਾ ਆਹਾਰ ਬਣਾ ਲਿਆ ਹੈ ਜੋ ਉਸ ਦੇ ਕਿਸੇ ਕੰਮ ਨਹੀਂ ਆਉਂਦੇ ਅਤੇ ਉਸ ਦੀ ਸਾਂਝ ਵੀ ਬਦੀ ਕਰਨ ਵਾਲੇ ਦੋਸਤਾਂ-ਮਿੱਤਰਾਂ ਨਾਲ ਹੁੰਦੀ ਹੈ। ਇਹ ਹਾਲਤ ਅਕ੍ਰਿਤਘਣ ਦੀ ਹੈ। ਉਸ ਦੀ ਮਨੋਦਸ਼ਾ ਇਤਨੀ ਮਲੀਨ ਹੋ ਚੁੱਕੀ ਹੁੰਦੀ ਹੈ ਜਿਸ ਦਾ ਜ਼ਿਕਰ ਸ਼ਬਦਾਂ ਵਿਚ ਕਰਨਾ ਅਸੰਭਵ ਹੈ। ਭਾਈ ਗੁਰਦਾਸ ਜੀ ਅਕ੍ਰਿਤਘਣ ਦੀ ਮਨੋਦਸ਼ਾ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਜੇਕਰ ਕੋਈ ਵਿਅਕਤੀ ਕੁੱਤੇ ਦਾ ਮਾਸ ਸ਼ਰਾਬ ਵਿਚ ਪਾ ਕੇ ਰਿੰਨ੍ਹ ਲਵੇ ਅਤੇ ਫਿਰ ਉਸ ਨੂੰ ਮਨੁੱਖੀ ਖੋਪਰੀ ਵਿਚ ਪਾ ਲਵੇ, ਉੱਪਰ ਖ਼ੂਨ ਨਾਲ ਲਿਬੜਿਆ ਕੱਪੜਾ ਦਿੱਤਾ ਹੋਵੇ ਅਤੇ ਉਸ ਨੂੰ ਵਿਭਚਾਰਨ ਲੈ ਕੇ ਜਾ ਰਹੀ ਹੋਵੇ ਤਾਂ ਉਹ ਵੀ ਇਹ ਸੋਚਦੀ ਹੈ ਕਿ ਕਿਤੇ ਅਕ੍ਰਿਤਘਣ ਦੀ ਨਜ਼ਰ ਪੈ ਕੇ ਅਪਵਿੱਤਰ ਨਾ ਹੋ ਜਾਵੇ।

ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ।
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
ਰਤੁ ਭਰਿਆ ਕਪੜਾ ਕਰਿ ਕਜਣੁ ਤਾਸੁ।

ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ।

(ਭਾਈ ਗੁਰਦਾਸ, ਵਾਰ ੩੫, ਪਉੜੀ ੯)

ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚ ਅਕ੍ਰਿਤਘਣਤਾ ਦੇ ਅਨੇਕਾਂ ਹਵਾਲੇ ਉਪਲਬਧ ਹਨ। 'ਗੁਰਬਿਲਾਸ ਪਾਤਸ਼ਾਹੀ ੧੦' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਮਕ ਹਰਾਮ ਭੀਖਨ ਖਾਨ' ਨੂੰ ਸੰਬੋਧਨ ਕਰਦੇ ਕਹਿੰਦੇ ਹਨ ਕਿ ਜੋ ਵਿਅਕਤੀ ਆਪਣੇ ਸਵਾਮੀ ਦੀ ਕੀਤੀ ਹੋਈ ਨੇਕੀ ਨੂੰ ਨਹੀਂ ਭੁਲਾਉਂਦਾ ਉਹ ਮਰਨ ਤੋਂ ਬਾਅਦ ਵੀ ਉਸ ਦੇ ਸਨਮੁਖ ਰਹਿੰਦਾ ਹੈ ਲੇਕਿਨ ਜੋ ਆਪਣੇ ਸਵਾਮੀ ਨੂੰ ਜੰਗ ਦੇ ਮੈਦਾਨ ਵਿਚ ਧੋਖਾ ਦਿੰਦਾ ਹੈ, ਉਸ ਦੀ ਇਸ ਸੰਸਾਰ ਵਿਚ ਤਾਂ ਨਿੰਦਾ ਹੁੰਦੀ ਹੀ ਹੈ ਸਗੋਂ ਉਸ ਨੂੰ ਪਰਲੋਕ ਵਿਚ ਵੀ ਧੱਕੇ ਪੈਂਦੇ ਹਨ। ਨਰਕ ਦੀ ਸਜ਼ਾ ਮਿਲਦੀ ਹੈ ਅਤੇ ਉਸ ਦਾ ਮਾਸ ਜਾਨਵਰ ਵੀ ਨਹੀਂ ਖਾਂਦੇ। ਉਸ ਦੇ ਸਿਰ ਸੁਆਹ ਹੀ ਪੈਂਦੀ ਹੈ ਭਾਵ ਹਰ ਥਾਂ ਬੇਇਜ਼ਤੀ ਹੀ ਹੁੰਦੀ ਹੈ:

ਨਮਕ ਹਲਾਲ ਨਾਥ ਕਾ ਕਰੀਐ। ਮਰਨ ਜੀਵਨ ਅਸਧੁਜ ਪਰ ਧਰੀਐ।
ਸਵਾਮੀ ਕਹ ਜੋ ਰਨ ਮਧ ਤਯਾਗੈ। ਈਹਾਂ ਨਿੰਦ ਨਰਕ ਤਿਹ ਆਗੈ।
ਤਾਂ ਕੋ ਮਾਸ ਗੀਧ ਨਹੀ ਲੇਹੀ। ਨਮਕ ਹਰਾਮ ਜਾਨ ਤਜ ਦੇਹੀ।
ਆਗੈ ਸੂਰਗੁ ਨ ਈਹਾਂ ਜਸੁ। ਸਾਤ ਮੂਠੀ ਤਾਂ ਕੇ ਸਿਰ ਭਸ।
ਜੋ ਸਨਮੁਖ ਹ੍ਵੈ ਤਯਾਗਤ ਪ੍ਰਾਨ। ਸਫਲ ਜਨਮ ਤਾਂ ਕੌ ਤੂੰ ਜਾਨ।
ਜਿਤਕ ਰਕਤ ਧਰ ਗਿਰਤ ਸੁਬੁੰਦ। ਤਿਤਕ ਬਰਖ ਭਰ ਭੁਗਤ ਮੁਕੰਦ।

(ਭਾਈ ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਪੰਨਾ ੧੦੭)

ਸੱਚਮੁੱਚ ਅਕ੍ਰਿਤਘਣ ਹੋਣਾ ਇਕ ਨੈਤਿਕ ਬੁਰਾਈ ਹੈ। ਆਪਣੀ ਮਤ ਅਨੁਸਾਰ ਜੀਵਨ ਜੀਊਣ ਵਾਲਾ ਵਿਅਕਤੀ ਅਗਿਆਨੀ ਹੁੰਦਾ ਹੈ। ਉਹ ਆਪਣਾ ਜੀਵਨ ਤਾਂ ਕੌਡੀਆਂ ਬਦਲੇ ਗੁਆਉਂਦਾ ਅਤੇ ਆਪਣੇ ਪਰਵਾਰ ਲਈ ਵੀ ਕੰਡੇ ਬੀਜਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਥਾਂ-ਪਰ-ਥਾਂ ਸੁਚੇਤ ਕਰਦਿਆਂ ਹੋਇਆਂ ਆਪਣਾ ਮੂਲ ਪਛਾਣਨ ਦੀ ਗੱਲ ਦੁਹਰਾਈ ਹੈ:

- ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ॥
ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ॥
ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ॥ *(ਪੰਨਾ ੬੩)*
- ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ॥ *(ਪੰਨਾ ੭੫੧)*

ਮਨੁੱਖ ਵਿਚ ਵਿਕਾਰਾਂ ਦਾ ਤਿਆਗ ਕਰ ਕੇ ਉੱਪਰ ਉੱਠਣ ਦੀਆਂ ਉਚ

(ਬਾਕੀ ਸਫ਼ਾ ੬੩ 'ਤੇ)

ਗਿਆਨੀ ਦਿੱਤ ਸਿੰਘ-ਇਕ ਸਮਰਪਿਤ ਸਿੱਖ ਪ੍ਰਚਾਰਕ

*-ਡਾ. ਜਗਜੀਵਨ ਸਿੰਘ**

ਆਧੁਨਿਕ ਯੁੱਗ ਦੇ ਨਾਮਵਰ ਅਤੇ ਉੱਚ ਕੋਟੀ ਦੇ ਸਿੱਖ ਵਿਦਵਾਨਾਂ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਭਾਈ ਸਾਹਿਬ ਸ. ਕਪੂਰ ਸਿੰਘ ਦੇ ਨਾਲ ਗਿਆਨੀ ਦਿੱਤ ਸਿੰਘ ਜੀ ਦਾ ਨਾਂ ਵੀ ਵੱਡੇ ਸਤਿਕਾਰ ਨਾਲ ਲਿਆ ਜਾਂਦਾ ਹੈ। ਬਹੁਪੱਖੀ ਪ੍ਰਤਿਭਾ ਦੇ ਮਾਲਕ ਗਿਆਨੀ ਦਿੱਤ ਸਿੰਘ ਬੜੇ ਚੁੰਬਕੀ ਪ੍ਰਭਾਵ ਵਾਲੇ ਸਿੱਖ ਚਿੰਤਕ, ਵਕਤਾ, ਪ੍ਰਵਚਨਕਾਰ ਅਤੇ ਪ੍ਰਚਾਰਕ ਸਨ। ਉਨ੍ਹਾਂ ਦਾ ਨਿਆਰਾ ਦਰਸ਼ਨੀ ਸਿੱਖ ਵਿਅਕਤਿੱਤਵ ਦੇਖਣ ਅਤੇ ਸੁਣਨ ਵਾਲਿਆਂ ਨੂੰ ਥਾਂਏ ਕੀਲ ਲੈਣ ਦੀ ਸਮਰੱਥਾ ਰੱਖਦਾ ਸੀ।

ਗਿਆਨੀ ਦਿੱਤ ਸਿੰਘ ਜੀ ਦੀ ਅਜ਼ੀਮ ਸ਼ਖ਼ਸੀਅਤ ਦੀਆਂ ਅਨੇਕਾਂ ਪਰਤਾਂ ਸਨ। ਉਨ੍ਹਾਂ ਦੀ ਬਹੁਰੰਗੀ ਪ੍ਰਤਿਭਾ ਅਤੇ ਸਿੱਖੀ ਨੂੰ ਵੱਡੀ ਦੇਣ ਨੂੰ ਵੇਖਦਿਆਂ ਇਵੇਂ ਜਾਪਦਾ ਹੈ ਜਿਵੇਂ ਉਹ ਇਕ ਵਿਅਕਤੀ ਨਾ ਹੋ ਕੇ ਇਕ ਸੰਸਥਾ ਹੋਣ। ਜਿਥੇ ਉਹ ਸਿੰਘ ਸਭਾ ਲਹਿਰ ਦੇ ਰੂਪ ਵਿਚ ਚੱਲੀ ਸਿੱਖੀ ਦੀ ਪੁਨਰ-ਜਾਗ੍ਰਿਤੀ ਲਹਿਰ ਦੇ ਮੋਢੀਆਂ ਵਿੱਚੋਂ ਇਕ ਸਨ, ਉਥੇ ਉਹ ਆਪਣੇ ਸਮੇਂ ਦੇ ਪੰਜਾਬੀ ਦੇ ਬੜੇ ਉੱਤਮ ਅਧਿਆਪਕ ਵੀ ਸਨ। ਭਾਸ਼ਣ ਕਲਾ ਵਿਚ ਉਨ੍ਹਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਸੀ। ਹਾਜ਼ਰ-ਜਵਾਬੀ ਅਤੇ ਵਾਦ-ਵਿਵਾਦ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਸਿੱਖੀ ਸਿਧਾਂਤਾਂ ਦੇ ਨਿਰਭੈ ਅਤੇ ਸਪਸ਼ਟ ਵਿਆਖਿਆਕਾਰ ਹੋਣ ਦੇ ਨਾਲ-ਨਾਲ ਉਹ ਮਹਾਨ ਸਮਾਜ-ਸੁਧਾਰਕ ਵੀ ਸਨ।

ਆਪ ਜੀ ਦਾ ਜਨਮ ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸੰਨ ੧੮੫੦ ਈ: ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਦੀਵਾਨ ਸਿੰਘ ਅਤੇ ਮਾਤਾ ਦਾ ਨਾਂ ਮਾਤਾ ਰਾਮ ਕੌਰ ਸੀ। ਭਾਈ ਸਾਹਿਬ ਦਾ ਪਰਵਾਰਿਕ ਪਿਛੋਕੜ ਧਾਰਮਿਕ ਅਤੇ ਫਕੀਰਾਨਾ ਬਿਰਤੀ ਵਾਲਾ ਸੀ। ਸਾਧ ਬਿਰਤੀ ਅਤੇ ਸਿੱਖੀ ਦੀ ਦਾਤ ਆਪ ਨੂੰ ਵਿਰਸੇ 'ਚੋਂ ਪ੍ਰਾਪਤ ਹੋਈ। ਸਿੰਘ ਸਜਣ ਤੋਂ ਪਹਿਲਾਂ ਆਪ ਦਾ ਬਚਪਨ ਦਾ ਨਾਂ ਦਿੱਤ ਰਾਮ ਪ੍ਰਚਲਿਤ ਸੀ। ਪਿਤਾ ਸ. ਦੀਵਾਨ ਸਿੰਘ ਉੱਪਰ ਉਦਾਸੀ ਮਹਾਤਮਾ ਗੁਲਾਬ ਦਾਸ ਜੀ ਦਾ ਵੱਡਾ ਪ੍ਰਭਾਵ ਸੀ। ਸਿੱਟੇ ਵਜੋਂ ਜੀਵਨ ਦੇ ਮੁਢਲੇ ਦੌਰ ਵਿਚ ਸੁਭਾਵਕ ਹੀ ਆਪ ਨੂੰ ਅਨੇਕਾਂ ਉਦਾਸੀ ਸੰਤਾਂ ਦੀ ਸੰਗਤ ਦਾ ਮੌਕਾ ਪ੍ਰਾਪਤ ਹੋਇਆ।

ਗਿਆਨੀ ਜੀ ਦੇ ਵਿਅਕਤਿੱਤਵ ਅਤੇ ਜੀਵਨ-ਚਰਿੱਤਰ ਦੇ ਏਨੇ ਪੱਖ ਅਤੇ ਪਾਸਾਰ ਹਨ ਕਿ ਇਨ੍ਹਾਂ ਦਾ ਵਿਸਥਾਰ ਪੂਰਵਕ ਵਰਣਨ ਇਕ ਵੱਡ-ਆਕਾਰੀ ਕਿਤਾਬ

* *ਪੰਜਾਬੀ ਵਿਭਾਗ, ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ-੧੪੭੨੦੧. ਫੋਨ:੦੧੭੬੫-੨੨੧੩੨੮*

ਵਿਚ ਹੀ ਸੰਭਵ ਹੈ। ਹੱਥਲੇ ਲੇਖ ਦੀ ਸੀਮਾ ਨੂੰ ਮੁੱਖ ਰੱਖਦਿਆਂ ਇਥੇ ਉਨ੍ਹਾਂ ਦੀ ਬਹੁਪੱਖੀ ਪ੍ਰਤਿਭਾ ਦਾ ਕੇਵਲ ਸੰਖੇਪ ਅਤੇ ਸੂਤਰਿਕ ਵਰਣਨ ਹੀ ਸੰਭਵ ਹੈ।

ਇਕ ਮਿਸ਼ਨਰੀ ਸਿੱਖ ਪ੍ਰਚਾਰਕ ਅਤੇ ਸਮਾਜ ਸੁਧਾਰਕ ਦੇ ਰੂਪ ਵਿਚ:

ਗਿਆਨੀ ਦਿੱਤ ਸਿੰਘ ਜੀ ਦੀ ਸ਼ਖ਼ਸੀਅਤ ਦਾ ਮੂਲ ਪਾਸਾਰ ਅਤੇ ਪ੍ਰਭਾਵ ਇਕ ਸਮਰਪਿਤ ਸਿੱਖ ਪ੍ਰਚਾਰਕ, ਪ੍ਰਵਚਨਕਾਰ ਅਤੇ ਸਮਾਜ ਸੁਧਾਰਕ ਦਾ ਹੈ। ਪੰਜਾਬ ਅੰਦਰ ਅੰਗਰੇਜ਼ਾਂ ਦੀ ਆਮਦ ਉਪਰੰਤ ਜਦੋਂ ਈਸਾਈ ਮਿਸ਼ਨਰੀਆਂ ਨੇ ਈਸਾਈ ਮੱਤ ਦੇ ਪ੍ਰਸਾਰ ਦੇ ਖੇਤਰ ਵਿਚ ਹਨ੍ਹੇਰੀ ਲਿਆਂਦੀ ਹੋਈ ਸੀ ਤਾਂ ਉਸ ਸਮੇਂ ਈਸਾਈਅਤ ਦੇ ਵਧਦੇ ਪ੍ਰਭਾਵ ਅਧੀਨ ਸਿੱਖਾਂ ਅੰਦਰ ਵਧ ਰਹੇ ਪਤਿਤਪੁਣੇ ਨੂੰ ਠੱਲ ਪਾਉਣ ਲਈ ਗਿਆਨੀ ਜੀ ਨੇ ਸਿੰਘ ਸਭਾ ਲਹਿਰ ਅਤੇ 'ਖਾਲਸਾ ਅਖਬਾਰ' ਰਾਹੀਂ ਜੋ ਹੰਭਲੇ ਮਾਰੇ ਉਹ ਉਲੇਖ ਯੋਗ ਹਨ। ਉਨ੍ਹਾਂ ਦੁਆਰਾ ਬੜੇ ਹੀ ਪ੍ਰਭਾਵਸ਼ਾਲੀ ਅਤੇ ਦਲੀਲਯੁਕਤ ਢੰਗ ਨਾਲ ਕੀਤੇ ਸਿੱਖੀ ਦੇ ਪ੍ਰਚਾਰ ਸਦਕਾ ਹੀ ਸਿੱਖਾਂ ਅੰਦਰ ਈਸਾਈ ਮੱਤ ਪ੍ਰਤੀ ਵਧ ਰਹੇ ਲਗਾਓ ਨੂੰ ਰੋਕਿਆ ਜਾਣਾ ਸੰਭਵ ਹੋ ਸਕਿਆ ਸੀ।

ਗਿਆਨੀ ਜੀ ਵਿੱਦਿਆ ਦਾ ਭੰਡਾਰ ਸਨ। ਸਮੁੱਚਾ ਭਾਰਤੀ ਦਰਸ਼ਨ ਉਨ੍ਹਾਂ ਨੇ ਪੜ੍ਹਿਆ-ਗੁੜ੍ਹਿਆ ਹੋਇਆ ਸੀ। ਉਨ੍ਹਾਂ ਦੀ ਆਪਣੇ ਵਿਸ਼ੇ ਵਸਤੂ ਉੱਪਰ ਪਕੜ ਕਿੰਨੀ ਮਜ਼ਬੂਤ ਸੀ ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਉਸ ਸਮੇਂ ਦੇ ਮੰਨੇ-ਪ੍ਰਮੰਨੇ ਵਿਦਵਾਨ ਅਤੇ ਆਰੀਆ ਸਮਾਜ ਦੇ ਸੰਸਥਾਪਕ ਸਾਧੂ ਦਯਾਨੰਦ ਸਰਸਵਤੀ ਨੂੰ ਸ਼ਾਸਤ੍ਰਾਰਥ ਵਿਚ ਇਕ ਵਾਰ ਨਹੀਂ ਸਗੋਂ ਤਿੰਨ ਵਾਰ ਆਪਣੀ ਵਿਦਵਤਾ ਦਾ ਲੋਹਾ ਮੰਨਵਾਇਆ। ਇਸ ਪ੍ਰਸੰਗ ਵਿਚ ਉਨ੍ਹਾਂ ਦੀ ਕਿਤਾਬ 'ਸਾਧੂ ਦਯਾਨੰਦ ਨਾਲ ਮੇਰਾ ਸੰਵਾਦ' ਵਿਚਾਰਯੋਗ ਹੈ।

ਆਪ ਜੀ ਮਹਾਨ ਸਮਾਜ ਸੁਧਾਰਕ ਸਨ। ਸਿੱਖ ਸਮਾਜ ਅੰਦਰ ਪਨਪ ਰਹੀਆਂ ਕੁਰੀਤੀਆਂ ਅਤੇ ਆਡੰਬਰੀ ਪ੍ਰਵਿਰਤੀਆਂ ਪ੍ਰਤੀ ਉਹ ਬਹੁਤ ਫਿਕਰਮੰਦ ਸਨ। ਆਪਣੀਆਂ ਰਚਨਾਵਾਂ ਰਾਹੀਂ ਉਹ ਸਿੱਖ ਸਮਾਜ ਨੂੰ ਇਸ ਪ੍ਰਤੀ ਸੁਚੇਤ ਕਰਦੇ ਰਹਿੰਦੇ ਸਨ। ਇਸ ਪ੍ਰਸੰਗ ਵਿਚ ਜਾਤ-ਪਾਤ ਦੇ ਆਧਾਰ 'ਤੇ ਵੰਡੇ ਅਤੇ ਗੁਰਮਤਿ ਦਾ ਅਸਲ ਰਾਹ ਤਿਆਗ ਕੇ ਕੁਰਾਹੇ ਪਏ ਲੋਕਾਂ ਨੂੰ ਵਿਅੰਗਮਈ ਰਚਨਾਵਾਂ ਨਾਲ ਪ੍ਰੇਰ ਕੇ ਗੁਰਮਤਿ ਦਾ ਗਿਆਨ ਦਿੰਦੇ ਰਹੇ ਹਨ।

ਇਕ ਨਿਪੁੰਨ ਪੱਤਰਕਾਰ, ਅਧਿਆਪਕ ਅਤੇ ਸਿੱਖਿਆ ਸ਼ਾਸਤਰੀ ਦੇ ਰੂਪ ਵਿਚ:

ਗਿਆਨੀ ਦਿੱਤ ਸਿੰਘ ਜੀ ਸਿੰਘ ਸਭਾ ਲਹਿਰ ਦੇ ਮੋਢੀਆਂ ਵਿੱਚੋਂ ਇਕ ਸਨ। ਸਿੱਖੀ ਦੇ ਪ੍ਰਚਾਰ ਨੂੰ ਵਧਾਉਣ ਹਿਤ ਸੰਨ ੧੮੮੬ ਈ: ਵਿਚ ਸਿੰਘ ਸਭਾ ਲਹਿਰ ਵੱਲੋਂ 'ਖਾਲਸਾ ਅਖ਼ਬਾਰ' ਸ਼ੁਰੂ ਕੀਤਾ ਗਿਆ। ਗਿਆਨੀ ਜੀ ਲੰਬਾ ਅਰਸਾ ਬੜੀ ਸਰਗਰਮੀ ਨਾਲ ਇਸ ਦੇ ਸੰਪਾਦਕ ਦੇ ਤੌਰ 'ਤੇ ਕਾਰਜ ਕਰਦੇ ਰਹੇ। ਜਿਉਂ ਹੀ ਉਹ ਇਸ ਅਖਬਾਰ ਦੇ ਸੰਪਾਦਕ ਬਣੇ ਉਨ੍ਹਾਂ ਨੇ ਆਪਣੀ ਕਲਮ ਦੇ ਜ਼ੋਰ ਨਾਲ ਇਸ ਵਿਚ ਨਵੀਂ

ਰੂਹ ਫੂਕ ਦਿੱਤੀ ਅਤੇ ਸਿੱਖੀ ਦੇ ਪ੍ਰਚਾਰ ਦੀ ਭਰਪੂਰ ਛਹਿਬਰ ਲਾਈ। ਇਕ ਸਫਲ ਪੱਤਰਕਾਰ ਹੋਣ ਦੇ ਨਾਲ-ਨਾਲ ਆਪ ਨੂੰ ਓਰੀਐਂਟਲ ਕਾਲਜ ਲਾਹੌਰ ਦੇ ਪੰਜਾਬੀ ਦੇ ਬਹੁਤ ਹੀ ਕਾਬਲ ਪ੍ਰਾਅਧਿਆਪਕ ਜਾਂ ਪ੍ਰੋਫੈਸਰ ਹੋਣ ਦਾ ਮਾਣ ਹਾਸਲ ਹੈ। ਆਪ ਕੋਲ ਇਕੱਠਾਂ ਨੂੰ ਘੰਟਿਆਂ ਬੱਧੀ ਨਿਰੰਤਰ ਸੰਬੋਧਨ ਕਰਨ ਅਤੇ ਕੀਲ ਲੈਣ ਦੀ ਬਲਕਾਰੀ ਸਮਰੱਥਾ ਸੀ।

ਗਿਆਨੀ ਜੀ ਇਕ ਮਿਸ਼ਨਰੀ ਸਿੱਖਿਆ ਸ਼ਾਸਤਰੀ ਵੀ ਸਨ। ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਖੋਲ੍ਹਣ ਲਈ ਆਪ ਨੇ ਅਨੇਕਾਂ ਉਪਰਾਲੇ ਕੀਤੇ। ਸੰਨ ੧੯੬੨ ਈ: ਵਿਚ ਜਦੋਂ ਅੰਮ੍ਰਿਤਸਰ ਖਾਲਸਾ ਕਾਲਜ ਖੁੱਲ੍ਹਿਆ ਤਾਂ ਕਾਲਜ ਦੀ ਸਥਾਪਨਾ ਵਿਚ ਆਪਦੀ ਵਡਮੁੱਲੀ ਭੂਮਿਕਾ ਅਤੇ ਉੱਚ ਧਾਰਮਿਕ ਬਿਰਤੀ ਨੂੰ ਮੁੱਖ ਰੱਖਦਿਆਂ ਮੋਹਰੀ ਸੱਜਣਾਂ ਨੇ ਆਪ ਨੂੰ ਕਾਲਜ ਪ੍ਰਬੰਧਕ ਕਮੇਟੀ ਵਿਚ ਇਕ ਧਾਰਮਿਕ ਮੈਂਬਰ ਵਜੋਂ ਨਿਯੁਕਤ ਕਰ ਦਿੱਤਾ। ਜੀਵਨ ਭਰ ਆਪ ਜੀ ਇਸ ਅਹੁਦੇ ਤੇ ਕਾਇਮ ਰਹੇ। ਇਹ ਵੀ ਉਲੇਖਯੋਗ ਹੈ ਕਿ ਗਿਆਨੀ ਜੀ ਦੇ ਅਕਾਲ ਚਲਾਣੇ ਪਿੱਛੋਂ ਇਸ ਅਤਿ ਸਤਿਕਾਰਯੋਗ ਅਹੁਦੇ ਦੀ ਜ਼ਿੰਮੇਵਾਰੀ ਭਾਈ ਕਾਹਨ ਸਿੰਘ ਨਾਭਾ ਨੂੰ ਸੌਂਪੀ ਗਈ।

■

ਭਾਰੇ ਕੁਈਂ ਅਕਿਰਤਘਣ... *(ਸਫ਼ਾ ੬੦ ਦਾ ਬਾਕੀ ਹਿੱਸਾ)*

ਸੰਭਾਵਨਾਵਾਂ ਮੌਜੂਦ ਹਨ। ਉਹ ਇਸ ਸੰਸਾਰ ਵਿਚ ਵਿਚਰਦਿਆਂ ਹੋਇਆਂ ਕਮਲ ਦੇ ਫੁੱਲ ਦੀ ਨਿਆਈਂ ਉੱਚਾ ਉੱਠ ਸਕਦਾ ਹੈ। ਕੇਵਲ ਤੇ ਕੇਵਲ ਇਸੇ ਜੀਵਨ ਵਿਚ ਹੀ ਉਹ ਆਪਣੇ ਮੂਲ (ਅਸਲੇ) ਨਾਲ ਅਭੇਦ ਹੋ ਸਕਦਾ ਹੈ। ਗੁਰਮਤਿ ਅਨੁਸਾਰ ਮਨੁੱਖ ਨੂੰ ਸਹੀ ਮਾਰਗ ਉੱਤੇ ਤੁਰਨ ਦੀ ਪ੍ਰੇਰਨਾ ਦਿੱਤੀ ਗਈ ਹੈ:

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥ (ਪੰਨਾ ੧੦੨੨)

ਸਾਰ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਜੇਕਰ ਮਨੁੱਖ 'ਗੁਰਸਿਖ ਮੀਤ ਚਲਹੁ ਗੁਰ ਚਾਲੀ' ਦੇ ਵਿਚਾਰਾਂ ਦਾ ਧਾਰਨੀ ਹੋ ਜਾਵੇ ਤਾਂ ਉਹ ਅਕ੍ਰਿਤਘਣ ਤੋਂ ਕ੍ਰਿਤਗਯ ਬਣ ਸਕਦਾ ਹੈ। ਜੇਕਰ ਮਨੁੱਖ ਗੁਰਸਿੱਖ ਅਥਵਾ ਕ੍ਰਿਤਗਯ ਬਣ ਜਾਵੇ ਤਾਂ ਆਦਰਸ਼ ਸਮਾਜ ਦੀ ਸਿਰਜਣਾ ਆਪਣੇ ਆਪ ਹੀ ਹੋ ਜਾਵੇਗੀ। ਇਸ ਲਈ ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲੈਣ ਦੀ ਤਾਂ ਕਿ ਇਕ ਆਦਰਸ਼ ਸਮਾਜ ਦੀ ਘਾੜਤ ਅਤੇ ਸਥਾਪਤੀ ਹੋ ਸਕੇ। ਅਜਿਹਾ ਕਰਨਾ ਸਮੁੱਚੀ ਲੋਕਾਈ ਦੇ ਹਿਤ ਦੀ ਗੱਲ ਹੋਵੇਗੀ।

ਹਵਾਲੇ :

੧. ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਸਫਾ ੧੦.
੨. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਸਫਾ ੩੬.

■

ਭਾਈ ਜੋਧ ਸਿੰਘ ਜੀ ਦਾ ਜੀਵਨ ਤੇ ਸ਼ਖ਼ਸੀਅਤ

*-ਬੀਬੀ ਇੰਦਰਪਾਲ ਕੌਰ**

ਭਾਈ ਜੋਧ ਸਿੰਘ ਜੀ ਵੀਹਵੀਂ ਸਦੀ ਦੇ ਪ੍ਰਮੁੱਖ ਸਿੱਖ ਵਿਦਵਾਨ, ਧਰਮ-ਸ਼ਾਸਤਰੀ, ਦਾਰਸ਼ਨਿਕ, ਪ੍ਰਬੰਧਕ ਤੇ ਵਿਆਖਿਆਕਾਰ ਵਜੋਂ ਉਭਰ ਕੇ ਸਾਹਮਣੇ ਆਏ। ਆਪ ਜੀ ਦਾ ਜਨਮ ਉਸ ਸਮੇਂ ਹੋਇਆ ਜਦੋਂ ਸਿੰਘ ਸਭਾ ਲਹਿਰ ਚੱਲ ਰਹੀ ਸੀ। ਆਪ ਨੇ ਨਾ ਕੇਵਲ ਇਸ ਲਹਿਰ ਦਾ ਅਸਰ ਕਬੂਲਿਆ ਸਗੋਂ ਲੋੜ ਪੈਣ 'ਤੇ ਯੋਗ ਅਗਵਾਈ ਵੀ ਦਿੱਤੀ। ਡਾ. ਗੁਰਦਿਆਲ ਸਿੰਘ ਫੁੱਲ 'ਖੋਜ ਪੱਤ੍ਰਿਕਾ ਦੇ ਸਮ੍ਰਿਤੀ ਅੰਕ' 'ਚ ਲਿਖਦੇ ਹਨ ਕਿ ਭਾਈ ਸਾਹਿਬ ਦੇ ਜਨਮ ਤੋਂ ਪਹਿਲਾਂ ਸਿੱਖੀ, ਪੰਜਾਬੀ ਬੋਲੀ ਤੇ ਵਿੱਦਿਆ ਪ੍ਰਚਾਰਨ ਵਾਲੀ ਸਿੰਘ ਸਭਾ ਨੌਂ ਸਾਲ ਦੀ ਹੋ ਗਈ ਸੀ।

ਭਾਈ ਜੋਧ ਸਿੰਘ ਦਾ ਜਨਮ ਭਾਈ ਰਾਮ ਸਿੰਘ ਦੇ ਘਰ ੩੧ ਮਈ, ੧੮੮੨ ਈ: ਨੂੰ ਪੱਛਮੀ ਪੰਜਾਬ ਦੇ ਜ਼ਿਲ੍ਹਾ ਰਾਵਲਪਿੰਡੀ, ਤਹਿਸੀਲ ਗੁੱਜਰਖਾਨ ਦੇ ਪਿੰਡ ਘੁੰਗਰਾਲਾ ਵਿਖੇ ਹੋਇਆ। ਆਪ ਦੇ ਪਹਿਲੇ ਨਾਮ ਰਣਬੀਰ ਸਿੰਘ ਤੇ ਰਸ਼ਪਾਲ ਸਿੰਘ ਸਨ ਪਰ ਬਾਅਦ ਵਿਚ ਸੌਖਾ ਨਾਮ ਸੰਤ ਸਿੰਘ ਰੱਖ ਦਿੱਤਾ ਗਿਆ। ਜਦੋਂ ਆਪ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤਾਂ ਨਾਮ ਬਦਲ ਕੇ ਜੋਧ ਸਿੰਘ ਰੱਖ ਦਿੱਤਾ ਗਿਆ ਅਤੇ ਇਸੇ ਨਾਮ ਨਾਲ ਹੀ ਆਪ ਨੇ ਹਰੇਕ ਖੇਤਰ ਵਿਚ ਪ੍ਰਾਪਤੀਆਂ ਕੀਤੀਆਂ ਹਨ। ਭਾਈ ਜੋਧ ਸਿੰਘ ਜੀ ਦੀ ਰੁਚੀ ਸਾਇੰਸ ਦੀ ਪੜ੍ਹਾਈ ਕਰਨ ਵਿਚ ਸੀ ਪਰ ਮਿਸ਼ਨ ਕਾਲਜ, ਰਾਵਲਪਿੰਡੀ ਵਿਚ ਸਾਇੰਸ ਦੇ ਸਾਮਾਨ ਦੀਆਂ ਸਹੂਲਤਾਂ ਉਪਲਬਧ ਨਾ ਹੋਣ ਕਾਰਨ ਆਰਟਸ ਵਿਸ਼ੇ ਵਿਚ ਹੀ ਐਫ.ਏ. ਜਿਸ ਵਿਚ ਇਕ ਵਿਸ਼ਾ ਗਣਿਤ ਦਾ ਵੀ ਸੀ, ਪਾਸ ਕਰ ਲਈ।

ਸਿੱਖ ਪੰਥ ਵਿਸ਼ਵ ਕੋਸ਼ ਭਾਗ ਦੂਜਾ ਵਿਚ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਸੰਨ ੧੯੦੨ ਈ: ਵਿਚ ਸ. ਸੁੰਦਰ ਸਿੰਘ ਮਜੀਠੀਆ ਨੇ ਇਨ੍ਹਾਂ ਨੂੰ ਆਪਣੇ ਪੁੱਤਰਾਂ ਦਾ ਉਸਤਾਦ ਲਗਾਇਆ। ਇਨ੍ਹਾਂ ਨੇ ਸੰਨ ੧੯੦੪ ਈ: ਵਿਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. ਅਤੇ ਸੰਨ ੧੯੦੬ ਈ: ਵਿਚ ਫਾਰਮਨ ਕ੍ਰਿਸਚੀਅਨ ਕਾਲਜ ਲਾਹੌਰ ਤੋਂ ਐਮ.ਏ. (ਗਣਿਤ) ਦੇ ਇਮਤਿਹਾਨ ਪਾਸ ਕੀਤੇ ਅਤੇ ਦੋਨਾਂ ਇਮਤਿਹਾਨਾਂ ਵਿਚ ਪੰਜਾਬ ਯੂਨੀਵਰਸਿਟੀ ਵਿਚ ਅੱਵਲ ਰਹੇ ਤੇ ਮੈਡਲ ਅਤੇ ਇਨਾਮ ਲਏ।

ਡਾ. ਗੁਰਦਿਆਲ ਸਿੰਘ ਫੁੱਲ ਦੇ ਲਿਖੇ ਅਨੁਸਾਰ ਆਪ ਦੀਆਂ ਵਿੱਦਿਅਕ ਪ੍ਰਾਪਤੀਆਂ ਤੋਂ ਖੁਸ਼ ਹੋ ਕੇ ਮਹਾਰਾਜਾ ਹੀਰਾ ਸਿੰਘ ਨੇ ਹੋਰ ਇਨਾਮਾਂ ਦੇ ਨਾਲ ਆਪ ਨੂੰ

* *ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਖਾਸ ਇਨਾਮ ਵਜੋਂ ਸੋਨੇ ਦੀ ਅੰਗੂਠੀ ਦਿੱਤੀ।

ਜਦੋਂ ਸਿੰਘ ਸਭਾ ਲਹਿਰ ਦਾ ਪ੍ਰਚਾਰ ਸ਼ੁਰੂ ਹੋ ਗਿਆ ਅਤੇ ਦੂਜੇ ਧਰਮਾਂ ਦੇ ਲੋਕ ਵੀ ਇਸ ਧਰਮ ਤੋਂ ਪ੍ਰਭਾਵਿਤ ਹੋ ਕੇ, ਸਿੱਖ ਧਰਮ ਵਿਚ ਪ੍ਰਵੇਸ਼ ਕਰ ਕੇ, ਅੰਮ੍ਰਿਤ ਦੀ ਦਾਤ ਹਾਸਲ ਕਰਨ ਲੱਗੇ ਤਦੋਂ ਪੰਜ ਪਿਆਰਿਆਂ ਵਿਚ ਭਾਈ ਜੋਧ ਸਿੰਘ ਦਾ ਨਾਮ ਵੀ ਸ਼ਾਮਲ ਸੀ। ਭਾਈ ਜੋਧ ਸਿੰਘ ਨੇ ਕਈ ਸਾਲ ਗਿਆਨੀ ਬਿਬੇਕ ਸਿੰਘ ਜੀ ਤੋਂ, ਜਿਨ੍ਹਾਂ ਦਾ ਡੇਰਾ ਚੌਂਕ ਕਰੋੜੀ, ਸ੍ਰੀ ਅੰਮ੍ਰਿਤਸਰ ਵਿਖੇ ਸੀ, ਗੁਰਬਾਣੀ ਦੇ ਅਰਥਾਂ ਦਾ ਗਿਆਨ ਹਾਸਲ ਕੀਤਾ। ਆਪ ਨੇ ਕਦੇ ਮੌਸਮ ਦੀ ਪਰਵਾਹ ਨਾ ਕੀਤੀ ਤੇ ਲਗਾਤਾਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਤੋਂ ਬਾਅਦ ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਈਆਂ ਦੇ ਅਰਥਾਂ ਦੀ ਵੀ ਜਾਣਕਾਰੀ ਹਾਸਲ ਕੀਤੀ। ਆਪ ਨੇ ਕਦੇ ਵੀ ਆਪਣੇ ਅਹੁਦੇ ਦਾ ਹੰਕਾਰ ਨਹੀਂ ਕੀਤਾ, ਸਗੋਂ ਹਮੇਸ਼ਾਂ ਨਿਮਰਤਾ ਵਾਲਾ ਸੁਭਾਅ ਹੀ ਰੱਖਿਆ। ਆਪ ਆਪਣੀ ਤਨਖਾਹ ਵਿੱਚੋਂ ਦਸਵੰਧ ਜ਼ਰੂਰ ਕੱਢਦੇ। ਦੇਸ਼-ਪਿਆਰ ਦੀ ਭਾਵਨਾ ਤੇ ਸੱਚਾਈ 'ਤੇ ਅੜਨ ਕਰਕੇ ਆਪ ਨੂੰ ਕਈ ਵਾਰੀ ਅੰਗਰੇਜ਼ ਸਰਕਾਰ ਦੀਆਂ ਵਧੀਕੀਆਂ ਦਾ ਵੀ ਸਾਹਮਣਾ ਕਰਨਾ ਪਿਆ ਸੀ, ਪਰ ਆਪ ਨੇ ਕਦੇ ਹੌਂਸਲਾ ਨਹੀਂ ਸੀ ਹਾਰਿਆ।

ਆਪ ਨੇ ਸਤੰਬਰ ੧੯੧੪ ਈ: ਤੋਂ ਫਰਵਰੀ ੧੯੨੦ ਈ: ਤਕ ਖਾਲਸਾ ਹਾਈ ਸਕੂਲ ਦੇ ਹੈੱਡਮਾਸਟਰ ਦੇ ਤੌਰ 'ਤੇ ਸੇਵਾ-ਕਾਰਜ ਸੰਭਾਲਿਆ ਜਿੱਥੇ ਆਪ ਨੇ ਸਿੱਖੀ ਤੇ ਧਰਮ-ਵਿੱਦਿਆ ਦੇ ਪ੍ਰਚਾਰ ਦਾ ਅਹਿਮ ਰੋਲ ਅਦਾ ਕੀਤਾ ਪਰ ੧੯੨੦ ਈ: ਵਿਚ ਇਸ ਅਹੁਦੇ ਤੋਂ ਤਿਆਗ-ਪੱਤਰ ਦੇ ਕੇ ਗੁਰੂ ਨਾਨਕ ਖਾਲਸਾ ਕਾਲਜ, ਗੁਜਰਾਂਵਾਲਾ ਦੇ ਪ੍ਰਿੰਸੀਪਲ ਦਾ ਅਹੁਦਾ ਸੰਭਾਲ ਲਿਆ। ਇਥੇ ਆਪ ਨੇ ਵਿੱਦਿਅਕ ਅਦਾਰੇ ਵਿਚ ਕਾਫੀ ਸੁਧਾਰ ਲਿਆਂਦੇ ਅਤੇ ਧਰਮ ਪ੍ਰਚਾਰ ਦਾ ਕੰਮ ਵੀ ਨਾਲੋ-ਨਾਲ ਜਾਰੀ ਰੱਖਿਆ। ਇਥੇ ਆਪ ਸਿੰਘ ਸਭਾ ਗੁਰਦੁਆਰੇ ਵਿਚ ਕਥਾ ਅਤੇ ਗੁਰਬਾਣੀ ਦੀ ਵਿਆਖਿਆ ਕਰਦੇ। ਅਕਤੂਬਰ ੧੯੨੧ ਈ: ਵਿਚ ਪ੍ਰਿੰਸੀਪਲ ਦੇ ਅਹੁਦੇ ਤੋਂ ਤਿਆਗ-ਪੱਤਰ ਦੇ ਕੇ ਅੰਮ੍ਰਿਤਸਰ ਆ ਗਏ। ਅੰਮ੍ਰਿਤਸਰ ਵਿਖੇ ਦੋ ਸਾਲ ਆਪ ਨੇ ਚੀਫ ਖਾਲਸਾ ਦੀਵਾਨ ਵੱਲੋਂ ਜਾਰੀ ਪੰਜਾਬੀ ਅਖ਼ਬਾਰ 'ਖਾਲਸਾ' ਤੇ ਅੰਗਰੇਜ਼ੀ ਦੇ ਸਪਤਾਹਿਕ 'ਖਾਲਸਾ ਐਡਵੋਕੇਟ' ਦੇ ਐਡੀਟਰ ਦੇ ਤੌਰ 'ਤੇ ਕੰਮ ਕੀਤਾ।

੧ ਜਨਵਰੀ ੧੯੨੬ ਈ: ਨੂੰ ਭਾਈ ਜੋਧ ਸਿੰਘ ਪੰਜਾਬ ਯੂਨੀਵਰਸਿਟੀ ਦੇ ਫੈਲੋ ਨਾਮਜ਼ਦ ਕੀਤੇ ਗਏ। ੮ ਦਸੰਬਰ ੧੯੩੮ ਈ: ਨੂੰ ਭਾਈ ਜੋਧ ਸਿੰਘ ਦੇ ਛੋਟੇ ਲੜਕੇ ਕਾਕਾ ਹਰਬੰਸ ਸਿੰਘ ਦਾ ਦੇਹਾਂਤ ਹੋਣ 'ਤੇ ਭਾਈ ਸਾਹਿਬ ਨੇ ਵਾਹਿਗੁਰੂ ਦਾ ਭਾਣਾ ਮੰਨ ਕੇ ਅੰਤਮ ਅਰਦਾਸ ਆਪ ਹੀ ਕੀਤੀ ਤੇ ਚਿਤਾ ਨੂੰ ਅੱਗ ਵੀ ਆਪ ਹੀ ਦਿੱਤੀ।

''ਵਿੱਦਿਅਕ ਖੇਤਰ ਵਿਚ ਆਪ ਦੀਆਂ ਪ੍ਰਾਪਤੀਆਂ ਵੇਖ ਕੇ ਸਰਕਾਰ ਨੇ ੧੯੪੩ ਈ: ਵਿਚ ਆਪ ਨੂੰ 'ਸਰਦਾਰ ਬਹਾਦਰ' ਦਾ ਖਿਤਾਬ ਬਖ਼ਸ਼ਿਆ। ਆਪ ਨਿਰੇ

ਪ੍ਰਿੰਸੀਪਲ ਹੀ ਨਹੀਂ ਸਨ ਆਪ ਪੰਜਾਬ ਯੂਨੀਵਰਸਿਟੀ ਦੇ ਦਿਮਾਗ ਸਨ। ਆਪ ਪੰਜਾਬ ਯੂਨੀਵਰਸਿਟੀ ਦੀਆਂ ਬਹੁਤ ਸਾਰੀਆਂ ਕਮੇਟੀਆਂ ਦੇ ਮੁਖੀ ਸਨ। ਇਸ ਤੋਂ ਛੁਟ ਆਪ ਭਾਵਕ ਏਕਤਾ ਕਮੇਟੀ, ਕੌਮੀ ਏਕਤਾ ਕਮੇਟੀ, ਰੇਡੀਓ ਸਲਾਹਕਾਰ ਕਮੇਟੀ, ਭਾਸ਼ਾ ਵਿਭਾਗ ਦੀ ਸਲਾਹਕਾਰ ਕਮੇਟੀ, ਬੋਲੀ ਦੇ ਝਗੜੇ ਨਜਿੱਠਣ ਲਈ ਬਣੀ ਕਮੇਟੀ, ਪੰਜਾਬੀ ਸੂਬੇ ਲਈ ਬਣੀ ਕਮੇਟੀ, ਗੁਰਦੁਆਰਾ ਐਕਟ ਬਣਾਉਣ ਵਾਲੀ ਕਮੇਟੀ, ਖਾਲਸਾ ਪੰਥ ਵੱਲੋਂ ਬਣਾਈ ਗਈ ਕਮੇਟੀ, ਪੰਥਕ ਝਗੜੇ ਨਜਿੱਠਣ ਵਾਲੀ ਕਮੇਟੀ ਤੇ ਨਨਕਾਣਾ ਸਾਹਿਬ ਦੀਆਂ ਚਾਬੀਆਂ ਲੈਣ ਵਾਲੀ ਕਮੇਟੀ ਆਦਿ ਦੇ ਆਪ ਜਾਂ ਮੁਖੀ ਜਾਂ ਸਕੱਤਰ ਜਾਂ ਮੈਂਬਰ ਸਨ। ਤਦੇ ਪੰਡਿਤ ਦੀਵਾਨ ਚੰਦ ਸ਼ਰਮਾ ਕਿਹਾ ਕਰਦੇ ਸੀ ਕਿ ਆਪ ਬਹੁਤ ਵਧੀਆ ਕਮੇਟੀਕਾਰ ਸਨ। ਕੋਈ ਕਮੇਟੀ ਐਸੀ ਨਹੀਂ ਸੀ ਜਿਸ ਦੇ ਆਪ ਮੈਂਬਰ ਨਹੀਂ ਸਨ।[੧]

ਭਾਈ ਜੋਧ ਸਿੰਘ ਇਸ ਗੱਲ ਦੇ ਹੱਕ ਵਿਚ ਸਨ ਕਿ ਹਰ ਸੂਬੇ ਵਿਚ ਉਥੇ ਬੋਲੀ ਜਾਂਦੀ ਬੋਲੀ ਵਿਚ ਹੀ ਦਫ਼ਤਰੀ ਕੰਮਕਾਜ ਹੋਣਾ ਚਾਹੀਦਾ ਹੈ। ਇਸ ਸੰਬੰਧੀ ਆਪ ਨੇ ਕਈ ਟਰੈਕਟ ਲਿਖੇ, ਕਈ ਲੇਖ ਲਿਖ ਕੇ ਅਖਬਾਰਾਂ ਵਿਚ ਛਪਣ ਲਈ ਭੇਜੇ ਤਾਂ ਜੋ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਦਾ ਪ੍ਰਚਾਰ ਕੀਤਾ ਜਾ ਸਕੇ।

ਆਪ ਦੀ ਵਿੱਦਿਅਕ ਯੋਗਤਾ ਅਤੇ ਸਾਹਿਤ ਅਕੈਡਮੀ ਦੀ ਸਫਲ ਸਥਾਪਨਾ ਦੇਖ ਆਪ ਨੂੰ ਅੱਸੀ ਸਾਲ ਦੀ ਉਮਰ ਵਿਚ ੩੦ ਅਪ੍ਰੈਲ ੧੯੬੫ ਈ: ਨੂੰ ਪੰਜਾਬੀ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਥਾਪਿਆ ਗਿਆ।

ਆਪ ਨੂੰ ਪੰਜਾਬੀ ਯੂਨੀਵਰਸਿਟੀ ਦੇ ਪਹਿਲੇ ਵਾਈਸ-ਚਾਂਸਲਰ ਹੋਣ ਦਾ ਮਾਣ ਪ੍ਰਾਪਤ ਹੈ। ਤਿੰਨ ਸਾਲ ਆਪ ਨੇ ਇਹ ਸੇਵਾ ਤਨੋ-ਮਨੋ ਨਿਭਾਈ।

ਡਾ. ਰਤਨ ਸਿੰਘ ਜੱਗੀ ਵੱਲੋਂ ਲਿਖੇ ਅਨੁਸਾਰ ਆਪ ਨੂੰ ਸੰਨ ੧੯੬੬ ਈ: ਵਿਚ ਪਦਮ-ਭੂਸ਼ਣ ਦਾ ਸਨਮਾਨ ਪ੍ਰਾਪਤ ਹੋਇਆ। ਆਪ ਵੱਲੋਂ ਵਿੱਦਿਅਕ ਖੇਤਰ ਵਿਚ ਪਾਏ ਅਦੁੱਤੀ ਯੋਗਦਾਨ ਦੀ ਮਾਨਤਾ ਵਜੋਂ ਸੰਨ ੧੯੬੧ ਈ: ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਸੰਨ ੧੯੭੯ ਈ: ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਡੀ.ਲਿਟ. ਦੀਆਂ ਮਾਨ-ਅਰਥ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।

ਸਿੱਖੀ ਜੀਵਨ-ਜਾਚ ਅਪਣਾਉਣ ਵਾਲੇ ਭਾਈ ਜੋਧ ਸਿੰਘ ਨਿਤਨੇਮੀ, ਸਮੇਂ ਦੇ ਪਾਬੰਦ, ਅਨੁਸ਼ਾਸਨ-ਪ੍ਰੇਮੀ, ਸੰਜਮੀ ਤੇ ਰੱਬ ਦਾ ਭਾਣਾ ਮੰਨਣ ਵਾਲੇ ਵਿਅਕਤੀ ਸਨ। ਆਪ ਦੀ ਕਥਨੀ ਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਆਪ ਨੂੰ ਤਕਰੀਬਨ ੫੦ ਸਾਲ ਦਾ ਪੜ੍ਹਾਉਣ ਦਾ ਤਜਰਬਾ ਸੀ। ਡਾ. ਫੁੱਲ ਹੋਰਾਂ ਅਨੁਸਾਰ ਆਪ ਹਰ ਨਿੱਕੇ ਤੋਂ ਨਿੱਕਾ ਕੰਮ ਵੀ ਵਿਉਂਤ ਤੇ ਜੁਗਤ ਨਾਲ ਕਰਦੇ ਸਨ। ਆਪ ਦਾ ਸੈਰ ਦਾ ਸਮਾਂ ਐਸਾ ਪੱਕਾ ਸੀ ਕਿ ਆਪ ਦੀ ਸੈਰ ਨਾਲ ਲੋਕ ਆਪਣੀਆਂ ਘੜੀਆਂ ਦਾ ਟਾਈਮ ਮਿਲਾ ਲਿਆ ਕਰਦੇ ਸਨ।

ਕਈ ਸਰਕਾਰੀ ਉਪਾਧੀਆਂ ਪ੍ਰਾਪਤ ਹੋਣ ਦੇ ਬਾਵਜੂਦ ਵੀ ਆਪ ਆਪਣੇ ਨਾਮ ਨਾਲ ਹੋਰ ਕੁਝ ਲਗਾਉਣ ਨਾਲੋਂ 'ਭਾਈ' ਲਗਾਉਣਾ ਵਧੇਰੇ ਠੀਕ ਸਮਝਦੇ ਸਨ। ਇਸ ਤੋਂ ਆਪ ਦੀ ਗੁਰਮਤਿ ਪ੍ਰਤੀ ਸ਼ਰਧਾ ਦੀ ਭਾਵਨਾ ਦਾ ਪਤਾ ਲੱਗਦਾ ਹੈ। ਭਾਈ ਸਾਹਿਬ ਦੀ ਮਹਾਨ ਸ਼ਖ਼ਸੀਅਤ ਉਸਾਰਨ ਵਿਚ ਆਪਦੇ ਦਾਦਾ ਜੀ ਅਤੇ ਦਾਦੀ ਜੀ ਦਾ ਵਿਸ਼ੇਸ਼ ਹੱਥ ਰਿਹਾ ਹੈ। ਆਪ ਨੂੰ ਬਚਪਨ ਤੋਂ ਹੀ ਗੁਰਬਾਣੀ ਪੜ੍ਹਨ ਤੇ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਸੁਣਨ, ਪੜ੍ਹਨ ਦੀ ਲਿਵ ਲੱਗ ਗਈ ਸੀ। ਆਪ ਗੁਰਬਾਣੀ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦੀ ਜਾਚ ਸਿੱਖ ਗਏ ਸਨ। ਆਪ ਕਿਸੇ ਨਾਲ ਵੈਰ-ਵਿਰੋਧ ਦੀ ਭਾਵਨਾ ਨਹੀਂ ਰੱਖਦੇ ਸਨ ਤੇ ਹਰ ਫੈਸਲਾ ਨਿਰਪੱਖ ਹੋ ਕੇ ਕਰਦੇ। ਗੁੰਝਲਦਾਰ ਸਮੱਸਿਆ ਨੂੰ ਆਸਾਨ ਤਰੀਕੇ ਨਾਲ ਸੁਲਝਾਉਣ ਦੀ ਵੀ ਆਪ ਦੀ ਖੂਬੀ ਰਹੀ ਹੈ। ਆਪ ਆਪਣੇ ਕੰਮ ਦੀ ਸ਼ੁਰੂਆਤ ਕਰਨ ਵੇਲੇ ਅਰਦਾਸ ਜ਼ਰੂਰ ਕਰਦੇ ਸਨ। ਆਪ ਜ਼ਿਆਦਾ ਬੋਲਣ ਤੇ ਫਜ਼ੂਲ ਬਹਿਸ ਨੂੰ ਤਰਜੀਹ ਨਹੀਂ ਦਿੰਦੇ ਸਨ ਕਿਉਂਕਿ ਅਜਿਹਾ ਕਰਨ ਨਾਲ ਐਨਰਜੀ ਨਸ਼ਟ ਹੁੰਦੀ ਹੈ।

ਬੇਟੇ ਸੁੰਦਰ ਸਿੰਘ ਨੇ ਆਪ ਦੇ ਬਾਰੇ ਲਿਖਿਆ ਹੈ, "ਪਿਤਾ ਜੀ ਦਾ ਹਾਜ਼ਰ-ਜਵਾਬ ਹੋਣਾ ਬਹੁਤ ਮਸ਼ਹੂਰ ਸੀ। ਇਸ ਸਿਲਸਿਲੇ ਵਿਚ ਮੈਨੂੰ ਉਨ੍ਹਾਂ ਦੇ ਹਮਜੋਲੀ ਨੇ ਦੱਸਿਆ ਕਿ ਜਦ ਕਿਰਪਾਨ ਦੇ ਮਾਮਲੇ ਵਿਚ ਕੌਂਸਲ ਵਿਚ ਬਹਿਸ ਹੋਣ ਲੱਗੀ ਤਾਂ ਕਈਆਂ ਨੇ ਕਿਹਾ ਕਿ ਕਿਰਪਾਨ ਦੀ ਲੰਬਾਈ ਛੇ ਇੰਚ ਤੋਂ ਵੱਧ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਦੱਸਿਆ ਕਿ ਜਦ ਪਿਤਾ ਜੀ ਦੀ ਬੋਲਣ ਦੀ ਵਾਰੀ ਆਈ ਤਾਂ ਉਹ ਜਵਾਬ ਵਿਚ ਕਹਿਣ ਲੱਗੇ ਕਿ ਕਿਰਪਾਨ ਸਾਡੇ ਧਰਮ ਦਾ ਉਸੇ ਤਰ੍ਹਾਂ ਦਾ ਹੀ ਚਿੰਨ੍ਹ ਹੈ ਜਿਸ ਤਰ੍ਹਾਂ ਸਨਾਤਨ ਧਰਮ ਵਿਚ ਸਿਰ ਦੀ ਬੋਦੀ। ਅਸਾਂ ਕਦੀ ਕੋਈ ਇਤਰਾਜ਼ ਨਹੀਂ ਕੀਤਾ ਕਿ ਇਸ ਦੀ ਲੰਬਾਈ ਮੁਕੱਰਰ ਹੋਣੀ ਚਾਹੀਦੀ ਹੈ, ਇਸੇ ਤਰ੍ਹਾਂ ਕਿਰਪਾਨ ਦੇ ਸਾਈਜ਼ ਉੱਤੇ ਵੀ ਕੋਈ ਪਾਬੰਦੀ ਨਹੀਂ ਹੋ ਸਕਦੀ।"[੨]

ਭਾਈ ਜੋਧ ਸਿੰਘ ਜੀ ਨੂੰ ਪੰਜਾਬੀ ਤੇ ਅੰਗਰੇਜ਼ੀ ਭਾਸ਼ਾਵਾਂ ਤੋਂ ਇਲਾਵਾ ਸੰਸਕ੍ਰਿਤ, ਫ਼ਾਰਸੀ ਭਾਸ਼ਾਵਾਂ ਤੇ ਭਾਰਤੀ ਦਰਸ਼ਨ ਦਾ ਵੀ ਕਾਫੀ ਗਿਆਨ ਸੀ। ਪ੍ਰੋ. ਤੇਜਾ ਸਿੰਘ, ਭਾਈ ਸਾਹਿਬ ਸਿੰਘ, ਭਾਈ ਵੀਰ ਸਿੰਘ ਤੇ ਭਾਈ ਜੋਧ ਸਿੰਘ ਨੇ ਗੁਰਬਾਣੀ ਦੀ ਵਿਆਖਿਆ ਦੀ ਪੁਰਾਤਨ ਵਿਧੀ ਵਿਚ ਕਈ ਲੋੜੀਂਦੇ ਉਸਾਰੂ ਪਰਿਵਰਤਨ ਕਰ ਕੇ, ਨਵੇਂ ਢੰਗ ਨਾਲ ਗੁਰਬਾਣੀ ਦੀ ਵਿਆਖਿਆ ਕੀਤੀ ਹੈ ਕਿਉਂਕਿ ਇਨ੍ਹਾਂ ਸਾਰਿਆਂ ਨੂੰ ਅੰਗਰੇਜ਼ੀ ਭਾਸ਼ਾ ਦਾ ਗਿਆਨ ਹਾਸਲ ਸੀ।

ਮੁਸੀਬਤ ਵੇਲੇ ਹੌਸਲਾ ਨਾ ਛੱਡਣਾ ਤੇ ਆਪਣੇ ਆਪ 'ਤੇ ਭਰੋਸਾ ਇਨ੍ਹਾਂ ਦੀ ਸ਼ਖ਼ਸੀਅਤ ਦੇ ਦੋ ਵੱਡੇ ਗੁਣ ਸਨ। "ਇਕ ਵਾਰੀ ਕਾਲਜ ਦੀ ਪ੍ਰਬੰਧਕੀ ਕਮੇਟੀ ਦੀ ਮੀਟਿੰਗ ਲਈ ਜਾਂਦਿਆਂ ਅਚਾਨਕ ਇਨ੍ਹਾਂ ਦਾ ਟਾਂਗਾ ਅੰਗਰੇਜ਼ ਡਿਪਟੀ ਕਮਿਸ਼ਨਰ ਦੀ ਬੱਘੀ ਨਾਲ ਟਕਰਾ ਗਿਆ ਤੇ ਉਨ੍ਹਾਂ ਨੂੰ ਇਨ੍ਹਾਂ ਦੀ ਨੀਅਤ 'ਤੇ ਕੁਝ ਸ਼ੱਕ ਹੋਇਆ, ਜਿਸ

ਕਰਕੇ ਇਨ੍ਹਾਂ ਨੂੰ ਕਾਲਜ ਛੱਡਣਾ ਪਿਆ। ਇਸ ਭੈੜੇ ਵੇਲੇ ਇਨ੍ਹਾਂ ਨੇ ਬੜੇ ਹੀ ਠਰ੍ਹੰਮੇ ਤੇ ਹੌਂਸਲੇ ਤੋਂ ਕੰਮ ਲਿਆ। ੧੯੨੪ ਈ: ਵਿਚ ਜਦੋਂ ਕਾਲਜ ਦਾ ਪ੍ਰਬੰਧ ਅੰਗਰੇਜ਼ਾਂ ਦੇ ਹੱਥਾਂ ਵਿੱਚੋਂ ਨਿਕਲ ਗਿਆ ਤਾਂ ਆਪ ਮੁੜ ਕੇ ਖਾਲਸਾ ਕਾਲਜ ਜਾ ਪਹੁੰਚੇ।''[੩]

ਭਾਈ ਜੋਧ ਸਿੰਘ ਜੀ ਰੱਬ ਦੀ ਰਜ਼ਾ 'ਚ ਰਹਿਣ ਵਾਲੇ ਤੇ ਅਸੂਲਾਂ ਦੇ ਪੱਕੇ ਸਨ। ਇਨ੍ਹਾਂ ਨੇ ਆਪ ਤਾਂ ਸੁਚੱਜੀ ਜੀਵਨ-ਜਾਚ ਨੂੰ ਅਪਣਾਇਆ ਹੀ, ਆਪਣੇ ਬੇਟੇ ਸੁੰਦਰ ਸਿੰਘ ਨੂੰ ਵੀ ਇਹੀ ਸਿੱਖਿਆ ਦਿੰਦੇ ਸਨ। ਬੇਟੇ ਸੁੰਦਰ ਸਿੰਘ ਦੇ ਸ਼ਬਦਾਂ ਵਿਚ ''੧੯੩੯ ਈ: ਵਿਚ ਮੈਂ ਪਹਿਲੀ ਵਾਰ ਨੌਕਰੀ 'ਤੇ ਜਾਣ ਲੱਗਾ ਤਾਂ ਪਿਤਾ ਜੀ ਨੇ ਇਹ ਇਕਰਾਰ ਕਰਨ ਲਈ ਕਿਹਾ: ਨਾ ਤੂੰ ਆਪ ਸ਼ਰਾਬ ਪੀਣੀ ਹੈ, ਨਾ ਹੀ ਕਿਸੇ ਮਹਿਮਾਨ ਨੂੰ ਆਪਣੇ ਘਰ ਵਿਚ ਪਿਆਉਣੀ ਹੈ। ਰਿਸ਼ਵਤ ਨਹੀਂ ਲੈਣੀ ਅਤੇ ਕੋਈ ਹੋਰ ਭੈੜੀ ਕਰਤੂਤ ਨਹੀਂ ਕਰਨੀ ਜਿਸ ਤੋਂ ਮੇਰੀ ਤੇ ਖਾਨਦਾਨ ਦੀ ਬੇਇਜ਼ਤੀ ਹੋਵੇ। ਯਥਾ-ਸ਼ਕਤ ਗਰੀਬਾਂ ਦੀ ਮਦਦ ਕਰਨੀ ਹੈ ਤੇ ਦਸਵੰਧ ਕੱਢਣਾ ਹੈ। ਮੈਂ ਜਦ ੧੯੬੧ ਈ: ਵਿਚ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਲੱਗਾ ਤਾਂ ਕਹਿਣ ਲੱਗੇ, ਵੇਖੋ ਵਾਹਿਗੁਰੂ ਦਾ ਇਨਸਾਫ। ਜਿਸ ਕਾਲਜ ਵਿੱਚੋਂ ਮੈਨੂੰ ਅੰਗਰੇਜ਼ਾਂ ਵੇਲੇ ਕੱਢਿਆ ਗਿਆ ਸੀ ਤੇ ਕਾਲਜ ਦਾ ਅਹਾਤਾ ਛੱਡਣ ਲਈ ੨੪ ਘੰਟੇ ਦਾ ਨੋਟਿਸ ਮਿਲਿਆ ਸੀ, ਉਸੇ ਕਾਲਜ ਦਾ ਮੈਂ ੧੬ ਸਾਲ ਪ੍ਰਿੰਸੀਪਲ ਰਿਹਾ ਹਾਂ ਤੇ ਜਿਸ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਅੰਗਰੇਜ਼ਾਂ ਵੇਲੇ ਮੇਰੇ 'ਤੇ ਕਾਤਲਾਨਾ ਹਮਲਾ ਕਰਨ ਦਾ ਮੁਕੱਦਮਾ ਬਣਾਉਣਾ ਚਾਹਿਆ ਸੀ, ਤੂੰ ਹੁਣ ਉਸ ਦੀ ਪਦਵੀ ਸੰਭਾਲੀ ਹੈ।''[੪]

ਆਪ ਨੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਹੋਏ ਕਦੇ ਦੂਜੇ ਧਰਮਾਂ ਦੀ ਬੁਰਾਈ ਨਹੀਂ ਕੀਤੀ, ਸਗੋਂ ਉਨ੍ਹਾਂ ਦੀਆਂ ਚੰਗੀਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਸਨ। ਪੰਥ ਦੀ ਸੇਵਾ ਕਰਨ ਲਈ ਆਪ ਹਮੇਸ਼ਾਂ ਤਤਪਰ ਰਹਿੰਦੇ ਸਨ ਪਰ ਜਦੋਂ ਆਪ ਹੋਰਨਾਂ ਨੂੰ ਬੇਨਤੀ ਕਰਦੇ ਤਾਂ ਦੂਜੇ ਵੀ ਵਧ-ਚੜ੍ਹ ਕੇ ਸੇਵਾ ਕਰਨ ਵਿਚ ਹਿੱਸਾ ਲੈਂਦੇ ਤੇ ਦਾਨ ਦਿੰਦੇ ਸਨ। ਸਿੱਖਾਂ ਦੇ ਧਾਰਮਿਕ ਅਸਥਾਨਾਂ ਨੂੰ ਮਹੰਤਾਂ ਦੇ ਕਬਜ਼ੇ ਵਿੱਚੋਂ ਛੁਡਾਉਣ ਲਈ ਭਾਈ ਜੋਧ ਸਿੰਘ ਨੇ ਅਹਿਮ ਰੋਲ ਅਦਾ ਕੀਤਾ ਸੀ। ਮੁਸੀਬਤ ਵੇਲੇ ਸਿੱਖਾਂ ਨੂੰ ਭਟਕਣ ਲਈ ਨਹੀਂ, ਸਗੋਂ ਸ਼ਾਂਤ ਅਵਸਥਾ ਵਿਚ ਰਹਿਣ ਲਈ ਕਹਿੰਦੇ ਸਨ।

ਚੀਫ ਖਾਲਸਾ ਦੀਵਾਨ ਵੱਲੋਂ ਸਿੱਖ ਕੌਮ ਦੀ ਭਲਾਈ ਲਈ ਜੋ ਵੀ ਨਵੇਂ ਕਦਮ ਉਠਾਏ ਜਾਂਦੇ, ਗੁਰਦੁਆਰਾ ਸੁਧਾਰ ਲਈ ਜੋ ਬਿੱਲ ਬਣਾਏ ਜਾਂਦੇ, ਉਨ੍ਹਾਂ ਸਭ ਦੇ ਖਰੜੇ ਤਿਆਰ ਕਰਨ ਅਤੇ ਸੂਰਮਾ ਸਿੰਘ ਆਸ਼ਰਮ ਦੀ ਸ਼ੁਰੂਆਤ ਕਰਨ ਆਦਿ ਸਭ ਕੰਮਾਂ ਵਿਚ ਭਾਈ ਜੋਧ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਭਾਈ ਸੰਤ ਸਿੰਘ ਨੇ ਭਾਈ ਸਾਹਿਬ ਦੀ ਸ਼ਲਾਘਾ ਬੜੇ ਸੁੰਦਰ ਸ਼ਬਦਾਂ ਵਿਚ ਇਸ ਤਰ੍ਹਾਂ ਕੀਤੀ ਹੈ ਕਿ ਭਾਈ ਜੋਧ ਸਿੰਘ ਜੀ ਦੀ ਚੀਫ ਖਾਲਸਾ ਦੀਵਾਨ ਅਤੇ ਐਜੂਕੇਸ਼ਨਲ ਕਮੇਟੀ ਲਈ ਕੀਤੀ ਸੇਵਾ

(ਬਾਕੀ ਸਫ਼ਾ ੮੨ 'ਤੇ)

ਸਿੱਖ ਸ਼ਤਾਬਦੀਆਂ

*-ਪ੍ਰੋ: ਕਿਰਪਾਲ ਸਿੰਘ ਬਡੂੰਗਰ**

ਸੰਸਾਰ ਦੀਆਂ ਕਾਰਜਸ਼ੀਲ, ਗਤੀਸ਼ੀਲ ਅਤੇ ਜਿਉਂਦੀਆਂ-ਜਾਗਦੀਆਂ ਕੌਮਾਂ ਆਪਣੇ ਪੀਰ-ਪੈਗੰਬਰਾਂ, ਸੂਰਬੀਰਾਂ-ਯੋਧਿਆਂ ਅਤੇ ਸ਼ਹੀਦਾਂ ਦੇ ਯਾਦਗਾਰੀ ਦਿਨ-ਦਿਹਾੜੇ ਪੂਰੀ ਸ਼ਰਧਾ ਨਾਲ ਮਨਾ ਕੇ ਜਿਥੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੀਆਂ ਹਨ, ਉਥੇ ਉਨ੍ਹਾਂ ਵੱਲੋਂ ਪਾਏ ਗਏ ਪੂਰਨਿਆਂ ਤੋਂ ਪ੍ਰੇਰਨਾ ਲੈਣ ਦਾ ਕਾਰਜ ਵੀ ਕਰਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਸੰਬੰਧਿਤ ਕੌਮ ਵਰਤਮਾਨ ਵਿਚ ਵਿਚਰਦਿਆਂ ਹੋਇਆਂ ਆਪਣੀ ਮਹਾਨ ਵਿਰਾਸਤ ਨਾਲ ਜੁੜਦਿਆਂ ਭਵਿੱਖਮੁਖੀ ਬਣੀ ਰਹਿੰਦੀ ਹੈ। ਕੌਮਾਂ ਆਪਣੇ ਇਤਿਹਾਸ ਅਤੇ ਵਿਰਾਸਤ ਤੋਂ ਟੁੱਟ ਕੇ ਜਿਉਂਦੀਆਂ ਨਹੀਂ ਰਹਿ ਸਕਦੀਆਂ। ਇਹ ਇਤਿਹਾਸ ਅਤੇ ਵਿਰਾਸਤ ਹੀ ਕੌਮਾਂ ਦਾ ਸਰੋਤ ਹੁੰਦਾ ਹੈ। ਪ੍ਰਕ੍ਰਿਤੀ ਦੀ ਹਰ ਸ਼ੈਅ ਵੀ ਆਪਣੇ ਸਰੋਤ ਤੋਂ ਟੁੱਟ ਕੇ ਮਰ-ਮੁੱਕ ਜਾਂਦੀ ਹੈ। ਇਸ ਲਈ ਜੇਕਰ ਇਤਿਹਾਸ ਅਤੇ ਵਿਰਾਸਤ, ਮਾਣ ਕਰਨ ਯੋਗ ਕੁਝ ਪਰੰਪਰਾਵਾਂ ਅਤੇ ਰਵਾਇਤਾਂ ਨੂੰ ਕਿਸੇ ਕੌਮ ਦੀ ਜਿੰਦ-ਜ਼ਾਨ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।

ਸਿੱਖ ਕੌਮ ਭਾਵੇਂ ਦੁਨੀਆਂ ਦੀਆਂ ਸਾਰੀਆਂ ਕੌਮਾਂ ਤੋਂ ਉਮਰ ਵਿਚ ਵੀ ਛੋਟੀ ਅਤੇ ਗਿਣਤੀ ਵਿਚ ਸਭ ਤੋਂ ਘੱਟ ਹੈ, ਪ੍ਰੰਤੂ ਇਸ ਦਾ ਸਿਧਾਂਤ, ਇਤਿਹਾਸ, ਵਿਰਾਸਤ ਲਾਮਿਸਾਲ ਅਤੇ ਅਦੁੱਤੀ ਹੈ, ਜਿਸ ਕਾਰਨ ਇਹ ਕੌਮ ਮਹਾਨ ਹੈ। ਸਾਰੀ ਲੋਕਾਈ ਦੇ ਕਲਿਆਣ ਅਤੇ ਭਲਾਈ ਲਈ ਕਾਮਨਾ ਕਰਨ, ਸਹਿਹੋਂਦ, ਸਾਂਝੀਵਾਲਤਾ ਅਤੇ ਸ਼ਹਿਨਸ਼ੀਲਤਾ ਦਾ ਮਹਾਨ ਉਪਦੇਸ਼ ਗੁਰੂ ਸਾਹਿਬ ਨੇ ਦੁਨੀਆਂ ਨੂੰ ਦੇ ਕੇ ਇਕ ਨਵਾਂ ਕ੍ਰਾਂਤੀਕਾਰੀ ਮਾਰਗ ਦਰਸਾਇਆ। ਸਮੁੱਚੀ ਸਿੱਖ ਕੌਮ ਤਥਾ ਸਮੂਹ ਨਾਨਕ ਨਾਮ ਲੇਵਾ ਗੁਰੂ ਸਾਹਿਬਾਨ, ਸ਼ਹੀਦ ਸਿੰਘਾਂ-ਸਿੰਘਣੀਆਂ-ਭੁਝੰਗੀਆਂ ਦੇ ਦਿਨ ਹਰ ਸਾਲ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਂਦੇ ਹਨ ਅਤੇ ਹਰ ਵਾਰ ਨਵਾਂ ਜੋਸ਼ ਅਤੇ ਜ਼ਜ਼ਬਾ ਪ੍ਰਾਪਤ ਕੀਤਾ ਜਾਂਦਾ ਹੈ, ਪ੍ਰੰਤੂ ਵੀਹਵੀਂ ਅਤੇ ਈਕੀਵੀਂ ਸਦੀਆਂ ਦੌਰਾਨ ਵੱਖ-ਵੱਖ ਸ਼ਤਾਬਦੀਆਂ ਸਾਰੀ ਦੁਨੀਆਂ ਵਿਚ ਪੂਰੇ ਖਾਲਸਾਈ ਜੋਸ਼, ਜ਼ਜ਼ਬੇ, ਸ਼ਰਧਾ ਅਤੇ ਸਤਿਕਾਰ ਨਾਲ ਮਨਾਈਆਂ ਗਈਆਂ। ਇਨ੍ਹਾਂ ਮਹਾਨ ਧਾਰਮਿਕ ਕਾਰਜਾਂ ਵਿਚ ਦੁਨੀਆਂ ਦੇ ਦੂਜੇ ਧਰਮਾਂ ਦੇ ਲੋਕ ਵੀ ਭਾਰੀ ਗਿਣਤੀ ਵਿਚ ਸ਼ਾਮਲ ਹੋਏ।

ਸ਼ਤਾਬਦੀਆਂ ਮਨਾਉਣ ਵਿਚ ਸਿੱਖ ਕੌਮ ਦੀ ਪ੍ਰਮੁੱਖ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਮੋਹਰੀ ਅਤੇ ਕੇਂਦਰੀ ਰੋਲ ਨਿਭਾਇਆ ਗਿਆ। ਇਨ੍ਹਾਂ ਇਤਿਹਾਸਕ ਯਤਨਾਂ ਨਾਲ ਜਿਥੇ ਸਮੁੱਚੀ ਕੌਮ ਨੂੰ

* *ਸਾਬਕਾ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮-੦੫੧੦੦*

ਸ਼ਮੂਲੀਅਤ ਕਰਨ ਦਾ ਮੌਕਾ ਮਿਲਿਆ, ਉਥੇ ਦੂਸਰੇ ਧਰਮਾਂ ਦੇ ਲੋਕਾਂ ਨੂੰ ਸਿੱਖ ਧਰਮ ਦੇ ਸੰਪੂਰਨ ਕ੍ਰਾਂਤੀਕਾਰੀ ਸਿਧਾਂਤ, ਸਿੱਖ ਪੰਥ ਦੇ ਇਤਿਹਾਸ ਅਤੇ ਕੁਰਬਾਨੀਆਂ ਬਾਰੇ ਜਾਣਕਾਰੀ ਪ੍ਰਾਪਤ ਹੋਈ। ਸਿੱਖ ਕੌਮ ਦੀ ਨਵੀਂ ਨੌਜੁਆਨ ਪੀੜ੍ਹੀ ਨੂੰ ਵੀ ਆਪਣੇ ਸ਼ਾਨਾਂਮੱਤੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਹੋਈ ਅਤੇ ਇਸ ਦੇ ਨਾਲ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਮਹੱਤਵਪੂਰਨ ਤੇਜੀ ਆਈ।

ਅੱਜ ਮਨੁੱਖ ਅੰਤਾਂ ਦੇ ਵਧ ਰਹੇ ਵਾਤਾਵਰਨਿਕ-ਪ੍ਰਦੂਸ਼ਣ ਕਾਰਨ ਸਾਹ ਲੈਣ ਤੋਂ ਵੀ ਔਖਾ ਹੋ ਰਿਹਾ ਹੈ ਅਤੇ ਭਿਆਨਕ ਬੀਮਾਰੀਆਂ ਦਾ ਖੂਬ ਬੋਲਬਾਲਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਾਤਾਵਰਣ ਨੂੰ ਸਾਫ-ਸੁਥਰਾ ਅਤੇ ਨਰੋਆ ਰੱਖਣ ਲਈ ਪੂਰੀ ਤਰ੍ਹਾਂ ਸਮਰੱਥ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪੂਰਨ ਕ੍ਰਾਂਤੀ ਦੀ ਮੁਕੰਮਲ ਵਿਚਾਰਧਾਰਾ ਦਾ ਸਰੋਤ ਅਤੇ ਸੋਮਾ ਹੈ। ਮਨੁੱਖ ਜਿਤਨਾ ਡੂੰਘਾਈ, ਸੁਹਿਰਦਤਾ ਅਤੇ ਗੰਭੀਰਤਾ ਨਾਲ ਖੋਜ ਕਰੇਗਾ, ਉਤਨਾ ਹੀ ਸਰਬਪੱਖੀ ਗਿਆਨ ਰੂਪੀ ਭੰਡਾਰ ਦਾ ਉਹ ਮਾਲਕ ਬਣੇਗਾ। ਮਨੁੱਖ ਦੀਆਂ ਸਮੁੱਚੀਆਂ ਧਾਰਮਿਕ, ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਵਾਤਾਵਰਨਿਕ ਸਮੱਸਿਆਵਾਂ ਦਾ ਪੂਰਨ ਹੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ, ਪ੍ਰੰਤੂ ਅਸੀਂ ਇਨ੍ਹਾਂ ਸ਼ਤਾਬਦੀਆਂ ਦੌਰਾਨ ਲੋਕਾਂ ਵਿਚ ਇਹ ਅਨਮੋਲ ਅਤੇ ਅਦੁੱਤੀ ਗਿਆਨ ਦਾ ਭੰਡਾਰ ਵੰਡ ਕੇ ਜਗਤ-ਜਲੰਦੇ ਦੀ ਲੋੜ ਅਨੁਸਾਰ ਸੇਵਾ ਨਹੀਂ ਕਰ ਸਕੇ। ਪਦਾਰਥਵਾਦ ਦੀ ਹੋੜ ਵਿਚ ਰੁੜ੍ਹੇ ਜਾ ਰਹੇ ਅਨੇਕਾਂ ਅਖੌਤੀ ਵਿਦਵਾਨ ਬੇਲੋੜੀਆਂ ਘੁਣਤਰਾਂ ਛੱਡ ਕੇ ਸਮੁੱਚੇ ਫਲਸਫੇ ਅਤੇ ਇਤਿਹਾਸ ਨੂੰ ਤੋੜ-ਮਰੋੜ ਕੇ ਕਰੂਪ ਰੂਪ ਵਿਚ ਪੇਸ਼ ਕਰ ਕੇ ਆਪਣੀਆਂ ਖੁਦਗਰਜ਼ੀਆਂ ਪਾਲ ਰਹੇ ਹਨ ਅਤੇ ਨਿੱਕੇ-ਨਿੱਕੇ ਲਾਭਾਂ ਲਈ ਪੰਥ-ਦੋਖੀ ਸ਼ਕਤੀਆਂ ਦੇ ਹੱਥਾਂ ਵਿਚ ਖੇਡ ਕੇ ਘੋਰ ਅਨਰਥ ਕਰ ਰਹੇ ਹਨ। ਖਾਲਸਾ ਪੰਥ ਨੂੰ ਆਪਣੀ ਹੋਂਦ-ਹਸਤੀ ਕਾਇਮ ਰੱਖਣ ਲਈ ਇਨ੍ਹਾਂ ਗੁੱਝੀਆਂ ਅਤੇ ਜ਼ਾਹਰਾ ਸਾਜ਼ਸਾਂ ਤੋਂ ਸੁਚੇਤ ਹੋਣਾ ਹੋਵੇਗਾ।

ਸੋਲ੍ਹਵੀਂ, ਸਤਾਰ੍ਹਵੀਂ, ਅਠਾਰ੍ਹਵੀਂ ਸਦੀਆਂ ਅਤੇ ਉਨ੍ਹੀਵੀਂ ਸਦੀ ਦਾ ਪਿਛਲਾ ਅੱਧ, ਖਾਲਸਾ ਪੰਥ ਲਈ ਅਤਿ-ਭੀਹਾਵਲਾ ਅਤੇ ਸੰਘਰਸ਼ਮਈ ਸੀ ਅਤੇ ਖਾਲਸਾ ਪੰਥ ਆਪਣੀ ਹੋਂਦ-ਹਸਤੀ ਸੁਰੱਖਿਅਤ ਰੱਖਣ ਅਤੇ ਦੇਸ਼ ਦੀ ਸਰਬਪੱਖੀ ਰਾਖੀ ਹਿੱਤ ਜੱਦੋ-ਜਹਿਦ ਵਿਚ ਹੀ ਰੁੱਝਿਆ ਰਿਹਾ। ਸਮੇਂ ਦੇ ਇਤਿਹਾਸ ਦਾ ਹਰ ਪੰਨਾ ਸਿੰਘ-ਸ਼ਹੀਦਾਂ ਦੀਆਂ ਲਾਮਿਸਾਲ ਕੁਰਬਾਨੀਆਂ ਅਤੇ ਉਨ੍ਹਾਂ ਦੇ ਅਦੁੱਤੀ ਕਾਰਨਾਮਿਆਂ ਦੁਆਰਾ ਆਪਣੇ ਪਵਿੱਤਰ ਖੂਨ ਨਾਲ ਲਿਖਿਆ ਗਿਆ। ਇਹ ਖਾਲਸਾ ਪੰਥ ਦਾ ਸੁਨਹਿਰੀ-ਅੱਖਰਾਂ ਵਿਚ ਲਿਖਣ ਯੋਗ ਇਤਿਹਾਸ ਹੈ, ਕਿਉਂਕਿ ਦੇਸ਼ ਅਤੇ ਕੌਮ ਦੇ ਹਿੱਤਾਂ ਖਾਤਰ ਅਣਗਿਣਤ ਕੁਰਬਾਨੀਆਂ ਹੋਈਆਂ। ਪੌਣੇ ਚਾਰ ਸਾਲ ਦੇ ਬੱਚੇ ਬਾਬਾ ਅਜੈ ਸਿੰਘ (ਸਪੁੱਤਰ ਬਾਬਾ ਬੰਦਾ ਸਿੰਘ ਬਹਾਦਰ) ਤੋਂ ਲੈ ਕੇ ਮੀਰ ਮਨੂੰ ਦੀ ਜੇਲ੍ਹ ਵਿਚ ਸ਼ੀਰ-ਖੋਰ ਬੱਚਿਆਂ ਦੇ ਟੁਕੜੇ-ਟੁਕੜੇ ਕਰ ਕੇ ਮਹਾਨ ਮਾਤਾਵਾਂ ਦੇ ਗਲਾਂ ਵਿਚ ਹਾਰ

ਪਾਉਣ ਤੋਂ ਲੈ ਕੇ ਤਕਰੀਬਨ ੯੨ ਸਾਲ ਦੀ ਵਡੇਰੀ ਉਮਰ ਦੇ ਬੰਦ-ਬੰਦ ਕਟਾਉਣ ਵਾਲੇ ਭਾਈ ਮਨੀ ਸਿੰਘ ਤਕ ਸ਼ਹੀਦ ਹੋਣ ਵਾਲਿਆਂ ਵਿੱਚੋਂ ਕੋਈ ਇਕ ਵੀ ਅਜਿਹਾ ਨਹੀਂ ਹੋਇਆ ਜੋ ਡੋਲਿਆ ਹੋਵੇ, ਭੱਜਿਆ ਹੋਵੇ, ਜਿਸ ਨੇ ਮੁਆਫੀ ਮੰਗੀ ਹੋਵੇ ਜਾਂ ਫਿਰ ਆਪਣੇ ਧਰਮ ਤੋਂ ਮੂੰਹ ਮੋੜਿਆ ਹੋਵੇ। ਹਰ ਇਕ ਹੀ ਛੋਟਾ-ਵੱਡਾ ਗੁਰੂ ਦੇ ਭਾਣੇ ਵਿਚ ਵਿਚਰਦਿਆਂ ਮੌਤ ਅਤੇ ਵੈਰੀ ਨੂੰ ਟਿੱਚ ਸਮਝਦਿਆਂ ਹੋਇਆਂ ਅਹਿਲ, ਅਡਿੱਗ ਅਤੇ ਅਡੋਲ ਰਹਿੰਦਿਆਂ ਹੋਇਆਂ ਹੱਸ-ਹੱਸ ਕੇ ਸ਼ਹੀਦੀ ਪਾ ਗਿਆ। ਅਜਿਹੀ ਮਿਸਾਲ ਕਿਸੇ ਦੇਸ਼ ਜਾਂ ਕੌਮ ਵਿਚ ਨਹੀਂ ਮਿਲਦੀ। ਇਹ ਖਾਲਸਾ ਪੰਥ ਦਾ ਹੀ ਸ਼ਾਨਾਂਮੱਤਾ ਇਤਿਹਾਸ ਹੈ। ਨਿਆਰਾਪਣ ਹੈ। ਵਿਲੱਖਣਤਾ ਹੈ। ਇਹ ਖਾਲਸੇ ਦਾ ਹੀ ਮਹਾਨ ਆਦਰਸ਼ ਰਿਹਾ ਹੈ। ''ਸਿਰ ਜਾਏ ਤਾਂ ਜਾਏ ਪਰ ਮੇਰਾ ਸਿੱਖੀ ਸਿਦਕ ਨਾ ਜਾਏ'' ਤਥਾ ''ਬਾਹ ਜਿਨ੍ਹਾਂ ਦੀ ਪਕੜੀਏ, ਸਿਰ ਦੀਜੈ ਬਾਹ ਨਾ ਛੋੜੀਏ।'' ''ਗੁਰੂ ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋੜੀਏ।'' ਸ਼ਤਾਬਦੀਆਂ ਮਨਾਉਣ ਦਾ ਉੱਦਮ ਜਦੋਂ ਲੰਮੀ ਜਦੋ-ਜਹਿਦ ਅਤੇ ਅਣਗਿਣਤ ਸ਼ਹੀਦੀਆਂ ਅਤੇ ਲਾਸਾਨੀ ਕੁਰਬਾਨੀਆਂ ਪਿੱਛੋਂ ੧੪ ਨਵੰਬਰ, ੧੯੨੦ ਈ: ਨੂੰ ਸਿੱਖ ਧਰਮ ਦੀ ਇਕ ਕੇਂਦਰੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਸ਼ੁਰੂ ਹੁੰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ੧੯੬੫ ਈ: ਵਿਚ ਪ੍ਰਕਾਸ਼ ਪੁਰਬ ਦੀ ਤੀਜੀ ਸ਼ਤਾਬਦੀ ਮਨਾਈ ਗਈ। ਉਸ ਸਮੇਂ ਪੰਜਾਬੀ ਯੂਨੀਵਰਿਸਟੀ ਵਿਚ ਗੁਰੂ ਗੋਬਿੰਦ ਸਿੰਘ ਭਵਨ ਦੀ ਸਥਾਪਨਾ ਕੀਤੀ ਗਈ। ਉਪਰੰਤ ੧੯੬੯ ਈ: ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਉਤਸਵ ਸੁਲਤਾਨਪੁਰ ਲੋਧੀ ਅਤੇ ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ ਗਿਆ। ਇਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਿਸਟੀ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ। ਇਸ ਤੋਂ ਇਲਾਵਾ ਗੁਰੂ ਨਾਨਕ ਨਿਵਾਸ ਸ੍ਰੀ ਅੰਮ੍ਰਿਤਸਰ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ ਗੁਰਮਤਿ ਕਾਲਜ ਪਟਿਆਲਾ ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਦੋਵਾਂ ਸ਼ਤਾਬਦੀਆਂ ਸਮੇਂ ਸ਼੍ਰੋ: ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਸਨ। ੧੯੭੫ ਈ: ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਦਾ ਆਯੋਜਨ ਰਾਮ ਲੀਲ੍ਹਾ ਗਰਾਊਂਡ ਦਿੱਲੀ ਵਿਖੇ ਕੀਤਾ ਗਿਆ। ਸ੍ਰੀ ਅੰਮ੍ਰਿਤਸਰ ਸਾਹਿਬ ਦਾ ੪੦੦ ਸਾਲਾ ਸਥਾਪਨਾ ਦਿਵਸ ੧੭-੧੮ ਅਕਤੂਬਰ, ੧੯੭੭ ਈ: ਨੂੰ ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ ਗਿਆ। ਇਸ ਮੌਕੇ ਉੱਤੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਦੀ ਸਥਾਪਨਾ ਕੀਤੀ ਗਈ। ੧੧-੫-੧੯੭੯ ਈ: ਨੂੰ ਸ੍ਰੀ ਗੁਰੂ ਅਮਰਦਾਸ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਮਨਾਇਆ ਗਿਆ ਸੀ। ਇਸ ਸਮੇਂ ਉਸ ਥਾਂ ਉੱਤੇ ਇੰਡਸਟਰੀਅਲ ਫੋਕਲ ਪੁਆਇੰਟ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ। ੨੬-

੧-੧੯੮੨ ਈ: ਨੂੰ ਪਹੁਵਿੰਡ ਸ੍ਰੀ ਅੰਮ੍ਰਿਤਸਰ ਵਿਖੇ ਬਾਬਾ ਦੀਪ ਸਿੰਘ ਜੀ ਦਾ ੩੦੦ ਸਾਲਾ ਜਨਮ ਦਿਹਾੜਾ ਮਨਾਇਆ ਗਿਆ। ਇਨ੍ਹਾਂ ਤਿੰਨਾਂ ਸ਼ਤਾਬਦੀਆਂ ਸਮੇਂ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਸਨ। ਖਾਲਸਾ ਪੰਥ ਦਾ ੩੦੦ ਸਾਲਾ ਸਾਜਨਾ ਦਿਵਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ੧੪-੪-੧੯੯੯ ਈ: ਨੂੰ ਮਨਾਇਆ ਗਿਆ। ਇਸ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਹੈਰੀਟੇਜ ਕੰਪਲੈਕਸ ਦੀ ਸਥਾਪਨਾ ਕੀਤੀ ਗਈ। ਇਸ ਸਮੇਂ ਪ੍ਰਧਾਨ ਬੀਬੀ ਜਗੀਰ ਕੌਰ ਸਨ। ਮਹਾਰਾਜਾ ਰਣਜੀਤ ਸਿੰਘ ਦੀ ੨੦੦ ਸਾਲਾ ਤਾਜਪੋਸ਼ੀ ਦੀ ਸ਼ਤਾਬਦੀ ੧੮ ਨਵੰਬਰ, ੨੦੦੧ ਈ: ਨੂੰ ਸ੍ਰੀ ਅੰਮ੍ਰਿਤਸਰ ਵਿਖੇ ਮਨਾਈ ਗਈ। ਇਸ ਸਮੇਂ ਪ੍ਰਧਾਨ ਜਥੇ: ਜਗਦੇਵ ਸਿੰਘ ਤਲਵੰਡੀ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ ੧੮-੪-੨੦੦੪ ਈ: ਨੂੰ ਸ੍ਰੀ ਖਡੂਰ ਸਾਹਿਬ ਵਿਖੇ ਮਨਾਇਆ ਗਿਆ। ਇਸ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਾਮ ਉੱਤੇ Veterinary (ਪਸ਼ੂ-ਚਿਕਿਤਸਾ) ਯੂਨੀਵਰਿਸਟੀ ਲੁਧਿਆਣਾ ਵਿਖੇ ਸਥਾਪਤ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਾ ੪੦੦ ਸਾਲਾ ਪੁਰਬ ੧-੯-੨੦੦੪ ਈ: ਨੂੰ ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ ਗਿਆ। ਇਸ ਸਮੇਂ ਪ੍ਰਧਾਨ ਜਥੇ: ਅਲਵਿੰਦਰਪਾਲ ਸਿੰਘ ਪੱਖੋਕੇ ਸਨ। ਸਾਹਿਬਜ਼ਾਦਿਆਂ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਸ੍ਰੀ ਚਮਕੌਰ ਸਾਹਿਬ ਅਤੇ ਗੁ: ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ੨੦ ਤੋਂ ੨੬-੧੨-੨੦੦੪ ਈ: ਤਕ ਮਨਾਈ ਗਈ। ਇਸ ਸਮੇਂ ਸ੍ਰੀ ਫਤਹਿਗੜ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਿਸਟੀ ਸਥਾਪਤ ਕੀਤੇ ਜਾਣ ਦਾ ਫੈਸਲਾ ਲਿਆ ਗਿਆ। ਚਾਲੀ ਮੁਕਤਿਆਂ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ੪-੫-੨੦੦੫ ਈ: ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਮਨਾਈ ਗਈ। ਚਾਲੀ ਮੁਕਤਿਆਂ ਦੀ ਯਾਦ ਵਿਚ ਮੀਨਾਰ-ਏ-ਖਾਲਸਾ. ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਦੋਵੇਂ ਸ਼ਤਾਬਦੀਆਂ ਸਮੇਂ ਪ੍ਰਧਾਨ ਬੀਬੀ ਜਗੀਰ ਕੌਰ ਸਨ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ੪੦੦ ਸਾਲਾ ਸ਼ਹੀਦੀ ਸ਼ਤਾਬਦੀ ੧੬-੬-੨੦੦੬ ਈ: ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨਤਾਰਨ ਸਾਹਿਬ ਵਿਖੇ ਮਨਾਈ ਗਈ। ਇਸ ਸਮੇਂ ਤਰਨਤਾਰਨ ਸਾਹਿਬ ਨੂੰ ਜ਼ਿਲ੍ਹੇ ਦਾ ਦਰਜਾ ਦਿੱਤਾ ਗਿਆ ਅਤੇ ਚਮੜੀ ਦੇ ਰੋਗਾਂ ਦੇ ਹਸਪਤਾਲ ਦਾ ਨੀਂਹ ਪੱਥਰ ਰੱਖਿਆ ਗਿਆ। ਸ੍ਰੀ ਅਕਾਲ ਤਖਤ ਸਾਹਿਬ ਦਾ ੪੦੦ ਸਾਲਾ ਸਥਾਪਨਾ ਦਿਵਸ ੨-੭-੨੦੦੬ ਈ: ਨੂੰ ਦੀਵਾਨ ਹਾਲ ਗੁ: ਸ੍ਰੀ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ੪੦੦ ਸਾਲਾ ਸੰਪੂਰਨਤਾ ਦਿਵਸ ੩੦-੮-੨੦੦੬ ਈ: ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮਨਾਇਆ ਗਿਆ। ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਜਨਮ ਅਸਥਾਨ ਕੱਥੂਨੰਗਲ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੨੧-੧੦-੨੦੦੬ ਈ: ਨੂੰ ਮਨਾਇਆ ਗਿਆ। ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ੧੯ ਅਤੇ ੨੦-੧੦-੨੦੦੮ ਈ: ਨੂੰ ਮਨਾਇਆ ਗਿਆ। ਇਨ੍ਹਾਂ ਸ਼ਤਾਬਦੀਆਂ ਸਮੇਂ ਪ੍ਰਧਾਨ ਜਥੇ: ਅਵਤਾਰ ਸਿੰਘ ਸਨ।

ਵੀਹਵੀਂ ਅਤੇ ਇੱਕੀਵੀਂ ਸਦੀ ਦੌਰਾਨ ਮਨਾਈਆਂ ਸ਼ਤਾਬਦੀਆਂ ਦਾ ਜਦੋਂ ਸਮੁੱਚਾ ਲੇਖਾ-ਜੋਖਾ ਕਰਦੇ ਹਾਂ ਤਾਂ ਜਿਹੜੇ ਨੁਕਤੇ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੇ ਹਨ, ਉਹ ਇਹ ਹਨ ਕਿ ਪੰਥ ਨਾਲ ਪੰਥ-ਦੋਖੀ ਸ਼ਕਤੀਆਂ ਵੀ ਹਰ ਤਰ੍ਹਾਂ ਨਾਲ ਪੰਥਕ ਸਫਾਂ ਤੋਂ ਬਾਹਰ ਅਤੇ ਪੰਥਕ ਸਫਾਂ ਅੰਦਰ ਪ੍ਰਵੇਸ਼ ਕਰ ਕੇ ਆਪਣੀ ਘਿਨਾਉਣੀ ਖੇਡ ਖੇਡਣੋਂ ਬਾਜ ਨਹੀਂ ਆਈਆਂ, ਜਿਸ ਨਾਲ ਨਿਸਚੇ ਹੀ ਪੰਥਕ ਸਫਾਂ ਵਿਚ ਆਪਸੀ ਨਰਾਜ਼ਗੀਆਂ ਵਧਦੀਆਂ ਰਹੀਆਂ ਹਨ ਅਤੇ ਲੁਕਵੇਂ ਅਤੇ ਕਦੇ-ਕਦੇ ਜ਼ਾਹਰਾ ਰੂਪ ਵਿਚ ਪੰਥਕ-ਸਿਧਾਂਤ, ਰਵਾਇਤਾਂ, ਪ੍ਰੰਪਰਾਵਾਂ ਆਦਿ ਬਾਰੇ ਵੀ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਅਤੇ ਇਨ੍ਹਾਂ ਹਰਕਤਾਂ ਦਾ ਅਸਰ ਅੱਜ ਵੀ ਵੇਖਣ ਨੂੰ ਮਿਲਦਾ ਹੈ। ਅਗਿਆਨਤਾ ਜਾਂ ਖੁਦਗਰਜ਼ੀ ਕਾਰਨ ਕਾਫੀ ਲੋਕ ਛੋਟੇ ਜਾਂ ਵੱਡੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਰੁਤਬਿਆਂ ਵਾਲੇ ਇਨ੍ਹਾਂ ਸਾਜ਼ਸਾਂ ਦਾ ਸ਼ਿਕਾਰ ਹੁੰਦੇ ਰਹੇ ਹਨ। ਕੌਮੀ ਜਿੰਦਗੀ ਦੀਆਂ ਲਹਿਰਾਂ ਵਿਚ ਅਜਿਹੇ ਅੜਿੱਕਾਕਾਰ ਅਤੇ ਰੋੜੇ ਆਉਂਦੇ ਹੀ ਰਹਿੰਦੇ ਹਨ, ਪ੍ਰੰਤੂ ਸ਼ਹੀਦਾਂ ਦੇ ਖੂਨ ਨਾਲ ਸਿੰਜੀ ਅਤੇ ਗੁਰੂ ਸਾਹਿਬਾਨ ਵੱਲੋਂ ਸਿਰਜੀ ਸਿੱਖ ਕੌਮ ਇਨ੍ਹਾਂ ਅੜਚਣਾਂ ਅਤੇ ਸਾਜ਼ਸਾਂ ਵਿੱਚੋਂ ਹਮੇਸ਼ਾਂ ਹੀ ਸੁਰਖੁਰੂ ਹੋ ਕੇ ਨਿਕਲਦੀ ਰਹੀ ਹੈ। ਇਹ ਫੁੱਲ ਨਾਲ ਕੰਡੇ ਨੁਮਾ ਹੀ ਹਨ। ਕੀਮਤ ਕੰਡਿਆਂ ਦੀ ਨਹੀਂ ਫੁੱਲਾਂ ਦੀ ਹੁੰਦੀ ਹੈ। ਇਸ ਦੇ ਨਾਲ ਹੀ ਇਨ੍ਹਾਂ ਸ਼ਤਾਬਦੀਆਂ ਦੇ ਮਨਾਉਣ ਦੇ ਲਾਭ ਵਧੇਰੇ ਹੋਏ ਹਨ। ਸਮੇਂ-ਸਮੇਂ ਤਕਰੀਬਨ ਸਾਰੀ ਕੌਮ ਨੂੰ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਇਕੱਠੇ ਹੋ ਕੇ ਇਨ੍ਹਾਂ ਵਿਚ ਸ਼ਮੂਲੀਅਤ ਕਰਨ ਦਾ ਮੌਕਾ ਮਿਲਿਆ ਹੈ। ਸਾਰੀ ਦੁਨੀਆਂ ਵਿਚ ਸਿੱਖ ਫਲਸਫੇ ਅਤੇ ਇਤਿਹਾਸ ਬਾਰੇ ਚਰਚੇ ਛਿੜੇ ਹਨ। ਸਿੱਖ ਕੌਮ ਦੀਆਂ ਅਨੇਕਾਂ ਹੀ ਸੰਸਥਾਵਾਂ, ਸੰਪਰਦਾਵਾਂ, ਜਥੇਬੰਦੀਆਂ ਇੱਕੋ ਪਲੇਟਫਾਰਮ ਉੱਤੇ ਇਕੱਠੀਆਂ ਹੋ ਕੇ ਕੌਮੀ ਸ਼ਕਤੀ ਦਾ ਅਦਭੁਤ ਨਜ਼ਾਰਾ ਪੇਸ਼ ਕਰਦੀਆਂ ਰਹੀਆਂ ਹਨ। ਨਗਰ ਕੀਰਤਨਾਂ, ਕੀਰਤਨ ਦਰਬਾਰਾਂ, ਸੈਮੀਨਾਰਾਂ, ਗੋਸਟੀਆਂ, ਢਾਡੀ ਅਤੇ ਕਵੀਸ਼ਰੀ ਦਰਬਾਰ, ਨਿਹੰਗ ਸਿੰਘਾਂ ਦੇ ਮਾਰਸ਼ਲ ਆਰਟ, ਖਾਲਸਾਈ ਖੇਡਾਂ ਅਤੇ ਵੱਡੇ ਪੱਧਰ ਉੱਤੇ ਅੰਮ੍ਰਿਤ ਸੰਚਾਰ ਆਦਿ ਰਾਹੀਂ ਸਿੱਖ ਕੌਮ ਵਿਚ ਨਵੀਂ ਸੁਜੱਗਤਾ, ਜੋਸ਼ ਅਤੇ ਜਜ਼ਬਾ ਪੈਦਾ ਹੁੰਦਾ ਰਿਹਾ ਹੈ। ਸਮੁੱਚੀ ਕੌਮ ਨੂੰ ਆਪਣਾ ਸ਼ਾਨਾਂਮੱਤਾ ਇਤਿਹਾਸ ਜਾਣਨ, ਮਾਣਨ ਅਤੇ ਪੁਨਰ ਜੀਵਤ ਹੋਣ ਦਾ ਮੌਕਾ ਮਿਲਿਆ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੁੰਦੀ ਰਹੀ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਗੌਰਵਮਈ, ਲਾਮਿਸਾਲ, ਲਾਸਾਨੀ ਅਤੇ ਅਦੁੱਤੀ ਸਿਧਾਂਤ, ਰਵਾਇਤਾਂ, ਪਰੰਪਰਾਵਾਂ ਅਤੇ ਇਤਿਹਾਸ ਨੂੰ ਜਾਣਨ ਅਤੇ ਸਮਝਣ ਦਾ ਮੌਕਾ ਮਿਲਿਆ, ਜਿਸ

ਦੁਆਰਾ ਬਹੁਤ ਸਾਰੇ ਲੋਕ ਪੰਥ ਤੋਂ ਉਨ੍ਹਾਂ ਦੀਆਂ ਪੈ ਰਹੀਆਂ ਦੂਰੀਆਂ ਨੂੰ ਮਿਟਾ ਕੇ ਮੁੱਖ ਪੰਥਕ ਧਾਰਾ ਦਾ ਹਿੱਸਾ ਬਣੇ।

ਇਸ ਤੋਂ ਇਲਾਵਾ ਜਿਸ ਤਰ੍ਹਾਂ ਉੱਪਰ ਲਿਖਿਆ ਗਿਆ ਹੈ ਕਿ ਅਨੇਕਾਂ ਹੀ ਸ਼ਾਨਦਾਰ ਵਿਕਾਸ ਦੇ ਇਤਿਹਾਸਿਕ ਕਾਰਜ ਕੀਤੇ ਗਏ, ਜਿਨ੍ਹਾਂ ਕਰਕੇ ਸਿੱਖ ਕੌਮ ਦੀ ਪ੍ਰਫੁਲਤਾ, ਵਿਕਾਸ ਅਤੇ ਖੁਸ਼ਹਾਲੀ ਵਿਚ ਚੰਗੇ ਨਤੀਜੇ ਨਿਕਲਣੇ ਸੁਭਾਵਿਕ ਹੀ ਹਨ।

ਦੁਨੀਆਂ ਦੀ ਸ਼ਾਇਦ ਹੀ ਕੋਈ ਕੌਮ ਅਜਿਹੀ ਹੋਵੇਗੀ ਜੋ ਆਪਣਾ ਜਨਮ ਦਿਨ ਮਨਾਉਂਦੀ ਹੋਵੇ ਅਤੇ ਆਪਣੇ ਧਾਰਮਿਕ ਗ੍ਰੰਥ ਸੰਬੰਧੀ ਵੱਖ-ਵੱਖ ਸ਼ਤਾਬਦੀਆਂ ਮਨਾਉਂਦੀ ਹੋਵੇ, ਆਪਣੇ ਪਵਿੱਤਰ ਸ਼ਹਿਰਾਂ ਦੀਆਂ ਸਥਾਪਨਾ ਸ਼ਤਾਬਦੀਆਂ ਮਨਾਉਂਦੀ ਹੋਵੇ, ਆਪਣੇ ਧਰਮ ਸੰਸਥਾਪਕਾਂ ਦੀਆਂ ਮਾਤ-ਲੋਕ ਤੇ ਆਉਣ ਅਤੇ ਇਥੋਂ ਸਦੀਵੀ ਤੌਰ 'ਤੇ ਰੁਖਸਤ ਹੋਣ, ਆਪਣੇ ਧਾਰਮਿਕ ਗ੍ਰੰਥ ਦੇ ਪ੍ਰਕਾਸ਼ ਅਤੇ ਸੰਪੂਰਨਤਾ ਅਤੇ ਗੁਰਤਾਗੱਦੀ ਦੀਆਂ ਸ਼ਤਾਬਦੀਆਂ ਅਤੇ ਸ਼ਹੀਦੀ ਸ਼ਤਾਬਦੀਆਂ ਮਨਾਉਂਦੀ ਹੋਵੇ। ਇਹ ਕੇਵਲ ਅਤੇ ਕੇਵਲ ਸਿੱਖ ਕੌਮ ਨੂੰ ਹੀ ਮਾਨ ਪ੍ਰਾਪਤ ਹੈ। ਇਹੋ ਕਾਰਨ ਹੈ ਕਿ ਸਿੱਖ ਕੌਮ ਅੱਜ ਵੀ ਆਪਣੀ ਸਰਬਪੱਖੀ ਕੌਮੀ ਵਿਰਾਸਤ ਦੇ ਬਲਬੂਤੇ ਉੱਤੇ ਹਰ ਖੇਤਰ ਵਿਚ ਨਾਮਣਾ ਖੱਟ ਰਹੀ ਹੈ। ਸਾਰੀਆਂ ਵਿਰੋਧਤਾਵਾਂ, ਚੁਣੌਤੀਆਂ, ਸਾਜ਼ਸਾਂ, ਮਾਰੂ ਹਮਲਿਆਂ, ਦੁਸ਼ਵਾਰੀਆਂ, ਮੌਕਾਪ੍ਰਸਤ ਅਤੇ ਖੁਦਗਰਜ਼ ਘੁਸਪੈਠੀਆਂ ਦੀਆਂ ਸ਼ਰਾਰਤਾਂ ਦੇ ਬਾਵਜੂਦ ਖਾਲਸਾ ਪੰਥ ਆਪਣੀ ਨਿਆਰੀ ਹੋਂਦ-ਹਸਤੀ ਕਾਇਮ ਰੱਖਣ ਵਿਚ ਸਫਲ ਹੈ। ਇਸ ਕੌਮ ਨੂੰ ਸਫੇ-ਹਸਤੀ ਤੋਂ ਮਿਟਾਉਣ ਵਾਲੇ ਅਨੇਕਾਂ ਹੀ ਜਾਬਰ, ਜ਼ਾਲਮ ਅਤੇ ਦਰਿੰਦੇ ਮਿੱਟੀ ਵਿਚ ਮਿਲ ਗਏ। ਭਵਿੱਖ ਵਿਚ ਵੀ ਅਜਿਹਾ ਹੀ ਹੋਵੇਗਾ, ਇਹ ਕੌਮੀ ਸੋਮਾ ਸੁੱਕਣ ਵਾਲਾ ਨਹੀਂ, ਸਗੋਂ ਨਿਰੰਤਰ ਸਦੀਵਕਾਲ ਲਈ ਵਹਿੰਦਾ ਰਹੇਗਾ। ਜਗਤ-ਜਲੰਦੇ ਨੂੰ ਠਾਰਦਾ ਅਤੇ ਤਾਰਦਾ ਰਹੇਗਾ। ਲੋੜਵੰਦਾਂ ਦੀ ਸਹਾਇਤਾ ਕਰਦਾ ਰਹੇਗਾ। ਆਪਣੇ ਹੀ ਧਰਮ ਦਾ ਨਹੀਂ, ਸਗੋਂ ਜਿਸ ਵੀ ਧਰਮ ਉੱਤੇ ਹਮਲਾ ਹੋਵੇਗਾ, ਉਸ ਦੀ ਰਾਖੀ ਦਾ ਜ਼ਾਮਨ ਬਣਿਆ ਰਹੇਗਾ। ਅੱਜ ਲੋੜ ਹੈ ਕਿ ਸਮੁੱਚਾ ਖਾਲਸਾ ਪੰਥ ਗੁਰੂ ਸਾਹਿਬ ਵੱਲੋਂ ਬਖਸ਼ੀ ਜੁਗਤ ਅਨੁਸਾਰ ਸਮੁੱਚੇ ਪਿਛੋਕੜ ਦਾ ਹਰ ਪੱਖੋਂ ਮੁਲਾਂਕਣ ਕਰਦਿਆਂ ਭਵਿੱਖ ਦੇ ਕੌਮੀ ਪ੍ਰੋਗਰਾਮ ਉਲੀਕੇ ਤਾਂ ਜੋ ਪੰਥਕ ਪਰਚਮ ਉੱਚਾ ਝੂਲਦਿਆਂ ਹੋਇਆਂ (ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ) ਦੇਸ਼ ਅਤੇ ਕੌਮ ਦੀ ਸੁਰੱਖਿਆ, ਵਿਕਾਸ ਅਤੇ ਖੁਸ਼ਹਾਲੀ ਦਾ ਜ਼ਾਮਨ ਬਣਿਆ ਰਹੇ। ਸਾਰੇ ਸੰਸਾਰ ਦਾ ਇਕ ਨਰੋਆ ਅੰਗ ਬਣਿਆ ਰਹਿੰਦਿਆਂ ਹੋਇਆਂ, ਆਪਣੇ ਦੇਸ਼ ਦੀ ਖੜਗ ਭੁਜਾ ਅਤੇ ਅਨਾਜ ਦਾ ਭੰਡਾਰ ਬਣਿਆ ਰਹੇ ਅਤੇ ਆਪਣਾ ਨਿਆਰਾ ਸਰੂਪ, ਸਿਧਾਂਤ, ਸਭਿਆਚਾਰ ਅਤੇ ਵਿਰਾਸਤ ਕਾਇਮ ਰੱਖੇ। ਇਹੋ ਹੀ ਦੇਸ਼ ਅਤੇ ਦੁਨੀਆਂ ਦੇ ਵਡੇਰੇ ਹਿੱਤ ਵਿਚ ਹੈ। ਸ਼ਾਇਦ ਇਸ ਕਰਕੇ ਹੀ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿਚ ਇਹ ਨਾਅਰਾ ''ਪੰਥ ਅਜ਼ਾਦ - ਦੇਸ਼ ਅਜ਼ਾਦ'' ਵੀ ਬੁਲੰਦ ਹੋਇਆ ਅਤੇ ਪੰਥ

ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ੮੦% ਸ਼ਹੀਦੀਆਂ ਅਤੇ ਕੁਰਬਾਨੀਆਂ ਦੇਕੇ ਦੇਸ਼ ਦੀ ਅਜ਼ਾਦੀ ਨੂੰ ਯਕੀਨੀ ਬਣਾਇਆ। ਭਾਵੇਂ ਸਿੱਖ ਕੌਮ ਅਤੇ ਦੇਸ਼ ਪੰਜਾਬ ਨੂੰ ਬਹੁਤ ਭਾਰੀ ਕੀਮਤ ਸਰਦਾਰਾਂ ਤੋਂ ਰਿਫਊਜੀ ਬਣ ਕੇ, ਵੱਡੇ ਪੱਧਰ ਉੱਤੇ ਕਤਲਾਮ ਦਾ ਸ਼ਿਕਾਰ ਹੋ ਕੇ ਅਤੇ ਦੇਸ਼ ਪੰਜਾਬ ਦੀ ਵੰਡ ਕਰਵਾ ਕੇ ਚੁਕਾਉਣੀ ਪਈ। ਜਦੋਂ ਇਹ ਕੁਰਬਾਨੀਆਂ ਉਪਰੰਤ ਪ੍ਰਾਪਤ ਕੀਤੀ ਅਜ਼ਾਦੀ ੧੯੭੫ ਈ: ਵਿਚ ਤੱਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਦਾਲਤ ਵੱਲੋਂ ਉਸਦੀ ਚੋਣ ਨੂੰ ਰੱਦ ਕਰਨ ਦੇ ਫੈਸਲੇ ਤੋਂ ਮੁਨਕਰ ਹੋ ਕੇ ਦੇਸ਼ ਵਿਚ ਐਮਰਜੈਂਸੀ ਲਾ ਕੇ ਜ਼ਮਹੂਰੀਅਤ ਸਮਾਪਤ ਕਰ ਦਿੱਤੀ ਅਤੇ ਸਾਰੀਆਂ ਸ਼ਹਿਰੀ ਅਜ਼ਾਦੀਆਂ ਖਤਮ ਕਰ ਦਿਤੀਆਂ ਤਾਂ ਵੀ ਭਾਵੇਂ ਸਾਰਾ ਦੇਸ਼ ਸੁਸਰੀ ਵਾਂਗ ਡਰਦਾ ਮਾਰਿਆ ਸੌਂ ਗਿਆ ਸੀ, ਪ੍ਰੰਤੂ ਖਾਲਸਾ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਨੂੰਨੀ ਦੂਸ਼ਣਬਾਜੀਆਂ ਅਤੇ ਅੜਚਨਾਂ ਦੇ ਬਾਵਜੂਦ ਭਰਪੂਰ ਯੋਗਦਾਨ ਪਾਇਆ, ਜਿਸ ਦੇ ਨਤੀਜੇ ਵਜੋਂ ਕੇਂਦਰੀ ਸਰਕਾਰ ਵੱਲੋਂ ਸਿੱਖਾਂ ਦੀ ਇਸ ਪ੍ਰਮੁੱਖ ਧਾਰਮਿਕ ਸੰਸਥਾ ਨੂੰ ਸਮਾਪਤ ਕਰਨ ਲਈ ਵੀ ਅਸਫਲ ਯਤਨ ਕੀਤੇ ਗਏ।

ਭਾਰੀ ਕੁਰਬਾਨੀਆਂ ਉਪਰੰਤ ਕੇਂਦਰ ਸਰਕਾਰ ਖਾਲਸਾ ਪੰਥ ਅੱਗੇ ਉਸੇ ਤਰ੍ਹਾਂ ਝੁਕੀ ਜਿਸ ਤਰ੍ਹਾਂ ਅੰਗਰੇਜ਼ ਸਰਕਾਰ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਸਾਹਮਣੇ ਝੁਕੀ ਸੀ ਉਸ ਹੈਂਕੜਬਾਜ਼ ਪ੍ਰਧਾਨ ਮੰਤਰੀ ਨੂੰ ੧੭ ਜਨਵਰੀ, ੧੯੭੭ ਈ: ਨੂੰ ਆਪਣੇ ਮਾਰੂ ਸ਼ਾਹੀ ਫਰਮਾਨ ਵਾਪਸ ਲੈਣੇ ਪਏ ਅਤੇ ਦੇਸ਼ ਨੂੰ ਮੁੜ ਜਮਹੂਰੀਅਤ ਪ੍ਰਾਪਤ ਹੋਈ। ਸਾਰੀ ਦੁਨੀਆਂ ਨੇ ਖਾਲਸਾ ਪੰਥ ਦੇ ਲਾਸਾਨੀ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਹੁਣ ਸਾਲ ੨੦੧੦ ਈ: ਦੇ ਮਈ ਮਹੀਨੇ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਅੱਤ ਦੇ ਤਸੀਹੇ ਦੇ ਕੇ ਸ਼ਹੀਦ ਕਰਨ ਵਾਲੇ ਜ਼ਾਲਮ ਹਾਕਮ ਸੂਬਾ ਸਰਹਿੰਦ ਨੂੰ ਮਾਰ ਕੇ ਸਰਹਿੰਦ ਵਿਖੇ ਖਾਲਸਾ ਰਾਜ ਦਾ ਪਰਚਮ ਝੁਲਾਉਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਫਤਹਿ ਕੀਤੇ ਸਰਹਿੰਦ ਦੀ ਤੀਜੀ ਸ਼ਤਾਬਦੀ ਬੜੇ ਜਾਹੋ-ਜਲਾਲ ਨਾਲ ਮਨਾਈ ਜਾਣੀ ਹੈ।

ਆਓ! ਖਾਲਸਾ ਪੰਥ ਦੇ ਮਹਾਨ ਪਰਉਪਕਾਰੀ ਸਿਧਾਂਤ, ਕੁਰਬਾਨੀਆਂ ਵਾਲੇ ਇਤਿਹਾਸ ਅਤੇ ਸ਼ਾਨਾਂਮੱਤੇ ਵਿਰਸੇ ਨੂੰ ਹੋਰ ਮਜਬੂਤ ਕਰੀਏ। ਇਸ ਰੋਸ਼ਨੀ ਨੂੰ ਦੇਸ਼-ਦੁਨੀਆਂ ਵਿਚ ਪਸਾਰੀਏ। ਆਪਣੇ ਧਰਮ ਵਿਚ ਪਰਪੱਕ ਰਹਿੰਦਿਆਂ ਹੋਇਆਂ ਦੂਜਿਆਂ ਧਰਮਾਂ ਦਾ ਸਤਿਕਾਰ ਕਰੀਏ। ਕੌਮੀ ਹਿੱਤਾਂ ਵਿਚ ਆਪਣਾ ਢੁਕਵਾਂ ਯੋਗਦਾਨ ਪਾਉਂਦਿਆਂ ਗੁਰੂ ਪਿਤਾ ਦੇ ਸੱਚੇ ਸਪੂਤ ਬਣੀਏ ਅਤੇ ਸਤਿਗੁਰਾਂ ਦਾ ਫੁਰਮਾਨ ਅਮਲੀ ਰੂਪ ਵਿਚ ਪੇਸ਼ ਕਰੀਏ:

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥ *(ਪੰਨਾ ੯੫੧)* ■

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ : ੮

ਸ. ਪ੍ਰਤਾਪ ਸਿੰਘ ਜੀ ਸ਼ੰਕਰ

*–ਸ. ਰੂਪ ਸਿੰਘ**

ਭਾਰਤ ਸਰਕਾਰ ਦੇ ਸਾਬਕਾ ਵਿਦੇਸ਼ ਮੰਤਰੀ ਸ. ਸਵਰਨ ਸਿੰਘ ਜੀ ਦੇ ਸਤਿਕਾਰਤ ਪਿਤਾ ਸ. ਪ੍ਰਤਾਪ ਸਿੰਘ ਜੀ ਸ਼ੰਕਰ ਵਿੱਦਿਆ–ਪ੍ਰੇਮੀ, ਨਿਸ਼ਕਾਮ ਪੰਥ–ਸੇਵਕ, ਸੀਤਲ ਸੁਭਾਅ ਦੇ ਮਾਲਕ, ਅਨੁਸ਼ਾਸ਼ਨ–ਪਸੰਦ, ਸਫਲ ਪ੍ਰਬੰਧਕ ਸਨ। ਆਪ ਜੀ ਦਾ ਜਨਮ ਸ. ਗੰਡਾ ਸਿੰਘ ਜੀ ਦੇ ਘਰ ਪਿੰਡ ਸ਼ੰਕਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਇਨ੍ਹਾਂ ਦੇ ਦੋ ਭਰਾ ਸ. ਹਰਨਾਮ ਸਿੰਘ ਤੇ ਸ. ਰੂਪ ਸਿੰਘ ਸਨ। ਦਸਵੀਂ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਇਹ ਦੇਸ਼–ਸੇਵਾ ਵਾਸਤੇ ਸੈਨਾ 'ਚ ਭਰਤੀ ਹੋ ਗਏ। ਪਹਿਲਾਂ – ਪਹਿਲ ਇਨ੍ਹਾਂ ਬਰਮਾ 'ਚ ਫੌਜੀ ਸੇਵਾ ਕੀਤੀ ਤੇ ਫਿਰ ਲੈਂਸਰਜ਼ ਆਰਮੀ ਕੌਰ 'ਚ ਸੇਵਾ ਕੀਤੀ।ਇਨ੍ਹਾਂ ਦਾ ਵਿਆਹ ਬੀਬੀ ਬਸੰਤ ਕੌਰ ਨਾਲ ਪੁਆਦੜੀ ਪਿੰਡ 'ਚ ਹੋਇਆ। ਇਨ੍ਹਾਂ ਦੇ ਤਿੰਨ ਬੱਚੇ ਬੀਬੀ ਕਰਤਾਰ ਕੌਰ, ਸ. ਨਰਿੰਦਰ ਸਿੰਘ ਅਤੇ ਸ. ਸਵਰਨ ਸਿੰਘ ਸਨ। ਸੰਨ ੧੯੨੧ ਈ: 'ਚ ਬਤੌਰ ਜਮਾਂਦਾਰ ਖੁਦ ਸੇਵਾ–ਮੁਕਤੀ ਪ੍ਰਾਪਤ ਕੀਤੀ ਤਾਂ ਕਿ ਆਪਣੇ ਪਰਵਾਰ ਦੀ ਪਾਲਣਾ ਤੇ ਵਿੱਦਿਆ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕਰ ਸਕਣ। ਆਪ ਜੀ ਦੇ ਸੇਵਾ–ਮੁਕਤੀ ਲੈਣ ਸਮੇਂ ਪੰਜਾਬ 'ਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਪੂਰੇ ਜ਼ੋਬਨ 'ਤੇ ਚਲ ਰਹੀ ਸੀ। ਫੌਜੀ ਸੇਵਾ ਛੱਡ ਕੇ ਅਕਾਲ ਦੇ ਪੁਜਾਰੀ ਅਕਾਲੀ ਦਲ, 'ਚ ਨਿਸ਼ਕਾਮ ਸੇਵਕ ਭਰਤੀ ਹੋ ਗਏ। ਅਕਾਲੀ ਦਲ ਵੱਲੋਂ ਹੀ ਸ. ਪ੍ਰਤਾਪ ਸਿੰਘ ਸ਼ੰਕਰ ਪਹਿਲੀ ਵਾਰ ੧੯੨੪ ਈ: 'ਚ ਐਮ. ਐਲ. ਸੀ. ਬਣੇ।

ਦੂਸਰੀ ਵਾਰ ਆਪ ਸੰਨ ੧੯੨੭ ਈ: 'ਚ ਐਮ. ਐਲ. ਸੀ. ਚੁਣੇ ਗਏ ਪਰ ਸੰਨ ੧੯੨੭ ਈ: 'ਚ ਹੀ ਅਕਾਲੀ ਦਲ ਦਾ ਹੁਕਮ ਮੰਨ ਕੇ ਪਾਰਟੀ ਦੇ ਸਾਰੇ ਮੈਂਬਰਾਂ ਨੇ ਅਸਤੀਫੇ ਦੇ ਦਿੱਤੇ। ਆਪਣੇ ਸਮੇਂ ਦੇ ਸਮਾਜ–ਸੁਧਾਰਕ ਤੇ ਵਿੱਦਿਆ–ਪ੍ਰੇਮੀ ਹੋਣ ਕਾਰਨ ਇਨ੍ਹਾਂ ਦਾ ਬਹੁਤ ਆਦਰ–ਮਾਣ ਸੀ। ਸਰਦਾਰ ਬਹਾਦਰ ਸ. ਨਰਿੰਦਰ ਸਿੰਘ ਜੀ ਨਾਲ ਮਿਲ ਕੇ ਇਨ੍ਹਾਂ ਪਿੰਡ ਵਿਚ ਪਹਿਲਾ ਸਕੂਲ ਅਰੰਭ ਕੀਤਾ।

੨੬ ਅਪ੍ਰੈਲ, ੧੯੩੦ ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਨਵੀਂ ਚੋਣ ਉਪਰੰਤ ਜਨਰਲ ਇਕੱਤਰਤਾ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ੧੪ ਮੈਂਬਰ ਵੋਟਾਂ ਰਾਹੀਂ ਨਾਮਜ਼ਦ ਕੀਤੇ ਗਏ ਜਿਨ੍ਹਾਂ ਵਿਚ ਸ. ਪ੍ਰਤਾਪ ਸਿੰਘ ਸ਼ੰਕਰ ਦਾ ਨਾਂ ਵੀ ਸ਼ਾਮਲ ਸੀ। ਇਸ ਤਰ੍ਹਾਂ ਸ. ਪ੍ਰਤਾਪ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣ ਗਏ। ੯ ਜੂਨ, ੧੯੩੦ ਈ: ਨੂੰ ਅਹੁਦੇਦਾਰਾਂ ਦੀ ਚੋਣ ਸਮੇਂ, ਸ. ਪ੍ਰਤਾਪ ਸਿੰਘ ਅੰਤ੍ਰਿੰਗ ਕਮੇਟੀ ਦੇ ਮੈਂਬਰ

* *ਐਡੀ: ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੬-੩੭੯੭*

ਚੁਣੇ ਗਏ।

੨੭ ਅਪ੍ਰੈਲ, ੧੯੩੩ ਈ: ਨੂੰ ਬਾਬਾ ਖੜਕ ਸਿੰਘ ਜੀ ਨੇ ਕੁਝ ਕਾਰਨਾਂ ਕਰਕੇ ਪ੍ਰਧਾਨਗੀ ਪਦ ਤੋਂ ਅਸਤੀਫਾ ਦੇ ਦਿੱਤਾ। ਕਾਫੀ ਬਹਿਸ-ਮੁਬਾਹਿਸੇ ਤੋਂ ਬਾਅਦ ਪ੍ਰਵਾਨ ਹੋਣ 'ਤੇ ਉਨ੍ਹਾਂ ਦੀ ਥਾਂ ਸ. ਪ੍ਰਤਾਪ ਸਿੰਘ ਜੀ ਪ੍ਰਧਾਨ ਚੁਣੇ ਗਏ।

੧੭ ਜੂਨ, ੧੯੩੩ ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਸਮੇਂ ਸ. ਗੋਪਾਲ ਸਿੰਘ ਕੌਮੀ ਪ੍ਰਧਾਨ ਚੁਣੇ ਗਏ। ੧੮ ਜੂਨ, ੧੯੩੩ ਈ: ਨੂੰ ਸ. ਗੋਪਾਲ ਸਿੰਘ ਕੌਮੀ ਦੀ ਪ੍ਰਧਾਨਗੀ ਹੇਠ ਦੋਬਾਰਾ ਮੀਟਿੰਗ ਹੋਈ ਜਿਸ ਵਿਚ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਕੌਮੀ ਜੀ ਦੀ ਥਾਂ ਸ. ਪ੍ਰਤਾਪ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੇ ਗਏ। ਜਨਰਲ ਇਕੱਤਰਤਾ ਦੀ ਬਾਕੀ ਕਾਰਵਾਈ ਸ. ਪ੍ਰਤਾਪ ਸਿੰਘ ਜੀ ਨੇ ਚਲਾਈ। ਇਸ ਸਮੇਂ ਮਤਾ ਕੀਤਾ ਗਿਆ ਕਿ ਅਜਿਹਾ ਕੋਈ ਵੀ ਸੰਵਿਧਾਨ ਜਿਹੜਾ ਫਿਰਕੇਦਾਰੀ ਪੁਰ ਅਧਾਰਿਤ ਹੋਵੇ, ਸਿੱਖ ਕੌਮ ਪ੍ਰਵਾਨ ਨਹੀਂ ਕਰੇਗੀ ਅਤੇ ਪੰਥ ਅਜਿਹੀ ਰਾਜ-ਬਣਤਰ ਅੱਗੇ ਜੋ ਫਿਰਕੇਦਾਰੀ ਦੀ ਬਿਨਾ ਪੁਰ ਹੋਵੇ ਸਿਰ ਨਹੀਂ ਝੁਕਾਵੇਗਾ। ਦੂਸਰੇ ਮਹੱਤਵਪੂਰਨ ਮਤੇ ਵਿਚ ਕੂਕਿਆਂ ਵੱਲੋਂ ਛਾਪੇ ਇਕ ਟਰੈਕਟ ਨੂੰ ਜ਼ਬਤ ਕਰਨ ਦਾ ਫ਼ੈਸਲਾ ਹੋਇਆ।

ਸ. ਪ੍ਰਤਾਪ ਸਿੰਘ ਦੀ ਪ੍ਰਧਾਨਗੀ ਹੇਠ ਦੂਸਰਾ ਜਨਰਲ ਸਮਾਗਮ ੨੯ ਅਕਤੂਬਰ, ੧੯੩੩ ਈ: ਨੂੰ ਹੋਇਆ ਜਿਸ ਵਿਚ ੧੧੮ ਮੈਂਬਰ ਹਾਜ਼ਰ ਸਨ। ਉੱਤਰ ਪ੍ਰਦੇਸ਼ ਵਿਚ ਸਿੱਖੀ ਪ੍ਰਚਾਰ ਕਰਨ ਬਾਰੇ ਵਿਚਾਰਾਂ ਹੋਈਆਂ ਅਤੇ ਕਸ਼ਮੀਰ 'ਚ ਹੋਏ ਫਸਾਦਾਂ ਦੀ ਵਿਰੋਧਤਾ ਵੀ ਕੀਤੀ ਗਈ। ਇਸ ਦਿਨ ਹੀ ਅੰਤ੍ਰਿੰਗ ਕਮੇਟੀ ਦੀ ਚੋਣ ਕੀਤੀ ਗਈ ਤੇ ਸ. ਗੋਪਾਲ ਸਿੰਘ ਕੌਮੀ ਨੂੰ ਅੰ: ਕਮੇਟੀ ਮੈਂਬਰ ਚੁਣਿਆ ਗਿਆ। ਇਸ ਮੀਟਿੰਗ ਸਮੇਂ ਹੀ ਜ਼ਿਲ੍ਹੇਵਾਰ ਕਮੇਟੀਆਂ ਤੇ ਗੁਰਦੁਆਰਾ ਪੜਤਾਲੀਆ ਕਮਿਸ਼ਨ ਬਣਾਉਣ ਦਾ ਫ਼ੈਸਲਾ ਹੋਇਆ।

ਸ. ਪ੍ਰਤਾਪ ਸਿੰਘ ਸ਼ੰਕਰ ਦੀ ਪ੍ਰਧਾਨਗੀ ਹੇਠ ਹੀ ਸਿੱਖ ਰਹਿਤ ਮਰਯਾਦਾ ਨਿਰਧਾਰਤ ਕਰਨ ਲਈ ਉਚੇਚਾ ਜਨਰਲ ਸਮਾਗਮ ੩੦ ਦਸੰਬਰ, ੧੯੩੩ ਈ: ਨੂੰ ਹੋਇਆ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ੯੧ ਮੈਂਬਰਾਂ ਤੋਂ ਇਲਾਵਾ ਵੱਖ-ਵੱਖ ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ, ਅਕਾਲੀ ਜਥਿਆਂ, ਪ੍ਰਚਾਰਕਾਂ, ਅਖਬਾਰਾਂ ਦੇ ਸੰਪਾਦਕ, ਸਿੱਖ ਰਹੁ-ਰੀਤ ਕਮੇਟੀ ਦੇ ਮੈਂਬਰ ਮਿਲਾ ਕੇ ੧੭੦ ਮੈਂਬਰ ਹਾਜ਼ਰ ਹੋਏ। ਇਸ ਵਿਚ ਸਿੱਖ ਰਹਿਤ ਮਰਯਾਦਾ ਦਾ ਖਰੜਾ ਪ੍ਰੋ: ਤੇਜਾ ਸਿੰਘ ਕਨਵੀਨਰ ਨੇ ਪੇਸ਼ ਕੀਤਾ, ਜਿਸ 'ਤੇ ਦੋ ਦਿਨ ਵਿਚਾਰ-ਚਰਚਾ ਹੁੰਦੀ ਰਹੀ।

ਇਨ੍ਹਾਂ ਦੀ ਪ੍ਰਧਾਨਗੀ ਸਮੇਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਭੂਮਿਕਾ ਵੀ ਪ੍ਰਸੰਸਾਯੋਗ ਰਹੀ। ਸ. ਪ੍ਰਤਾਪ ਸਿੰਘ ੧੮ ਜੂਨ, ੧੯੩੩ ਈ: ਤੋਂ ਨਿਰੰਤਰ ੧੩ ਜੂਨ, ੧੯੩੬ ਈ: ਤੀਕ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਤਿਕਾਰਤ ਅਹੁਦੇ 'ਤੇ ਬਿਰਾਜਮਾਨ ਰਹੇ। ੧੩ ਜੂਨ, ੧੯੩੬ ਈ: ਤੋਂ ੯ ਮਾਰਚ,੧੯੪੬ ਈ:

ਤੀਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਵਜੋਂ ਸੇਵਾ ਨਿਭਾਈ। ੯ ਮਾਰਚ, ੧੯੪੬ ਈ: ਨੂੰ ਸ. ਮੋਹਨ ਸਿੰਘ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ ਸਮੇਂ ਸ. ਪ੍ਰਤਾਪ ਸਿੰਘ ਜੀ ਨੇ ਮੀਤ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਤੇ ਇਨ੍ਹਾਂ ਦੀ ਥਾਂ ਪਿੰਡ ਕੁਕੜ ਦੇ ਸ. ਬਸੰਤ ਸਿੰਘ ਮੀਤ ਪ੍ਰਧਾਨ ਚੁਣੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸ. ਪ੍ਰਤਾਪ ਸਿੰਘ ਸ਼ੰਕਰ ਦੀ ਪ੍ਰਧਾਨਗੀ ਤੇ ਮੀਤ ਪ੍ਰਧਾਨਗੀ ਸਮੇਂ ਬਹੁਤ ਮਹੱਤਵਪੂਰਨ ਫ਼ੈਸਲੇ ਤੇ ਕਾਰਜ ਹੋਏ, ਉੱਤਰ ਪ੍ਰਦੇਸ਼ 'ਚ ਸਿੱਖ ਧਰਮ ਦਾ ਪ੍ਰਚਾਰ, ਪ੍ਰਸਾਰ, ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਕਰਨ ਲਈ ਵਿਸ਼ੇਸ਼ ਜਨਰਲ ਇਜਲਾਸ, ਕੋਈ ਵਿਅਕਤੀ ਵਿਸ਼ੇਸ਼ ਪੰਥ 'ਚ ਤਾਨਾਸ਼ਾਹ ਨਹੀਂ ਹੋ ਸਕਦਾ, ਵਿੱਦਿਆਰਥੀਆਂ ਨੂੰ ਵਜ਼ੀਫੇ ਦੇਣ ਸੰਬੰਧੀ, ਸਰਕਾਰ ਬੰਬਈ ਉਤੇ ਕਿਰਪਾਨ ਦੀ ਪਾਬੰਦੀ ਬਾਰੇ ਰੋਸ, ਸ. ਸੇਵਾ ਸਿੰਘ ਠੀਕਰੀਵਾਲੇ ਦੇ ਅਕਾਲ ਚਲਾਣੇ 'ਤੇ ਅਫ਼ਸੋਸ, ਮਾਸਟਰ ਤਾਰਾ ਸਿੰਘ ਦੀ ਸਿਆਸਤ ਤੋਂ ਧਾਰੇ ਇਕਾਂਤਵਾਸ ਤੋਂ ਵਾਪਸੀ 'ਤੇ ਸਵਾਗਤੀ ਮਤਾ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨੂੰ ਬਿਨੈ, ਪ੍ਰਧਾਨ ਸਾਹਿਬ ਨੂੰ ਪੂਰੇ ਅਧਿਕਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੰਘ ਸਭਾ ਅਫ਼ਰੀਕਾ ਦੀ ਜਾਇਦਾਦ, ਸ. ਤੇਜਾ ਸਿੰਘ ਸਮੁੰਦਰੀ ਦੀ ਯਾਦ 'ਚ ਸਮੁੰਦਰੀ ਹਾਲ ਬਣਾਉਣ, ਗੁਰਬਾਣੀ ਦੀ ਸ਼ੁੱਧ ਛਪਾਈ, ਧਰਮ ਪ੍ਰਚਾਰਕ ਰੱਖਣ, ਨਵੇਂ ਸਕੂਲ, ਕਾਲਜ ਖੋਲ੍ਹਣ, ਸਿੱਖ ਰਾਜਾ ਪਤਿਤ ਨਹੀਂ ਹੋ ਸਕਦਾ, ਆਰਥਿਕ ਭਾਈਚਾਰਕ ਤੇ ਵਿੱਦਿਅਕ ਉਨਤੀ ਬਾਰੇ ਅਤੇ ਭਾਈ ਰਣਧੀਰ ਸਿੰਘ ਬਾਰੇ ਮਤਾ ਕੀਤਾ ਗਿਆ। ਮਾਸਟਰ ਤਾਰਾ ਸਿੰਘ ਜੀ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਗਈ ਆਦਿ ਸਿਧਾਂਤਕ, ਇਤਿਹਾਸਿਕ ਮਹੱਤਤਾ, ਮਰਯਾਦਾ ਤੇ ਪਰੰਪਰਾ ਨਾਲ ਸੰਬੰਧਿਤ ਫ਼ੈਸਲੇ ਹੋਏ।

੨੯ ਅਕਤੂਬਰ, ੧੯੩੯ ਈ: ਨੂੰ ਜਨਰਲ ਇਕੱਤਰਤਾ ਸਮੇਂ ਸ. ਪ੍ਰਤਾਪ ਸਿੰਘ ਜੀ ਸ਼ੰਕਰ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ। ੫ ਮਾਰਚ, ੧੯੪੪ ਈ: ਨੂੰ ਹੋਈ ਜਨਰਲ ਇਕੱਤਰਤਾ ਦੀ ਪ੍ਰਧਾਨਗੀ ਸ. ਪ੍ਰਤਾਪ ਸਿੰਘ ਸ਼ੰਕਰ ਨੇ ਕੀਤੀ। ਸ਼੍ਰੋਮਣੀ ਕਮੇਟੀ ਦੇ ਅਪ੍ਰੈਲ, ੧੯੪੪ ਈ: ਨੂੰ ਹੋਏ ਜਨਰਲ ਅਜਲਾਸ ਦੀ ਪ੍ਰਧਾਨਗੀ ਇਨ੍ਹਾਂ ਬਤੌਰ ਮੀਤ ਪ੍ਰਧਾਨ ਕੀਤੀ ਜਿਸ ਵਿਚ ਮਾਸਟਰ ਤਾਰਾ ਸਿੰਘ ਜੀ ਨੂੰ ਮੁੜ ਪੰਥਕ ਸੇਵਾ ਸੰਭਾਲਣ ਦੀ ਪ੍ਰੇਰਨਾ ਦਾ ਮਤਾ ਕੀਤਾ ਗਿਆ।

ਕਿਹਾ ਜਾਦਾ ਹੈ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਦੀ ਸੇਵਾ ਸਮੇਂ ਸ੍ਰ. ਪ੍ਰਤਾਪ ਸਿੰਘ ਜੀ ਸ਼ੰਕਰ ਆਪਣਾ ਪਰਸ਼ਾਦਾ ਵੀ ਘਰੋਂ ਤਿਆਰ ਕਰ ਕੇ ਲਿਆਉਂਦੇ ਸਨ। ਸ. ਸਵਰਨ ਸਿੰਘ ਜੀ ਦੀਆਂ ਚਾਰ ਬੇਟੀਆਂ ਹੀ ਸਨ ਜਿਨ੍ਹਾਂ 'ਚੋਂ ਡਾ. ਪਰਮਜੀਤ ਕੌਰ ਗੁੜਗਾਉਂ ਵਿਖੇ ਸੇਵਾ ਕਰ ਰਹੇ ਹਨ। ਸਰਦਾਰ ਸਹਿਬ ਦੀ ਯਾਦ 'ਚ ਸ਼ੰਕਰ ਪਿੰਡ 'ਚ ਹਸਪਤਾਲ ਚਲ ਰਿਹਾ ਹੈ। ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ 'ਚ ਇਨ੍ਹਾਂ ਦੀ ਤਸਵੀਰ ਸ਼ੁਸੋਭਿਤ ਹੈ।

■

ਬਾਬਾਣੀਆ-ਕਹਾਣੀਆਂ

ਗ੍ਰਿਹਸਤ ਬਿਖੇ ਸੁਖ ਲਹੋ ਸੁਖਾਰੇ...

*-ਸ. ਬਲਵਿੰਦਰ ਸਿੰਘ 'ਜੌੜਾਸਿੰਘਾ'**

ਭੱਟ ਬਾਣੀਕਾਰ 'ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ' ਕਹਿ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ੋਭਾ ਦਾ ਵਰਣਨ ਕਰਦੇ ਹਨ। ਗੁਣਾਂ ਦੀ ਖਾਨ, ਭਵਜਲ ਦਾ ਪਾਰ-ਉਤਾਰਾ ਕਰਨ ਵਾਲੇ ਸਤਿਗੁਰ ਜੀ ਡੱਲੇ ਵਾਸੀ ਸੰਗਤਾਂ ਨੂੰ ਤਾਰ ਰਹੇ ਸਨ। ਆਤਮ-ਜਗਿਆਸੂ ਅਤੇ ਤਰ੍ਹਾਂ-ਤਰ੍ਹਾਂ ਦੇ ਸੰਸਾਰਿਕ ਦੁੱਖਾਂ ਵਿਚ ਫਾਥੇ ਲੋਕ ਸਤਿਗੁਰਾਂ ਪਾਸੋਂ ਉਪਦੇਸ਼ ਤੇ ਅਸੀਸਾਂ ਲੈ ਰਹੇ ਸਨ। ਇੰਨੇ ਨੂੰ ਸਤਿਗੁਰਾਂ ਦਾ ਜਸ ਕੀਰਤ ਸੁਣ ਕੇ ਭਾਈ ਖਾਨੂ ਛੁਰਾ, ਭਾਈ ਤਾਰੂ, ਭਾਈ ਵੇਗਾ ਪਾਸੀ, ਭਾਈ ਉਗਰਸੈਨ, ਭਾਈ ਨੰਦੂ ਸੂਦ, ਭਾਈ ਪੂਰੋ ਅਤੇ ਭਾਈ ਝੰਡਾ ਸਤਿਗੁਰਾਂ ਦੇ ਹਜ਼ੂਰ ਆਏ ਤੇ ਚਰਨੀਂ ਆਣ ਲੱਗੇ। ਸਤਿਗੁਰਾਂ ਨੂੰ ਪ੍ਰਣਾਮ ਕਰ ਕੇ ਬੈਠ ਗਏ। ਫਿਰ ਪੁੱਛਣ ਲੱਗੇ 'ਪਾਤਸ਼ਾਹ ਜੀਉ ! ਸਾਡੀ ਮੁਕਤੀ ਕਿਵੇਂ ਹੋਵੇਗੀ?' ਮਿਹਰਾਂ ਦੇ ਦਾਤੇ ਨੇ ਉਨ੍ਹਾਂ ਵੱਲ ਤੱਕਿਆ ਤੇ ਉਪਦੇਸ਼ ਕਰਦਿਆਂ ਬਚਨ ਕੀਤਾ, 'ਹੇ ਭਾਈ, ਸੁਣੋ ਤੇ ਸਮਝ ਲਵੋ, ਘੋਰ ਕਲਜੁਗ ਦਾ ਸਮਾਂ ਹੈ। ਪਹਿਲੇ ਜੁੱਗਾਂ ਵਿਚ ਲੋਕ ਜੱਗ ਕਰਦੇ ਸਨ ਤਾਂ ਮੁਕਤੀ ਨੂੰ ਪ੍ਰਾਪਤ ਹੁੰਦੇ ਸਨ। ਭਾਈ ਸਿੱਖੋ! ਇਸ ਕਲਜੁਗ ਵਿਚ ਜੋ ਗੁਰੂ ਕੇ ਸਿੱਖਾਂ ਨੂੰ ਰੀਝ ਨਾਲ ਭੋਜਨ ਖਵਾਉਂਦੇ ਹਨ ਉਨ੍ਹਾਂ ਦਾ ਧਨ ਇਥੇ ਵੀ ਵਧਦਾ ਹੈ ਅਤੇ ਅੱਗੇ ਵੀ ਅਨੇਕ ਫਲ ਪ੍ਰਾਪਤ ਹੁੰਦੇ ਹਨ। ਨਾਲ ਹੀ ਪ੍ਰੇਮ ਸਹਿਤ ਭਗਤੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣਾ ਅਤੇ ਗ੍ਰਿਹਸਤ ਵਿਚ ਰਹਿਣਾ ਹੈ। ਹਿਰਦੇ ਵਿਚ ਵਾਹਿਗੁਰੂ ਨੂੰ ਵਸਾਉਣਾ ਹੈ। ਇਸ ਤਰ੍ਹਾਂ ਕਰਨ ਨਾਲ ਜੀਵਨ ਦੇ ਸਭ ਸੁਖ ਪ੍ਰਾਪਤ ਹੋਣਗੇ।' ਭਾਈ ਸੰਤੋਖ ਸਿੰਘ ਜੀ ਚੂੜਾਮਣਿ ਇਸ ਪ੍ਰਥਾਇ ਲਿਖਦੇ ਹਨ:

ਖਾਨੁ ਛੁਰਾ ਅਰੁ ਬੇਗਾ ਪਾਸੀ। ਨੰਦ ਸੂਦਨਾ ਹੋਇ ਹੁਲਾਸੀ।
ਉਗਰੂ, ਤਾਰੂ, ਝੰਡਾ ਪੂਰੋ। ਸੁਨਿ ਜਸੁ ਆਇ ਗੁਰੂ ਹਜੂਰੋ॥੩੪॥
ਮਸਤਕ ਟੇਕਿ ਅਦਬ ਤੇ ਬੈਸੇ। ਬੂਝਤਿ ਭਏ ਸ਼ੇਖ ਹੋਇ ਜੈਸੇ।
ਸ੍ਰੀ ਗੁਰ ਅਮਰ ਕਹਯੋ 'ਸੁਨਿ ਲੀਜੈ। ਅਬਿ ਕਲਿ ਕਾਲ ਬਿਸਾਲ ਜਨੀਜੈ॥੩੫॥
ਪ੍ਰਥਮ ਜੁਗਨ ਮਹਿਂ ਜੱਗ ਕਰੰਤੇ। ਹੋਮਤਿ ਦੇਵਤਾਨ ਤ੍ਰਿਪਤੰਤੇ।
ਤਿਹ ਸਮ ਫਲ ਸਿਖ ਦੇਹੁ ਅਹਾਰਾ। ਭਾਉ ਕਰਿਹੁ ਲਿਹੁ ਭਗਤਿ ਅਧਾਰਾ॥੩੬॥
ਜੀਵਤਿ ਰਹੋ ਸਰਬ ਸੁਖ ਪਾਵੋ। ਵਾਹਿਗੁਰੂ ਉਰ ਬਿਖੈ ਬਸਾਵੋ।
ਗ੍ਰਿਹਸਤ ਬਿਖੇ ਸੁਖ ਲਹੋ ਸੁਖਾਰੇ। ਜਥਾ ਕਰਨ ਤਪ ਬਿਪਨ ਮਝਾਰੇ॥੩੭॥
(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ਪਹਿਲੀ, ਅਧਿਆਇ ੪੦)

**ਮੀਤ ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੮-੯੮੨੧੨*

ਇਹ ਸਾਰੇ ਪਾਤਸ਼ਾਹ ਪਾਸੋਂ ਅਸੀਸਾਂ ਪ੍ਰਾਪਤ ਕਰ ਕੇ 'ਗੁਰੂ-ਗੁਰੂ' ਜਪਦੇ ਹੋਏ ਸਤਿਗੁਰਾਂ ਤੋਂ ਵਿਦਾ ਹੋਏ ਅਤੇ ਸਤਿਗੁਰਾਂ ਦੀ ਸਿੱਖਿਆ 'ਤੇ ਅਮਲ ਕਰਦੇ ਹੋਏ ਮੁਕਤੀ ਨੂੰ ਪ੍ਰਾਪਤ ਹੋਏ। ਭਾਈ ਗੁਰਦਾਸ ਜੀ ਇਨ੍ਹਾਂ ਗੁਰਸਿੱਖਾਂ ਬਾਰੇ ਲਿਖਦੇ ਹਨ:

ਖਾਨੁ ਛੁਰਾ ਤਾਰੂ ਤਰੇ ਵੇਗਾ ਪਾਸੀ ਕਰਣੀ ਸਾਰੀ।
ਉਗਰੁ ਨੰਦੁ ਸੂਦਨਾ ਪੂਰੋ ਝਟਾ ਪਾਰਿ ਉਤਾਰੀ।

(ਵਾਰ ੧੧ : ੧੬)

■

ਭਗਤ ਧੰਨਾ ਜੀ... ***(ਸਫ਼ਾ ੫੭ ਦਾ ਬਾਕੀ ਹਿੱਸਾ)***

ਭਗਤ ਧੰਨਾ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਅਤੇ ਜਗਿਆਸੂ ਜੀਵਾਂ ਲਈ ਪਰਮਾਰਥ ਦੇ ਰਸਤੇ ਦੀ ਸੇਧ ਦੇਣ ਪੱਖੋਂ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਭਾਸ਼ਾਈ ਪੱਖੋਂ ਇਨ੍ਹਾਂ ਸ਼ਬਦਾਂ ਰਾਹੀਂ ਆਪ ਨੇ ਬਹੁਤ ਹੀ ਸਪਸ਼ਟ-ਬਿਆਨੀ ਰਾਹੀਂ ਆਪਣੇ ਅਧਿਆਤਮਕ ਵਿਚਾਰ ਤੇ ਭਾਵ ਪ੍ਰਗਟ ਕੀਤੇ ਹਨ। ਇਹ ਸ਼ਬਦ ਉਚੇਰੀ ਰੂਹਾਨੀਅਤ ਨੂੰ ਰੂਪਮਾਨ ਕਰਦੇ ਹਨ। ਆਪ ਜੀ ਦੀ ਬਾਣੀ ਗੁਰਮਤਿ ਦੇ ਜਗਿਆਸੂਆਂ ਨੂੰ ਸਪਸ਼ਟ ਸੇਧ ਦਿੰਦੀ ਹੈ।

ਫੁੱਟ ਨੋਟ :

੧. ਕਾਨ੍ਹ ਸਿੰਘ ਨਾਭਾ (ਭਾਈ), 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਤੀਜੀ ਛਾਪ ੧੯੭੪, ਸਫਾ ੬੭੩.

੨. "Max Arthur Macauliffe fixes A.D. 1415 as the year of Dhanna's birth" (The Encyclopaedia of Sikhism, Pbi. University, Patiala 1992. Vol. I. Page 567) ਵਿਸਥਾਰ ਲਈ ਵੇਖੋ: "The Sikh Religion, Its Gurus, Sacred Writing and Authors", Vol. VI.

੩. ਗੁਰਦਿੱਤ ਸਿੰਘ (ਗਿਆਨੀ), 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' (ਭਗਤ ਬਾਣੀ), ਸਾਹਿਤ ਪ੍ਰਕਾਸ਼ਨ ਚੰਡੀਗੜ੍ਹ, ਦੂਜੀ ਐਡੀਸ਼ਨ ੨੦੦੦, ਸਫਾ ੨੮੬.

੪. ਨਾਭਾ ਜੀ, ਭਗਤਮਾਲਾ, ਛਪਯ ੩੧, ਹਵਾਲਾ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਸਫਾ ੬੦ ਅਤੇ ੨੩੩.

੫. ਪਰਚੀਆਂ ਸ੍ਰੀ ਸੈਣ ਭਗਤ, ਧਨਾਸਰੀ ਪੱਤਰਾ, ਹਵਾਲਾ ਉਹੀ, ਸਫਾ ੨੬੮.

■

ਪੁਸਤਕ-ਰੀਵਿਊ

ਪੁਸਤਕ : ਲੋਕ-ਮਨ ਮੰਥਨ
ਲੇਖਕ : ਸ. ਦਲਬੀਰ ਸਿੰਘ ਲੁਧਿਆਣਵੀ (੯੪੧੭੦-੦੧੯੮੩)
ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ (੦੧੬੧-੨੪੧੩੬੧੩)
ਕੀਮਤ ਸਜਿਲਦ : ੧੪੦ ਰੁਪਏ ਸਫੇ: ੧੧੧

'ਲੋਕ-ਮਨ ਮੰਥਨ' ਸ. ਦਲਬੀਰ ਸਿੰਘ ਲੁਧਿਆਣਵੀ ਦੀ ਨਵ-ਪ੍ਰਕਾਸ਼ਤ ਵਾਰਤਕ ਪੁਸਤਕ ਹੈ। ਪੰਜ ਭਾਗਾਂ ਵਿਚ ਵੰਡੀ ਗਈ ਇਹ ਪੁਸਤਕ ਜਿਥੇ ਲੇਖਕ ਦੇ ਮਨ-ਮਸਤਕ ਵਿਚ ਵਿਦਮਾਨ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਨੈਤਿਕ ਸਰੋਕਾਰਾਂ ਪ੍ਰਤੀ ਉਸ ਦੇ ਸਮਰਪਣ, ਸੁਹਿਰਦਤਾ ਤੇ ਗਹਿਰ-ਗੰਭੀਰਤਾ ਨੂੰ ਪ੍ਰਤੀਬਿੰਬਤ ਕਰਦੀ ਹੈ ਉਥੇ ਇਹ ਵੱਖ-ਵੱਖ ਤਰ੍ਹਾਂ ਦੇ ਖਿਆਲਾਂ, ਵਿਚਾਰਾਂ ਤੇ ਭਾਵਾਂ-ਜਜ਼ਬਿਆਂ ਦੇ ਇਕ ਗੁਲਦਸਤੇ ਵਜੋਂ ਵੀ ਆਪਣਾ ਵਜੂਦ ਧਾਰਦੀ ਦਿੱਸਦੀ ਹੈ।

ਧਰਮ ਤੇ ਸਭਿਆਚਾਰ ਦੇ ਪਹਿਲੇ ਭਾਗ ਵਿਚ ਭਗਤ ਕਬੀਰ ਜੀ, ਖਾਲਸਾ ਪੰਥ ਸਥਾਪਨਾ ਤੇ ਇਸ ਦੀ ਸਿਰਜਨਾ ਪਿੱਛੇ ਕ੍ਰਿਆਸ਼ੀਲ ਉਦੇਸ਼, ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੰਖੇਪ ਜੀਵਨ ਤੇ ਉਨ੍ਹਾਂ ਦੀ ਬਹੁਪੱਖੀ ਪ੍ਰਤਿਭਾ ਅਤੇ ਉਨ੍ਹਾਂ ਦੀ ਸ਼ਹਾਦਤ, ਪੰਜਾਬੀ ਬੋਲੀ ਅਤੇ ਸਭਿਆਚਾਰ ਪ੍ਰਤੀ ਉਸਾਰੂ ਚਿੰਤਨ ਪ੍ਰਸਤੁਤ ਕੀਤਾ ਗਿਆ ਹੈ।

ਖੇਤੀ ਸਭਿਆਚਾਰ ਦੇ ਭਾਗ ਵਿਚ ਸ਼ਾਮਲ ਛੇ ਲੇਖ 'ਆਖਰੀ ਆਸ, ਵੰਨ-ਸੁਵੰਨੀ ਖੇਤੀ', 'ਪਾਣੀ', 'ਪਸ਼ੂ ਧਨ ਉੱਤਮ ਧਨ', 'ਧਰਤੀ ਨੂੰ ਤਾਪ ਨਾ ਚੜ੍ਹੇ', 'ਪਵਣੁ ਗੁਰੂ ਪਾਣੀ ਪਿਤਾ' ਕਹੋ ਹੀ ਨਾ, ਮੰਨੋ ਵੀ ਅਤੇ 'ਵਾਤਾਵਰਨ ਸੰਭਾਲ ਪਿਆਰੇ' ਮੁੱਖ ਤੌਰ 'ਤੇ ਅਜੋਕੇ ਪੰਜਾਬ ਦੇ ਖੇਤੀ ਸੰਕਟ ਧਰਤੀ ਪ੍ਰਤੀ ਸਾਡੀ ਲਾਪਰਵਾਹੀ ਅਤੇ ਵਾਤਾਵਰਨ ਨਾਲ ਬੇਕਿਰਕੀ ਨਾਲ ਕੀਤੇ ਜਾ ਰਹੇ ਖਿਲਵਾੜ ਦੀ ਨਾ ਸਿਰਫ ਨਿਸ਼ਾਨਦੇਹੀ ਕਰਦੇ ਹਨ ਸਗੋਂ ਅਤਿ ਤੇਜ਼ੀ ਨਾਲ ਹੱਥੋਂ ਲੰਘਦੇ ਜਾ ਰਹੇ 'ਵਕਤ' ਨੂੰ ਹੁਣ ਵੀ ਸੰਭਾਲ ਲੈਣ ਵਾਸਤੇ ਇਕ ਜ਼ੋਰਦਾਰ ਪੁਕਾਰ ਵੀ ਕਰਦੇ ਹਨ। ਇਨ੍ਹਾਂ ਲੇਖਾਂ ਵਿਚ ਵੱਖ-ਵੱਖ ਵਿਸ਼ਿਆਂ ਤੇ ਸਮੱਸਿਆਵਾਂ ਦਾ ਕਾਫੀ ਦੁਹਰਾਉ ਹੈ। ਪਰ ਇਹ ਦੁਹਰਾਉ ਵੀ ਅਪ੍ਰਸੰਗਿਕ ਨਹੀਂ। ਸੁੱਤਿਆਂ ਨੂੰ ਜਗਾਉਣ ਵਾਸਤੇ ਉੱਚੀ ਸੁਰ ਰੱਖਣਾ ਸਮੇਂ ਦੀ ਲੋੜ ਹੈ।

ਸਮਾਜਿਕ ਨਵ-ਉਸਾਰੀ ਦੀਆਂ ਵੰਗਾਰਾਂ 'ਚ ਪਦਾਰਥਵਾਦ, ਭਰੂਣ-ਹੱਤਿਆ

ਅਤੇ ਕੌਮੀ/ਰਾਸ਼ਟਰੀ ਪੱਧਰ ਦੀਆਂ ਅਣਗਿਣਤ ਜਟਿਲ ਸਮੱਸਿਆਵਾਂ ਨੂੰ ਨਾ ਕੇਵਲ ਉਭਾਰਿਆ ਹੈ ਸਗੋਂ ਉਨ੍ਹਾਂ ਦੇ ਹੱਲ ਲਈ ਮੁੱਲਵਾਨ ਸੁਝਾਅ ਵੀ ਦਿੱਤੇ ਹਨ। 'ਕਦਰਾਂ ਕੀਮਤਾਂ' ਅਤੇ 'ਸਿੱਖਿਆ' ਸਿਰਲੇਖਾਂ ਹੇਠਲੇ ਅੰਤਲੇ ਦੋਨਾਂ ਭਾਗਾਂ ਦੇ ਛੇ ਲੇਖਾਂ ਵਿਚ ਵਰਤਮਾਨ ਲੀਡਰਸ਼ਿਪ, ਸ਼ਰਾਬਨੋਸ਼ੀ ਸੰਬੰਧੀ ਪੰਜਾਬ ਦੀ ਮੌਜੂਦਾ ਦਸ਼ਾ, ਵਰਤਮਾਨ ਸਮੇਂ ਨੈਤਿਕ ਸਿੱਖਿਆ ਦੀ ਬੇਹੱਦ ਲੋੜ ਅਤੇ ਮੌਜੂਦਾ ਸਿੱਖਿਆ ਸੰਬੰਧੀ ਦਸ਼ਾ ਉੱਪਰ ਗੰਭੀਰ ਚਿੰਤਨ ਕੀਤਾ ਗਿਆ ਹੈ। ਹਰੇਕ ਭਾਗ ਦਾ ਲੱਗਭਗ ਹਰ ਲੇਖ ਕਈ ਮੁੱਲਵਾਨ ਸੁਝਾਵਾਂ ਨਾਲ ਪਰੁੱਚਾ ਹੋਇਆ ਹੈ। ਲੇਖਕ ਮੁੱਖ ਤੌਰ 'ਤੇ ਸਮੱਸਿਆਵਾਂ ਪ੍ਰਤੀ ਅਮਲੀ ਤੇ ਵਿਹਾਰਕ ਪਹੁੰਚ ਅਪਣਾਉਂਦਾ ਹੈ। ਵਿਚਾਰਾਂ ਤੇ ਸਮੱਸਿਆਵਾਂ ਨੂੰ ਵਡਦਰਸ਼ਿਤ ਕਰਨ ਵਾਸਤੇ ਪਾਵਨ ਗੁਰਬਾਣੀ ਦੀਆਂ ਢੁਕਵੀਆਂ ਪਾਵਨ ਪੰਕਤੀਆਂ ਦੇ ਨਾਲ-ਨਾਲ ਕੁਝ ਸਮਕਾਲੀ ਕਵੀਆਂ ਦੀਆਂ ਤੁਕਾਂ ਅਤੇ ਵੱਖ-ਵੱਖ ਭਾਸ਼ਾ-ਸੋਮਿਆਂ ਤੋਂ ਸਰਬ-ਸਾਧਾਰਨ ਅਤੇ ਪ੍ਰਸਿੱਧੀ ਪ੍ਰਾਪਤ ਲੇਖਕਾਂ ਦੇ ਕਥਨਾਂ ਦੀ ਟੇਕ ਵੀ ਲਈ ਹੈ। ਕੁੱਲ ਮਿਲਾ ਕੇ ਇਹ ਪੁਸਤਕ ਇਕ ਬਹੁਤ ਹੀ ਲਾਹੇਵੰਦ ਪੁਸਤਕ ਹੈ, ਜਿਸ ਦਾ ਹਾਰਦਿਕ ਸਵਾਗਤ ਕਰਨਾ ਚਾਹੀਦਾ ਹੈ।

ਰੀਵਿਊਕਾਰ :
ਸੁਰਿੰਦਰ ਸਿੰਘ ਨਿਮਾਣਾ
ਸਹਾਇਕ ਸੰਪਾਦਕ
ਗੁਰਮਤਿ ਪ੍ਰਕਾਸ਼

■

ਭਾਈ ਜੋਧ ਸਿੰਘ ਜੀ.... *(ਸਫ਼ਾ ੬੮ ਦਾ ਬਾਕੀ ਹਿੱਸਾ)*

ਇਕ ਅਣਥੱਕ ਸੇਵਾ ਹੈ, ਜਿਸ ਨੂੰ ਚੀਫ ਖਾਲਸਾ ਦੀਵਾਨ ਕਦੇ ਵੀ ਨਹੀਂ ਭੁਲਾ ਸਕਦਾ।

੪ ਦਸੰਬਰ, ੧੯੮੧ ਈ: ਨੂੰ ਆਪ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ ਇਸ ਦੁਨੀਆਂ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਏ।

ਹਵਾਲੇ ਤੇ ਟਿੱਪਣੀਆਂ :

੧. ਖੋਜ ਪੱਤ੍ਰਿਕਾ ਸਫ਼ਾ ੨੭, ਗੁਰਦਿਆਲ ਸਿੰਘ ਫੁੱਲ, 'ਭਾਈ ਜੋਧ ਸਿੰਘ: ਜੀਵਨ ਅਤੇ ਵਿਅਕਤਿਤਵ'।

੨. ਉਹੀ ਸਫ਼ਾ ੬, ਸੁੰਦਰ ਸਿੰਘ, 'ਪਿਤਾ ਜੀ ਦੀਆਂ ਕੁਝ ਯਾਦਾਂ'।

੩. ਉਹੀ, ਸਾਹਿਬ ਸਿੰਘ, 'ਪਿਤਾ ਜੀ ਦੀਆਂ ਕੁਝ ਯਾਦਾਂ'।

੪. ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ (ਸੰਪਾ. ਗੰਡਾ ਸਿੰਘ), 'ਸੁਭਾਉ-ਚਰਿੱਤਰ', ਸਫ਼ਾ ੬੭.

■

ਉੱਠੋ ਕੋਈ ਸੀਸ ਦੀ ਹੈ ਚਾਹ....

*-ਗਿਆਨੀ ਪਿਆਰਾ ਸਿੰਘ 'ਜਾਚਕ'**

ਕੇਸਗੜ੍ਹ ਦੀ ਧਰਤੀ ਉੱਤੇ, ਗੁਰਾਂ ਦੀਵਾਨ ਸਜਾਇਆ।
ਦੂਰੋਂ-ਨੇੜਿਓਂ ਘੱਲ ਸੁਨੇਹੇ, ਸੰਗਤਾਂ ਨੂੰ ਸੱਦ ਬੁਲਾਇਆ।
ਘੱਤ ਸੀ ਵਹੀਰਾਂ ਆਏ, ਸੰਗਤਾਂ ਜੈਕਾਰੇ ਲਾਏ।
ਸਜਿਆ ਦੀਵਾਨ ਵਾਹ ਬਈ ਵਾਹ, ਉੱਠੋ ਕੋਈ ਸੀਸ ਦੀ ਹੈ ਚਾਹ...

ਹੱਥ ਵਿਚ ਫੜ ਕਿਰਪਾਨ ਗੁਰੂ ਜੀ, ਵਾਰ-ਵਾਰ ਲਹਿਰਾਉਂਦੇ;
ਕੁਝ ਤਾਂ ਹੋਏ ਭੈਭੀਤ ਵੀ, ਮਾਤਾ ਤਾਈਂ ਆਂਹਦੇ।
ਗੁਰੂ ਦਸਮੇਸ਼ ਜੀ, ਅੱਖੀਂ ਆਏ
ਖੇਡ ਦਿੱਤੀ ਹੋਰ ਈ ਰਚਾ।
ਉੱਠੋ ਕੋਈ ਸੀਸ ਦੀ ਹੈ ਚਾਹ...

ਦਇਆ, ਧਰਮ ਤੇ ਹਿੰਮਤ ਚੰਦ, ਫਿਰ ਵਾਰੋ-ਵਾਰੀ ਆਏ।
ਮੋਹਕਮ ਚੰਦ ਤੇ ਸਾਹਿਬ ਚੰਦ, ਸਿਰ ਲੇਖੇ ਵਤਨਾਂ ਲਾਏ।
ਇਕ ਵਾਰੀ ਮਾਰ ਕੇ, ਡੁੱਬੇ ਬੇੜੇ ਤਾਰ ਕੇ,
ਫਿਰ ਦਿੱਤੇ ਸਿੰਘ ਸੀ ਸਜਾ, ਉੱਠੋ ਕੋਈ ਸੀਸ ਦੀ ਹੈ ਚਾਹ...

ਏਸ ਤਰ੍ਹਾਂ ਮੇਰੇ ਵਾਲੀ ਸਤਿਗੁਰੂ ਜੀ, ਖਾਲਸਾ ਪੰਥ ਸਜਾਇਆ।
ਪੰਜ-ਪੰਜ ਚੂਲੇ ਅੰਮ੍ਰਿਤ ਬਖਸ਼ ਕੇ, ਸੂਰਮੇ ਸਿੰਘ ਬਣਾਇਆ।
ਖਾਲਸਾ ਰੂਪ ਖਾਸ ਜੀ, ਖਾਲਸੇ ਨਿਵਾਸ ਜੀ,
ਸੁਚੇਤ ਹੋ ਕੇ ਇਹਦੀ ਹੋਊ ਚੜ੍ਹਦੀ ਕਲਾ।
ਉੱਠੋ ਕੋਈ ਸੀਸ ਦੀ ਹੈ ਚਾਹ...

■

* *ਪਿੰਡ ਤੇ ਡਾਕ: ਇੱਬਣ ਕਲਾਂ, ਝੁਬਾਲ ਰੋਡ, ਜ਼ਿਲ੍ਹਾ ਅੰਮ੍ਰਿਤਸਰ। ਮੋ: ੯੯੧੪੪-੯੬੧੯੫*

ਖਾਲਸੇ ਦੀ ਸ਼ਾਨ

*-ਸ. ਕਸ਼ਮੀਰ ਸਿੰਘ 'ਸੁਤੰਤਰ'**

ਭਾਰਤ ਅੰਦਰ ਜ਼ੁਲਮ ਦਾ, ਪਸਰਿਆ ਅੰਧੇਰ ਸੀ।
ਬੀਮਾਰ ਹੋਈ ਜ਼ਿੰਦਗੀ, ਦੁੱਖਾਂ ਦਾ ਲੱਗਾ ਢੇਰ ਸੀ।
ਦਸਮੇਸ਼ ਦੀ ਤਲਵਾਰ 'ਚੋਂ, ਲਿਸ਼ਕੀ ਨਵੀਂ ਸਵੇਰ ਸੀ।
ਫਿਰ ਖੰਡੇ ਧਾਰ 'ਚੋਂ, ਪੈਦਾ ਹੋਏ ਕਈ ਸ਼ੇਰ ਸੀ।
ਪੰਥ ਖਾਲਸਾ ਗੁਰੂ ਤੋਂ, ਇਕ ਵਿਸਵਾ ਮਹਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

ਜੀਵਨ ਗੁਰਾਂ ਨੂੰ ਸੌਂਪ ਕੇ, ਤਿਆਰ ਹੋਇਆ ਖਾਲਸਾ।
ਲੱਖਾਂ ਸਿਰਾਂ ਨੂੰ ਵਾਰ ਕੇ, ਸਰਦਾਰ ਹੋਇਆ ਖਾਲਸਾ।
ਜੰਗਲਾਂ ਤੇ ਮਾਰੂਥਲਾਂ 'ਚ, ਖੁਆਰ ਹੋਇਆ ਖਾਲਸਾ।
ਫੇਰ ਰਾਜ ਭਾਗ ਦਾ, ਹੱਕਦਾਰ ਹੋਇਆ ਖਾਲਸਾ।
ਜਮਰੌਦ ਦੇ ਕਿਲ੍ਹੇ ਵਿਚ, ਸੁੱਤਾ ਪਿਆ ਤੂਫਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

ਤੇਜ਼ ਝੱਲਿਆ ਜਾਏ ਨਾ, ਸੂਰਜ ਤੋਂ ਸਿੰਘ ਸਰਦਾਰ ਦਾ।
ਚੰਨ ਵੀ ਦੂਰ-ਦੂਰ ਹੀ, ਅੰਬਰ 'ਚ ਲਿਸ਼ਕਾਂ ਮਾਰਦਾ।
ਲਖਸ਼ ਬੜਾ ਸਾਫ ਹੈ, ਖਾਲਸਾਈ ਕਿਰਦਾਰ ਦਾ।
ਮਜ਼ਲੂਮ ਲਈ ਪਿਆਰ ਦਾ, ਜ਼ਾਲਮ ਲਈ ਤਲਵਾਰ ਦਾ।
ਸੰਸਾਰ ਸਾਰਾ ਖਾਲਸੇ ਤੋਂ, ਹੋ ਰਿਹਾ ਕੁਰਬਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

ਚੜ੍ਹਤ ਗੁਰੂ ਦੇ ਸਿੰਘਾਂ ਦੀ, ਤੂਫਾਨਾਂ ਤੋਂ ਵੀ ਵੱਧ ਹੈ।
ਵਿਸ਼ਵ ਦੇ ਇਤਿਹਾਸ ਅੰਦਰ, ਖਾਲਸਾ ਸਿਰਕੱਢ ਹੈ।
ਵੇਖੋ ਸਿੰਘ ਜਾ ਰਹੇ, ਪੀਲੇ ਦਸਤਾਰੇ ਬੰਨ੍ਹ ਕੇ,
ਮਾਨੋ ਰੱਖ ਦੇਣਗੇ, ਪਰਬਤ ਦਾ ਸਿਰ ਭੰਨ ਕੇ।
ਹੈਰਾਨ ਹੋ ਕੇ ਤੱਕ ਰਿਹਾ, ਸਾਰਾ ਹੀ ਹਿੰਦੁਸਤਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

* *ਮੁਹੱਲਾ ਗੁਰੂ ਗੋਬਿੰਦ ਸਿੰਘ ਨਗਰ, ਪਠਾਨਕੋਟ (ਜ਼ਿਲ੍ਹਾ ਗੁਰਦਾਸਪੁਰ)-੧੪੫੦੦੧.*

ਕੀ ਜੀਵਨ ਧਰਤੀ 'ਤੇ, ਦਿਲ ਦੇ ਕਮੀਣ ਦਾ?
ਖਾਲਸੇ ਨੂੰ ਸ਼ੌਕ ਹੈ, ਜਾਮ-ਏ-ਸ਼ਹਾਦਤ ਪੀਣ ਦਾ।
ਦੇਸ ਅਤੇ ਕੌਮ ਤੋਂ, ਸਿੰਘਾਂ ਨੇ ਜਾਨਾਂ ਰੋਲੀਆਂ।
ਖੁਰਾਕ ਇਨ੍ਹਾਂ ਦੀ ਹੈ, ਤੋਪਾਂ, ਸੰਗੀਨਾਂ, ਗੋਲੀਆਂ।
ਸਭ ਤੋਂ ਉੱਚਾ ਝੂਲਦਾ, ਪਿਆ ਕੇਸਰੀ ਨਿਸ਼ਾਨ ਹੈ।
ਖਾਲਸੇ ਦੀ ਦੁਨੀਆਂ ਤੋਂ, ਵੱਖਰੀ ਹੀ ਸ਼ਾਨ ਹੈ।

ਦੋ ਸਿੰਘਾਂ ਨੇ ਮਿਲ ਕੇ, ਸ਼ਕਤੀ ਵਿਖਾਈ ਆਪਣੀ।
ਲਾਹੌਰ ਦੇ ਹੋ ਸਾਹਮਣੇ, ਹਕੂਮਤ ਚਲਾਈ ਆਪਣੀ।
ਜ਼ੁਲਮ ਨੂੰ ਲਲਕਾਰ ਸੀ, ਮੌਤ ਨੂੰ ਵੰਗਾਰ ਸੀ।
ਫੌਜ ਨਾਲ ਭਿੜਨ ਲਈ, ਖੜ੍ਹੇ ਦੋ ਸਰਦਾਰ ਸੀ।
ਕਰਤਾ ਆਪਣੀ ਰਚਨਾ 'ਤੇ, ਹੋ ਰਿਹਾ ਹੈਰਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

ਖਾਲਸੇ ਦਾ ਬੋਲਬਾਲਾ, ਖਾਲਸੇ ਦੇ ਨਾਲ ਹੈ।
ਅੰਮ੍ਰਿਤ ਦੀ ਕਰਾਮਾਤ ਨੇ, ਕੀਤਾ ਬੜਾ ਕਮਾਲ ਹੈ।
ਬਾਕੀ ਜੇਕਰ ਧਰਮ ਦਾ, ਪਿੱਛੇ ਕੋਈ ਨਿਸ਼ਾਨ ਹੈ।
ਸ਼ਹੀਦਾਂ ਵੱਲੋਂ ਹਿੰਦ ਨੂੰ, ਦਿੱਤਾ ਹੋਇਆ ਵਰਦਾਨ ਹੈ।
ਭਾਰਤ ਵਿਚ ਦਸਮੇਸ਼ ਦਾ, ਜਨਮ ਹੀ ਅਹਿਸਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

ਜਿਥੇ ਵੀ ਜਾ ਪਹੁੰਚਿਆ, ਕੇਂਦਰ ਬਣਾਇਆ ਆਪਣਾ।
ਸਭ ਤੋਂ ਪਹਿਲਾਂ ਖਾਲਸੇ, ਝੰਡਾ ਝੁਲਾਇਆ ਆਪਣਾ।
ਫਿਰ ਗੁਰਾਂ ਦੇ ਨਾਮ 'ਤੇ, ਲੰਗਰ ਚਲਾਇਆ ਆਪਣਾ।
ਮੁਰਦਾ ਹੋਏ ਦਿਲਾਂ ਨੂੰ, ਅੰਮ੍ਰਿਤ ਛਕਾਇਆ ਆਪਣਾ।
ਖਾਲਸੇ ਦੀ ਘਾਲਣਾ, ਸੰਸਾਰ 'ਚ ਮਹਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

ਚਰਨ ਗੁਰੂ ਦੇ ਸਿੱਖ ਦੇ, ਬੰਜਰੀਂ ਵੀ ਜਾ ਪਏ।
ਫਿਰ ਅੰਨ ਤੇ ਧਨ ਦੇ, ਭੰਡਾਰ ਉੱਤੇ ਲੱਗ ਗਏ।
ਬੋਲਬਾਲਾ ਸਿੰਘਾਂ ਦਾ, ਦੇਸਾਂ ਪਰਦੇਸਾਂ ਵਿਚ ਹੈ।
ਪਰ ਆਪਣਾ ਦੇਸ ਇਹਨੂੰ, ਸਮਝਦਾ ਕਿਉਂ ਟਿੱਚ ਹੈ(?)।

ਗੁਣ ਜਦਕਿ ਗਾ ਰਿਹਾ, ਅਮਰੀਕਾ ਤੇ ਇੰਗਲਿਸਤਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

ਆਪਣੇ ਇਤਿਹਾਸ ਨੂੰ, ਸਦਾ ਦੁਹਰਾਇਆ ਖਾਲਸੇ।
ਹਰ ਮੈਦਾਨ ਫਤਹਿ ਦਾ, ਡੰਕਾ ਵਜਾਇਆ ਖਾਲਸੇ।
ਵਾਹਿਗੁਰੂ ਦੇ ਨਾਮ ਦਾ, ਜੈਕਾਰਾ ਬੁਲਾਇਆ ਖਾਲਸੇ।
ਜ਼ੁਲਮ ਦੇ ਮਿਟਾਉਣ ਦਾ, ਬੀੜਾ ਉਠਾਇਆ ਖਾਲਸੇ।
ਪੰਥ ਤੋਂ ਮਿਟ ਜਾਣ ਲਈ, ਤਿਆਰ ਨੌਜਵਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

ਭੁਲੇਖਾ ਹੈ ਮਨਾਂ ਦਾ, ਖਾਲਸਾ ਝੁਕ ਜਾਏਗਾ।
ਦਰਿਆ ਸਿੱਖੀ ਜੋਸ਼ ਦਾ, ਝੀਲ 'ਚ ਰੁਕ ਜਾਏਗਾ।
ਚੀਰ ਕੇ ਸਮੁੰਦਰਾਂ ਨੂੰ, ਪਾਰ ਹੋਣਾ ਖਾਲਸੇ।
ਜ਼ਾਲਮਾਂ ਦੀ ਹਿਕ 'ਤੇ, ਕਟਾਰ ਹੋਣਾ ਖਾਲਸੇ।
ਜਿਸ ਕੌਮੀ ਜਹਾਜ਼ ਦਾ, ਗੁਰੂ ਗੋਬਿੰਦ ਸਿੰਘ ਕਪਤਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

ਖਿੰਡਰੀ ਹੋਈ ਕੌਮ ਨੂੰ, ਇਕਮੁੱਠ ਹੋਣਾ ਚਾਹੀਦਾ।
ਗੁਰੂ ਦੇ ਹਰ ਸਿੱਖ ਨੂੰ, ਇਕਜੁੱਟ ਹੋਣਾ ਚਾਹੀਦਾ।
ਪੰਥ ਦੇ ਹਰ ਹੁਕਮ 'ਤੇ, ਕੁਰਬਾਨ ਹੋਣਾ ਚਾਹੀਦਾ।
ਹੁਣ ਖਾਲਸੇ ਨੂੰ ਹੋਰ ਵੀ, ਬਲਵਾਨ ਹੋਣਾ ਚਾਹੀਦਾ।
'ਸੁਤੰਤਰ' ਦੇ ਦਿਲ ਦਾ, ਬਸ ਇੱਕ ਹੀ ਅਰਮਾਨ ਹੈ।
ਖਾਲਸੇ ਦੀ ਦੁਨੀਆਂ 'ਤੇ, ਵੱਖਰੀ ਹੀ ਸ਼ਾਨ ਹੈ।

■

ਪਿੰਡ ਬਾਗੜੀਆਂ (ਤਰਨਤਾਰਨ) ਵਿਖੇ ਅੰਮ੍ਰਿਤ-ਸੰਚਾਰ

ਸ. ਸ਼ਮਸ਼ੇਰ ਸਿੰਘ ਮੀਤ ਮੈਨੇਜਰ ਸ੍ਰੀ ਦਰਬਾਰ ਸਾਹਿਬ, ਸ੍ਰੀ ਤਰਨਤਾਰਨ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪਿੰਡ ਬਾਗੜੀਆਂ, ਜ਼ਿਲ੍ਹਾ ਤਰਨਤਾਰਨ ਵਿਖੇ ਮਿਤੀ ੨੧-੨-੨੦੧੦ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਸਮੇਂ ੧੦ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਵਾਲੇ ਬਣੇ।

ਸ਼ਬਦਨਾਮਾ

ਪੱਤਰ ਵਿਹਾਰ ਕੋਰਸ ਵਿਚੋਂ ਮੈਰਿਟ ਵਿਚ ਆਏ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਜਾਵੇਗਾ- ਜਥੇ: ਅਵਤਾਰ ਸਿੰਘ

ਅੰਮ੍ਰਿਤਸਰ: ੨ ਮਾਰਚ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਐਲਾਨ ਕੀਤਾ ਹੈ ਕਿ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵੱਲੋਂ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਘਰ ਬੈਠਿਆਂ, ਨੌਕਰੀ ਪੇਸ਼ੇ ਜਾਂ ਪੜ੍ਹਾਈ ਆਦਿ ਦੇ ਨਾਲ ਵੀ ਪ੍ਰਾਪਤ ਕਰ ਸਕਣ ਲਈ ਅਰੰਭ ਕੀਤੇ 'ਦੋ ਸਾਲਾ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ' ਦੇ ਦੂਜੇ ਸਾਲ ਦੀ ਪ੍ਰੀਖਿਆ 'ਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਤੇ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਪੱਤਰ ਵਿਹਾਰ ਕੋਰਸ (ਪੰਜਾਬੀ ਤੇ ਹਿੰਦੀ ਭਾਸ਼ਾ ਵਿਚ) ਨੂੰ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ 'ਚ ਵਿਦਿਆਰਥੀਆਂ ਤੋਂ ਇਲਾਵਾ ਵਕੀਲਾਂ, ਡਾਕਟਰਾਂ, ਨੌਕਰੀ ਪੇਸ਼ਾ, ਵਪਾਰੀ ਵਰਗ ਅਤੇ ਬੁੱਧੀਜੀਵੀ ਵੱਲੋਂ ਵੱਡਾ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਾਲ ੨੦੦੮-੦੯ ਦੀ ਪ੍ਰੀਖਿਆ 'ਚ ਪਹਿਲਾ, ਦੂਜਾ ਤੇ ਤੀਜਾ ਦਰਜਾ ਪ੍ਰਾਪਤ ਕਰਨ ਵਾਲਿਆਂ ਨੂੰ ਵਜ਼ੀਫੇ ਵਜੋਂ ਕ੍ਰਮਵਾਰ ੭੧੦੦, ੫੧੦੦ ਤੇ ੩੧੦੦ ਰੁਪਏ ਅਤੇ ਮੈਰਿਟ 'ਚ ਆਉਣ ਵਾਲੇ ੫੧ ਵਿਦਿਆਰਥੀਆਂ ਨੂੰ ੧੧੦੦-੧੧੦੦ ਰੁਪਏ ਇਕ ਵਿਸ਼ੇਸ਼ ਸਮਾਗਮ ਦੌਰਾਨ ਦਿੱਤੇ ਜਾਣਗੇ।

ਜਥੇਦਾਰ ਅਵਤਾਰ ਸਿੰਘ ਨੇ ਇਸ ਕੋਰਸ ਦੀ ਸਫਲਤਾ ਲਈ ਡਾ: ਜਸਬੀਰ ਸਿੰਘ ਸਾਬਰ, ਡਾਇਰੈਕਟਰ, ਪੱਤਰ ਵਿਹਾਰ ਕੋਰਸ ਅਤੇ ਉਨ੍ਹਾਂ ਦੇ ਸਟਾਫ਼ ਨੂੰ ਵੀ ਵਧਾਈ ਦਿੰਦਿਆਂ ਕਿਹਾ ਕਿ ਸਿੱਖ ਧਰਮ ਦੇ ਹਰੇਕ ਪਹਿਲੂ ਜਿਸ ਵਿਚ ਗੁਰਬਾਣੀ, ਸਿੱਖ ਸਿਧਾਂਤ, ਸਿੱਖ ਇਤਿਹਾਸ, ਸਿੱਖ ਸਰੋਤਾਂ, ਸਿੱਖ ਰਹਿਤ ਮਰਯਾਦਾ, ਵਿਸ਼ਵ ਦੇ ਪ੍ਰਸਿੱਧ ਧਰਮ ਤੇ ਉਨ੍ਹਾਂ ਦੇ ਧਰਮ ਗ੍ਰੰਥ, ਸਿੱਖ ਸੰਸਥਾਵਾਂ ਅਤੇ ਸਿੱਖ ਸੰਪਰਦਾਵਾਂ ਬਾਰੇ ਘਰ ਬੈਠਿਆਂ ਲੋੜੀਂਦੀ ਪ੍ਰਮਾਣਿਕ ਜਾਣਕਾਰੀ ਬਿਨਾਂ ਕਿਸੇ ਫੀਸ ਆਦਿ ਦੇ ਮੁਫਤ ਦਿੱਤੀ ਜਾਂਦੀ ਹੈ। ਇਹ ਕੋਰਸ ਹਰੇਕ ਧਰਮ ਤੇ ਵਰਗ ਦਾ ਜਗਿਆਸੂ ਕਰ ਸਕਦਾ ਹੈ। ਉਨ੍ਹਾਂ ਨੇ ਵਿਸ਼ਵ ਭਰ ਦੇ ਸਮੂਹ ਨਾਨਕ ਨਾਮ ਲੇਵਾ ਨੂੰ ਅਪੀਲ ਕੀਤੀ ਕਿ ਉਹ ਪੱਤਰ ਵਿਹਾਰ ਕੋਰਸ ਵਿਚ ਦਾਖ਼ਲਾ ਲੈ ਕੇ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਦਾ ਲਾਹਾ ਲੈਣ।

ਇਸ ਮੌਕੇ ਸਕੱਤਰ ਸ. ਦਲਮੇਘ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੱਤਰ ਵਿਹਾਰ ਕੋਰਸ ਦੇ ਦੂਜੇ ਸਾਲ (੨੦੦੮-੦੯) ਦਾ ਨਤੀਜਾ ਜਾਰੀ ਕਰ ਦਿੱਤਾ ਗਿਆ ਹੈ ਅਤੇ ਵਿਦਿਆਰਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੈਬਸਾਈਟ www.sgpc.net ਤੋਂ ਨਤੀਜਾ ਵੇਖ ਸਕਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਰਧਾਲੂਆਂ ਦੀ ਸਹੂਲਤ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਐਲ.ਸੀ.ਡੀਜ਼ ਲਾਏ

ਅੰਮ੍ਰਿਤਸਰ: ੨੬ ਫਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ

ਲਈ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਦੀ ਵੱਖ-ਵੱਖ ਭਾਸ਼ਾਵਾਂ ਵਿਚ ਜਾਣਕਾਰੀ ਦੇਣ ਲਈ ਅਤਿ-ਆਧੁਨਿਕ ਢੰਗ-ਤਰੀਕਾ ਵਰਤਦਿਆਂ ਪਰਿਕਰਮਾ ਵਿਚ ਦੋ ਥਾਵਾਂ 'ਤੇ ਐਲ.ਸੀ.ਡੀਜ਼. ਸਥਾਪਿਤ ਕੀਤੀਆਂ ਹਨ।

ਇਹ ਐਲ.ਸੀ.ਡੀਜ਼. ਵਿੱਚੋਂ ਇਕ ਦੁੱਖ ਭੰਜਨੀ ਬੇਰ ਨੇੜੇ ਅਤੇ ਇਕ ਕੜਾਹ ਪ੍ਰਸ਼ਾਦਿ ਦੇ ਕਾਊਂਟਰ ਨੇੜੇ ਸਥਾਪਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਉੱਪਰ ਇਥੇ ਚੱਲ ਰਹੇ ਗੁਰਬਾਣੀ ਦੇ ਕੀਰਤਨ ਦੀ ਪੰਜਾਬੀ ਅਤੇ ਅੰਗਰੇਜ਼ੀ ਵਿਚ ਸਰਲ ਵਿਆਖਿਆ ਦਾ ਪ੍ਰਸਾਰਨ ਹੋਵੇਗਾ। ਇਸ ਦਾ ਅੱਜ ਇਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਵੱਲੋਂ ਮੁਆਇਨਾ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ, ਜੋ ਗੁਰਮੁਖੀ ਨੂੰ ਸਮਝਣ ਵਿਚ ਅਸਮਰਥ ਹਨ, ਨੂੰ ਇਥੇ ਹੋ ਰਹੇ ਗੁਰਬਾਣੀ ਦੇ ਕੀਰਤਨ ਦੀ ਵਿਆਖਿਆ ਸਰਲ ਸ਼ਬਦਾਂ ਵਿਚ ਉਪਲਬਧ ਹੋਵੇਗੀ, ਜਿਸ ਨਾਲ ਉਨ੍ਹਾਂ ਨੂੰ ਗੁਰਬਾਣੀ ਨੂੰ ਸਮਝਣ ਦਾ ਮੌਕਾ ਮਿਲੇਗਾ।

ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅਜਿਹੀਆਂ ਦੋ ਟਚ ਸਕਰੀਨਾਂ ਵੱਖ-ਵੱਖ ਸਰਾਵਾਂ ਸ੍ਰੀ ਗੁਰੂ ਅਰਜਨ ਦੇਵ ਨਿਵਾਸ ਅਤੇ ਮਾਤਾ ਗੰਗਾ ਜੀ ਨਿਵਾਸ, ਸ੍ਰੀ ਅੰਮ੍ਰਿਤਸਰ ਵਿਖੇ ਸਥਾਪਤ ਕੀਤੀਆਂ ਸਨ। ਇਨ੍ਹਾਂ ਟੱਚ ਸਕਰੀਨਾਂ ਰਾਹੀਂ ਇਥੇ ਸਰਾਵਾਂ ਵਿਚ ਠਹਿਰਨ ਵਾਲੇ ਯਾਤਰੂ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ, ਇਥੋਂ ਦੇ ਨੇੜਲੇ ਹੋਰ ਗੁਰਦੁਆਰੇ ਅਤੇ ਸ੍ਰੀ ਅੰਮ੍ਰਿਤਸਰ ਵਿਚਲੇ ਗੁਰਦੁਆਰਿਆਂ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਦੀ ਵਿਰੋਧਤਾ ਕਰਨ ਵਾਲਿਆਂ ਦਾ ਨਾਮ ਕਾਲੇ ਅੱਖਰਾਂ ਨਾਲ ਲਿਖਿਆ ਜਾਵੇਗਾ-ਜਥੇ: ਅਵਤਾਰ ਸਿੰਘ

ਅੰਮ੍ਰਿਤਸਰ: ੨ ਫਰਵਰੀ- ਪੰਥ-ਦੋਖੀਆਂ ਦਾ ਹੱਥ ਠੋਕਾ ਬਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੁਨੌਤੀ ਦੇਣ ਵਾਲੇ ਦਰਸ਼ਨ ਸਿੰਘ ਰਾਗੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਛੇਕੇ ਜਾਣ 'ਤੇ ਕੁਝ ਜਥੇਬੰਦੀਆਂ ਜਿਨ੍ਹਾਂ 'ਚ ਵਿਸ਼ੇਸ਼ ਤੌਰ 'ਤੇ ਦਲ ਖ਼ਾਲਸਾ, ਪੰਚ ਪ੍ਰਧਾਨੀ ਤੇ ਸਿੱਖ ਕੌਂਸਲ ਦੇ ਅਹੁਦੇਦਾਰਾਂ ਵੱਲੋਂ ਹੁਕਮਨਾਮੇ 'ਤੇ ਕਿੰਤੂ-ਪ੍ਰੰਤੂ ਕੀਤੇ ਜਾਣ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਆਪਣੇ ਆਪ ਨੂੰ ਦਰਸ਼ਨ ਸਿੰਘ ਰਾਗੀ ਦੇ ਖੈਰਖਾਹ ਦੱਸਣ ਵਾਲੇ ਇਹ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਗੀਆਂ ਦੀ ਸੂਚੀ 'ਚ ਸ਼ਾਮਲ ਹੋ ਗਏ ਹਨ, ਜਿਨ੍ਹਾਂ ਨੂੰ ਸਿੱਖ ਜਗਤ ਕਦੇ ਵੀ ਮੁਆਫ਼ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੇ ਸਰਵਉੱਚ ਪਾਵਨ ਅਸਥਾਨ ਦੇ ਮੁਖੀ ਰਹਿ ਚੁੱਕੇ ਤੇ ਸਿੱਖ ਪ੍ਰਚਾਰਕ ਅਖਵਾਉਣ ਵਾਲੇ ਦਰਸ਼ਨ ਸਿੰਘ ਰਾਗੀ ਵੱਲੋਂ ਆਪਣੀਆਂ ਗੋਸ਼ਟੀਆਂ ਦੌਰਾਨ ਜਨਤਕ ਤੌਰ 'ਤੇ ਗੁਰੂ ਸਾਹਿਬ ਪ੍ਰਤੀ ਕੀਤੀਆਂ ਟਿੱਪਣੀਆਂ ਸੰਬੰਧੀ ਪੰਜ ਸਿੰਘ ਸਾਹਿਬਾਨ ਵੱਲੋਂ ਸਪਸ਼ਟੀਕਰਨ ਲਈ ਵਾਰ-ਵਾਰ ਸਮਾਂ ਦਿੱਤੇ ਜਾਣ ਦੇ ਬਾਵਜੂਦ ਵੀ ਕਾਂਗਰਸ ਦੇ ਏਜੰਟਾਂ ਤੇ ਪੰਥ-ਦੋਖੀ ਸ਼ਕਤੀਆਂ ਦਾ ਹੱਥ ਠੋਕਾ ਬਣ ਕੇ ਹੈਂਕੜਬਾਜ਼ੀ 'ਚ ਪੰਜ ਸਿੰਘ ਸਾਹਿਬਾਨ ਦੇ ਪੇਸ਼ ਨਾ ਹੋਣ ਕਾਰਨ, ਉਸ ਨੂੰ ਪੰਥ ਵਿੱਚੋਂ

ਛੇਕਿਆ ਗਿਆ ਹੈ, ਜਿਸ ਦਾ ਸਿੱਖ ਜਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਪਰ ਆਪਣੇ ਆਪ ਨੂੰ ਪੰਥਕ ਅਖਵਾਉਣ ਵਾਲੀਆਂ ਜਥੇਬੰਦੀਆਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਦੀ ਅਕਾਰਨ ਵਿਰੋਧਤਾ ਕਰ ਕੇ ਜਿਥੇ ਸਮੁੱਚੀ ਸਿੱਖ ਕੌਮ ਤੋਂ ਬਦਨਾਮੀ ਖੱਟੀ ਜਾ ਰਹੀ ਹੈ, ਉਥੇ ਛੇਵੇਂ ਪਾਤਸ਼ਾਹ ਦੇ ਦਰ-ਘਰ ਨਾਲ ਮੱਥਾ ਲਾਉਣ ਦਾ ਬੱਜਰ ਗੁਨਾਹ ਵੀ ਕੀਤਾ ਜਾ ਰਿਹਾ ਹੈ, ਜਿਸ ਨੂੰ ਸਿੱਖ ਜਗਤ ਕਦੀ ਮੁਆਫ਼ ਨਹੀਂ ਕਰੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਨਾਨਕਸ਼ਾਹੀ ਕੈਲੰਡਰ' ਰੀਲੀਜ਼ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਤੇ ਜਥੇ. ਅਵਤਾਰ ਸਿੰਘ ਵੱਲੋਂ ਸੰਗਤਾਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ

ਅੰਮ੍ਰਿਤਸਰ: ੧੪ ਮਾਰਚ- ਨਾਨਕਸ਼ਾਹੀ ਕੈਲੰਡਰ ਅਨੁਸਾਰ ਅੱਜ ਨਵੇਂ ਸਾਲ ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੋਧਿਆ ਹੋਇਆ 'ਨਾਨਕਸ਼ਾਹੀ ਕੈਲੰਡਰ' ਸੰਮਤ ੫੪੨ ਰੀਲੀਜ਼ ਕਰਦਿਆਂ ਸਿੱਖ ਸੰਗਤਾਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਪੀਲ ਕੀਤੀ ਕਿ ਉਹ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਅਤੇ ਆਪਣੇ ਸਮਾਜਿਕ ਕਾਰ-ਵਿਹਾਰ ਵੀ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਕਰਨ। ਉਨ੍ਹਾਂ ਕਿਹਾ ਕਿ ਕੈਲੰਡਰ ਵਿਚ ਕੀਤੀਆਂ ਸੋਧਾਂ ਮੁਤਾਬਿਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਜੇਠ ਸੁਦੀ ਚੌਥ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਪੁਰਬ ਪੋਹ ਸੁਦੀ ਸੱਤਵੀਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤਿ ਪੁਰਬ ਕੱਤਕ ਸੁਦੀ ਪੰਚਮੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾਗੱਦੀ ਪੁਰਬ ਕੱਤਕ ਸੁਦੀ ਦੂਜ ਨੂੰ ਮਨਾਏ ਜਾਣਗੇ ਅਤੇ ਮਹੀਨੇ ਦੀ ਆਰੰਭਤਾ (ਸੰਗਰਾਂਦਾਂ) ਪੁਰਾਤਨ ਅਨੁਸਾਰ ਹੀ ਹੋਣਗੀਆਂ। ਉਨ੍ਹਾਂ ਕੈਲੰਡਰ ਜਾਰੀ ਕਰਨ ਉਪਰੰਤ ਪਹਿਲੇ ਪੰਜ ਕੈਲੰਡਰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ, ਸਿੰਘ ਸਾਹਿਬ ਗਿਆਨੀ ਰਵੇਲ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਨੂੰ ਭੇਟ ਕੀਤੇ।

ਕੈਲੰਡਰ ਰੀਲੀਜ਼ ਕਰਨ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਦੇਸ਼ਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ 'ਚ ਸੋਧਾਂ ਕੀਤੇ ਜਾਣ 'ਤੇ ਪੰਥ ਵਿਚ ਪਈ ਦੁਬਿਧਾ ਤੇ ਦੂਰੀਆਂ ਖ਼ਤਮ ਹੋਣਗੀਆਂ ਅਤੇ ਪੰਥ ਵਿਚ ਇਕਜੁਟਤਾ ਹੋਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਜਗਤ ਦੇ ਮਹਾਨ ਜਰਨੈਲ ਤੇ ਪਹਿਲੇ ਸਿੱਖ ਬਾਦਸ਼ਾਹ ਬਾਬਾ ਬੰਦਾ ਸਿੰਘ ਜੀ ਬਹਾਦਰ ਵੱਲੋਂ 'ਸਰਹਿੰਦ ਫ਼ਤਹਿ ਦਿਵਸ' ਦੀ ਇਸੇ ਸਾਲ ਮਨਾਈ ਜਾ ਰਹੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਨਾਨਕਸ਼ਾਹੀ ਕੈਲੰਡਰ 'ਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਤਸਵੀਰ ਛਾਪੀ ਗਈ ਹੈ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵੱਡੀ

ਗਿਣਤੀ 'ਚ ਛਪਾਇਆ ਗਿਆ ਹੈ ਅਤੇ ਸੰਗਤਾਂ ਪਾਸ ਪਹੁੰਚਾਉਣ ਲਈ ਵਿਸ਼ਾਲ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕੈਲੰਡਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ www.sgpc.net 'ਤੇ ਵੀ ਉਪਲਬਧ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਦਲਮੇਘ ਸਿੰਘ ਤੇ ਸ. ਜੋਗਿੰਦਰ ਸਿੰਘ, ਐਡੀ. ਸਕੱਤਰ ਸ. ਸਤਬੀਰ ਸਿੰਘ, ਸ. ਹਰਜੀਤ ਸਿੰਘ ਤੇ ਸ. ਰੂਪ ਸਿੰਘ, ਮੀਤ ਸਕੱਤਰ ਸ. ਮਨਜੀਤ ਸਿੰਘ, ਸ. ਮਹਿੰਦਰ ਸਿੰਘ, ਸ. ਬਲਵਿੰਦਰ ਸਿੰਘ, ਸ. ਗੁਰਬਚਨ ਸਿੰਘ, ਸ. ਜਸਪਾਲ ਸਿੰਘ, ਸ. ਹਰਭਜਨ ਸਿੰਘ ਤੇ ਸ. ਦਿਲਬਾਗ ਸਿੰਘ, ਨਿਜੀ ਸਹਾਇਕ ਸ. ਪ੍ਰਮਜੀਤ ਸਿੰਘ, ਪਬਲੀਸਿਟੀ ਵਿਭਾਗ ਦੇ ਇੰਚਾਰਜ ਸ. ਰਾਮ ਸਿੰਘ, ਸੈਕਸ਼ਨ ੮੫ ਦੇ ਇੰਚਾਰਜ ਸ. ਸੁਖਦੇਵ ਸਿੰਘ, ਸੰਤ ਹਰੀਦੇਵ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਬਲਵੀਰ ਸਿੰਘ, ਮੀਤ ਮੈਨੇਜਰ ਸ. ਮੰਗਲ ਸਿੰਘ ਅਤੇ ਸਾਬਕਾ ਹਜ਼ੂਰੀ ਰਾਗੀ ਪਦਮ ਸ੍ਰੀ ਭਾਈ ਨਿਰਮਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

■

ਕੀ ਫਾਇਦਾ?

*–ਸ. ਬਲਬੀਰ ਸਿੰਘ**

ਅੱਖਾਂ ਦੇ ਬੁਰਾ ਤੱਕਣ, ਵਿਖਾਵਾ ਕਰ ਕੇ ਨਿਵਾਉਣ ਦਾ ਕੀ ਫਾਇਦਾ?
ਹੱਥ ਦੇ ਨਾ ਕਰਨ ਸੇਵਾ, ਹੱਥ ਜੋੜ ਵਿਖਾਉਣ ਦਾ ਕੀ ਫਾਇਦਾ?
ਪੈਰ ਦੇ ਨਾ ਪੈਣ ਗੁਰੂ ਰਸਤੇ, ਐਵੇਂ ਤਲੀਆਂ ਘਸਾਉਣ ਦਾ ਕੀ ਫਾਇਦਾ?
ਬਾਹਾਂ ਦੇ ਨਾ ਮਾੜੇ ਨੂੰ ਲੈਣ ਕਲਾਵੇ, ਸੰਘੀ ਮਾੜੇ ਦੀ ਦਬਾਉਣ ਦਾ ਕੀ ਫਾਇਦਾ?
ਲੱਤਾਂ ਦੇ ਨਾ ਲੈ ਜਾਣ ਗੁਰੂ-ਘਰ, ਡੇਰੇ ਗੁਰੂ-ਡੰਮ੍ਹ ਪਹੁੰਚਾਉਣ ਦਾ ਕੀ ਫਾਇਦਾ?
ਕੰਨ ਦੇ ਨਾ ਸੁਣਨ ਗੁਰਬਾਣੀ, ਸੁਣਨ ਸਮਰੱਥਾ ਪਾਉਣ ਦਾ ਕੀ ਫਾਇਦਾ?
ਨਾਸਕਾ ਨਾ ਸੁੰਘਣ ਸ਼ਬਦ-ਫੁੱਲ ਖੁਸ਼ਬੋਈ,
ਸੰਸਾਰਕ ਫੁਲਵਾੜੀ ਜਾਣ ਦਾ ਕੀ ਫਾਇਦਾ?
ਜੀਭ ਇਕ ਉਹ ਉਲਝੇ ਵਿਚ ਨਿੰਦਾ, ਪ੍ਰਭੂ ਤੋਂ ਲਗਵਾਉਣ ਦਾ ਕੀ ਫਾਇਦਾ?
ਇੰਦਰੀਆਂ ਵੱਸ ਕਰ ਨਾ ਸਕਿਓਂ, ਤਨ ਜੰਗਲ ਘੁਮਾਉਣ ਦਾ ਕੀ ਫਾਇਦਾ?
ਮੂੰਹ ਇਕ ਕਰੇ ਨਾ ਗੱਲ ਚੰਗੀ, ਬਕ ਬਕ ਸੁਣਾਉਣ ਦਾ ਕੀ ਫਾਇਦਾ?
ਸੰਭਾਲ ਕੇਸ ਸੱਜ ਗੁਰੂ ਦਾ ਖਾਲਸਾ, ਐਵੇਂ ਕੇਸ ਕਟਵਾਉਣ ਦਾ ਕੀ ਫਾਇਦਾ?
ਨੌਂ ਖੋਲ੍ਹ ਛੱਡੇ ਇਕ ਬੰਦ ਰੱਖਿਆ, ਬਣ ਕੇ ਮਨੁੱਖ ਜੱਗ ਆਉਣ ਦਾ ਕੀ ਫਾਇਦਾ?
'ਬਲਬੀਰ ਸਿੰਘਾ' ਅੰਦਰ ਸਰੀਰ ਪਛਾਣ ਕਰ ਲੈ,
ਦੁਨੀਆਂ ਘੁੰਮਣਘੇਰੀ ਫਸਾਉਣ ਦਾ ਕੀ ਫਾਇਦਾ?

■

* *ਸੁਪਰਵਾਈਜ਼ਰ ਟਾਈਪ, ਲਾਅ ਬ੍ਰਾਂਚ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।*

ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ

ਦਿੱਲੀ ਵਿਖੇ ੬ਵੇਂ ਗੇੜ ਦਾ ਗੁਰਮਤਿ ਅਤੇ ਅੰਮ੍ਰਿਤ ਸੰਚਾਰ ਸਮਾਗਮ ਸੰਪੰਨ

ਸ. ਤਮਿੰਦਰ ਸਿੰਘ ਮੀਡੀਆ ਸਲਾਹਕਾਰ ਦੀ ਪੁੱਜੀ ਰਿਪੋਰਟ ਅਨੁਸਾਰ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖੀ ਪ੍ਰਚਾਰ ਅਤੇ ਪ੍ਰਸਾਰ ਲਈ ਸੁਹਿਰਦ ਯਤਨਾਂ ਸਦਕਾ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖੀ ਜਥੇਦਾਰ ਬਲਦੇਵ ਸਿੰਘ ਦੀ ਅਗਵਾਈ ਹੇਠ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵੱਲੋਂ ਚਲਾਈ ਜਾ ਰਹੀ ਧਰਮ ਪ੍ਰਚਾਰ ਲਹਿਰ ਅਤੇ ਸਿੱਖ ਵਿਰਸਾ ਸੰਭਾਲ ਮੁਹਿੰਮ ਵੱਲੋਂ ੬ਵੇਂ ਗੇੜ ਦਾ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ੨੦, ੨੧ ਫਰਵਰੀ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ, ਈ ਬਲਾਕ, ਗਰੇਟਰ ਕੈਲਾਸ਼ ੨ ਨਵੀਂ ਦਿੱਲੀ ਵਿਖੇ ਕਰਵਾਇਆ ਗਿਆ, ਜਿਸ ਵਿਚ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪੁੱਜੇ ਹਜ਼ੂਰੀ ਰਾਗੀ ਭਾਈ ਹਰਨਾਮ ਸਿੰਘ ਅਤੇ ਭਾਈ ਨਿਰਮਲ ਸਿੰਘ ਦੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਬੀਬੀ ਪੁਸ਼ਪਿੰਦਰ ਕੌਰ, ਭਾਈ ਬਲਦੇਵ ਸਿੰਘ ਲੌਂਗੋਵਾਲ ਅਤੇ ਭਾਈ ਗੁਰਮੇਲ ਸਿੰਘ ਕਾਲੇਕੇ ਦੇ ਢਾਡੀ ਜਥਿਆਂ ਨੇ ਢਾਡੀ ਵਾਰਾਂ ਗਾ ਅਤੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਸਾਹਿਬਾਨਾਂ ਨੇ ਵੀ ਸੰਗਤਾਂ ਨੂੰ ਸ਼ਾਨਾਂਮੱਤੇ ਅਮੀਰ ਵਿਰਸੇ ਨਾਲ ਜੋੜਨ ਦੀ ਸੇਵਾ ਨਿਭਾਈ। ਸਮਾਗਮ ਦੌਰਾਨ ਉਚੇਚੇ ਤੌਰ 'ਤੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦਾ ਕੇਂਦਰੀ ਧੁਰਾ ਹੈ ਅਤੇ ਸਾਰੀ ਸਿੱਖ ਕੌਮ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੀ ਹੋਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਸਿੱਖਾਂ ਦੀਆਂ ਮਹਾਨ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈ ਹੈ ਅਤੇ ਇਸ ਦੇ ਫੈਸਲੇ ਸਾਰੇ ਸਿੱਖ ਪੰਥ ਤੇ ਲਾਗੂ ਹੁੰਦੇ ਹਨ। ਸਮੁੱਚਾ ਖਾਲਸਾ ਪੰਥ ਇਕ ਹੈ। ਉਨ੍ਹਾਂ ਸਰਹਿੰਦ ਫਤਿਹ ਦੀ ਮਨਾਈ ਜਾ ਰਹੀ ੩੦੦ ਸਾਲਾਂ ਸ਼ਤਾਬਦੀ ਸਮਾਗਮਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਮੌਕੇ ਜਥੇਦਾਰ ਬਲਦੇਵ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਅਰੰਭੀ ਧਰਮ ਪ੍ਰਚਾਰ ਲਹਿਰ ਵੱਲੋਂ ਸੰਗਤਾਂ ਨੂੰ ਧਾਰਮਿਕ ਵਿਰਸੇ ਨਾਲ ਜੋੜਨ ਅਤੇ ਸਿੱਖੀ ਤੋਂ ਬੇਮੁਖ ਹੋਏ ਲੋਕਾਂ ਨੂੰ ਗੁਰੂ ਗ੍ਰੰਥ ਅਤੇ ਪੰਥ ਨਾਲ ਜੋੜਨ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਲਹਿਰ ਨਿਰੋਲ ਧਾਰਮਿਕ ਹੈ ਜਿਸ ਦਾ ਮੁੱਖ ਮਿਸ਼ਨ ਸੰਗਤਾਂ ਨੂੰ ਸਿਰਫ਼ ਅਤੇ ਸਿਰਫ਼ ਗੁਰੂ ਗ੍ਰੰਥ ਅਤੇ ਪੰਥ ਨਾਲ ਜੋੜਨਾ ਹੈ। ਇਸ ਮੌਕੇ ਪੁੱਜੇ ਸ. ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਇਨ੍ਹਾਂ ਸਮਾਗਮਾਂ ਨਾਲ ਸਿੱਖੀ ਪ੍ਰਚਾਰ ਦਾ ਚਾਨਣ ਘਰ-ਘਰ ਪਹੁੰਚ ਰਿਹਾ ਹੈ। ਉਨ੍ਹਾਂ ਪ੍ਰਧਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਜਥੇਦਾਰ ਅਵਤਾਰ ਸਿੰਘ ਨੂੰ ਸਨਮਾਨਿਤ ਕੀਤਾ।

ਸਮਾਗਮ ਦੌਰਾਨ ੩੦ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰਿਆਂ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ। ਅੰਮ੍ਰਿਤਪਾਨ ਕਰਨ ਵਾਲੇ ਪ੍ਰਾਣੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਕਕਾਰ, ਧਾਰਮਿਕ ਲਿਟਰੇਚਰ ਭੇਟਾ-ਰਹਿਤ

ਦਿੱਤਾ ਗਿਆ। ਸਮਾਗਮ ਦੌਰਾਨ ੧੦੦ ਦੇ ਕਰੀਬ ਬੀਬੀਆਂ ਅਤੇ ਸਿੰਘਾਂ ਨੂੰ ਮੁੱਖ ਸੇਵਾਦਾਰ ਦੀ ਸੇਵਾ ਸੌਂਪੀ ਗਈ। ਇਸ ਮੌਕੇ ਸ. ਕੁਲਦੀਪ ਸਿੰਘ, ਸ. ਪਰਮਜੀਤ ਸਿੰਘ, ਸ. ਗੁਲਸ਼ਨ ਸਿੰਘ, ਸ. ਪਰਮਜੀਤ ਸਿੰਘ ਪੀ.ਏ. ਪ੍ਰਧਾਨ ਸਾਹਿਬ, ਸ. ਤਮਿੰਦਰ ਸਿੰਘ, ਭਾਈ ਭਰਪੂਰ ਸਿੰਘ, ਭਾਈ ਅਜੀਤ ਸਿੰਘ ਅਤੇ ਧਰਮ ਪ੍ਰਚਾਰ ਲਹਿਰ ਦਾ ਸਮੁੱਚਾ ਸਟਾਫ ਤੇ ਦਿੱਲੀ ਦੇ ਮੁੱਖ ਸੇਵਾਦਾਰ ਹਾਜ਼ਰ ਸਨ।

ਦਫ਼ਤਰ ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਅੰਦਰ ਧਰਮ ਪ੍ਰਚਾਰ/ਅੰਮ੍ਰਿਤ-ਸੰਚਾਰ ਸਮਾਗਮਾਂ ਦੀ ਰਿਪੋਰਟ

ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੱਲੋਂ ਗੁਰਦੁਆਰਾ ਸਾਹਿਬ ਪਤਾਲ ਪੁਰੀ,ਪਿੰਡ-ਸਮਾਲਖਾਂ ਨੇੜੇ ਲਾਡਵਾ(ਕੁਰੂਕਸ਼ੇਤਰ) ਵਿਖੇ ਮਿਤੀ ੨੮-੦੨-੨੦੧੦ ਨੂੰ ਅੰਮ੍ਰਿਤ-ਸੰਚਾਰ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ੪੫ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਅਤੇ ਗੁਰੂ ਵਾਲੇ ਬਣੇ।

ਡੇਰਾ ਸੰਤ ਨਿਸ਼ਚਲ ਸਿੰਘ ਜੀ,ਥੜ੍ਹਾ ਸਾਹਿਬ ਜੌੜੀਆਂ,ਯਮੁਨਾ ਨਗਰ ਵਿਖੇ ਹੋਲੇ-ਮੱਹਲੇ ਦੇ ਸੰਬੰਧ ਵਿਚ ਮਿਤੀ ੨੮ ਫਰਵਰੀ ਤੋਂ ੦੧ ਮਾਰਚ ਤਕ ਸਮਾਗਮ ਕਰਵਾਏ ਗਏ ਅਤੇ ੦੧ ਮਾਰਚ ਨੂੰ ਮਿਸ਼ਨ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਲਹਿਰ ਨੂੰ ਅੱਗੇ ਤੋਰਦਿਆਂ ਹੋਇਆਂ ਅੰਮ੍ਰਿਤ ਸੰਚਾਰ ਸਮਾਗਮ ਵਿਚ ੭੨ ਪ੍ਰਾਣੀ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ। ਪੰਜਾਂ ਪਿਆਰਿਆਂ ਦੀ ਸੇਵਾ ਸਿੱਖ ਮਿਸ਼ਨ ਹਰਿਆਣਾ ਦੇ ਪ੍ਰਚਾਰਕਾਂ ਭਾਈ ਤਰਲੋਚਨ ਸਿੰਘ,ਭਾਈ ਸ਼ੇਰ ਸਿੰਘ,ਭਾਈ ਰਣਜੀਤ ਸਿੰਘ,ਭਾਈ ਮਲਕੀਤ ਸਿੰਘ ਅਤੇ ਭਾਈ ਸੁਰਜੀਤ ਸਿੰਘ ਨੇ ਨਿਭਾਈ। ਪੰਜਾਂ ਪਿਆਰਿਆਂ ਨੇ ਆਏ ਪ੍ਰਾਣੀਆਂ ਨੂੰ ਸਿੱਖ ਰਹਿਤ ਮਰਯਾਦਾ ਅਤੇ ਸਿੱਖੀ ਸਿਧਾਂਤਾਂ ਬਾਰੇ ਜਾਣਕਾਰੀ ਦਿੱਤੀ। ਅੰਮ੍ਰਿਤ ਅਭਿਲਾਖੀਆਂ ਨੂੰ ਮਿਸ਼ਨ ਵੱਲੋਂ ਕਕਾਰ ਫਰੀ ਦਿੱਤੇ ਗਏ।

ਉਕਤ ਦੋਨਾਂ ਸਮਾਗਮਾਂ ਦੀ ਸਮਾਪਤੀ ਮੌਕੇ ਸ.ਕਿਰਪਾਲ ਸਿੰਘ (ਇੰਚਾਰਜ,ਸਿੱਖ ਮਿਸ਼ਨ ਹਰਿਆਣਾ-ਹਿਮਾਚਲ) ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰ ਇਤਿਹਾਸ ਬਾਰੇ ਚਾਣਨਾ ਪਾਇਆ ਤੇ ਸੰਗਤਾਂ ਨੂੰ ਖੰਡੇ ਦੀ ਪਾਹੁਲ ਛਕਣ ਦੀ ਅਪੀਲ ਕੀਤੀ।

ਗੁਰਦੁਆਰਾ ਗੁਰੂ ਨਾਨਕ ਦਰਬਾਰ ਅਰਜਨਸਰ (ਰਾਜਸਥਾਨ) ਵਿਖੇ ਗੁਰਮਤਿ ਸਮਾਗਮ

ਭਾਈ ਅਰਜਨ ਸਿੰਘ ਪ੍ਰਚਾਰਕ (ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖ ਕੇ ਮਿਤੀ ੨੦ ਫਰਵਰੀ ੨੦੧੦ ਨੂੰ ਗੁਰਦੁਆਰਾ ਸ਼ਹੀਦ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਹਨੂੰਮਾਨਗੜ੍ਹ ਤੋਂ ਖਾਲਸਾ ਮਾਰਚ ਗੁਰਦੁਆਰਾ ਗੁਰੂ ਨਾਨਕ ਦਰਬਾਰ ਅਰਜਨਸਰ, ਤਹਿ: ਸੂਰਤਗੜ੍ਹ, ਜ਼ਿਲ੍ਹਾ ਸ੍ਰੀ ਗੰਗਾਨਗਰ ਵਿਖੇ ਪਹੁੰਚਿਆ। ੨੧-੨-੨੦੧੦ ਨੂੰ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਕੀਤਾ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੱਖ-ਵੱਖ ਥਾਈਂ ਅੰਮ੍ਰਿਤ-ਸੰਚਾਰ

ਭਾਈ ਦਰਸ਼ਨ ਸਿੰਘ ਜੀ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਾਪਤ ਸੂਚਨਾ

ਅਨੁਸਾਰ ਮਹੀਨਾ ਫਰਵਰੀ ੨੦੧੦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਵੱਖ-ਵੱਖ ਥਾਵਾਂ 'ਤੇ ਹੋਏ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

ਮਿਤੀ	ਅਸਥਾਨ	ਪ੍ਰਾਣੀ
੩-੨-੨੦੧੦	ਸ੍ਰੀ ਅਕਾਲ ਤਖ਼ਤ ਸਾਹਿਬ	੧੨੫
੭-੨-੨੦੧੦	ਸ੍ਰੀ ਅਕਾਲ ਤਖ਼ਤ ਸਾਹਿਬ	੧੭੬
੮-੨-੨੦੧੦	ਪਿੰਡ ਕੈਲੇਪੁਰ ਬੜੈਚ (ਲੁਧਿਆਣਾ)	੪੩
੯-੨-੨੦੧੦	ਪਿੰਡ ਚੱਕ ਕਲਾਂ (ਲੁਧਿਆਣਾ)	੨੭
੧੦-੨-੨੦੧੦	ਪਿੰਡ ਹੰਬੜਾ (ਲੁਧਿਆਣਾ)	੩੦
੧੦-੨-੨੦੧੦	ਸ੍ਰੀ ਅਕਾਲ ਤਖ਼ਤ ਸਾਹਿਬ	੧੬੩
੧੧-੨-੨੦੧੦	ਪਿੰਡ ਮੋਹੀ (ਲੁਧਿਆਣਾ)	੬੦
੧੨-੨-੨੦੧੦	ਗੁ: ਬੀੜ ਬਾਬਾ ਬੁੱਢਾ ਜੀ (ਤਰਨਤਾਰਨ)	੪੨
੧੨-੨-੨੦੧੦	ਪਿੰਡ ਢੋਟ (ਲੁਧਿਆਣਾ)	੩੨
੧੪-੨-੨੦੧੦	ਸ੍ਰੀ ਅਕਾਲ ਤਖ਼ਤ ਸਾਹਿਬ	੧੮੭
੧੪-੨-੨੦੧੦	ਪਿੰਡ ਖਾਨਪੁਰ ਢੱਡਾ (ਜਲੰਧਰ)	੧੨
੧੪-੨-੨੦੧੦	ਪਿੰਡ ਵਡਾਲਾ ਭਿੰਟੇਵਿੰਡ (ਅੰਮ੍ਰਿਤਸਰ)	੩੪
੧੫-੨-੨੦੧੦	ਪਿੰਡ ਮਲਕਪੁਰ ਕਾਹਨੂੰਵਾਨ (ਗੁਰਦਾਸਪੁਰ)	੧੧੨
੧੫-੨-੨੦੧੦	ਪਿੰਡ ਤਾਜੇ ਚੱਕ (ਅੰਮ੍ਰਿਤਸਰ)	੫੦
੧੭-੨-੨੦੧੦	ਸ੍ਰੀ ਅਕਾਲ ਤਖ਼ਤ ਸਾਹਿਬ	੧੬੨
੧੯-੨-੨੦੧੦	ਪਿੰਡ ਬੱਲੜਵਾਲ (ਗੁਰਦਾਸਪੁਰ)	੧੬੦
੨੧-੨-੨੦੧੦	ਸ੍ਰੀ ਅਕਾਲ ਤਖ਼ਤ ਸਾਹਿਬ	੧੮੦
੨੧-੨-੨੦੧੦	ਗੁ: ਭੱਠਾ ਸਾਹਿਬ, ਪੱਟੀ (ਤਰਨਤਾਰਨ)	੩੩੦
੨੧-੨-੨੦੧੦	ਗੁ: ਸਿੰਘ ਸਭਾ ਗਰੇਟਰ ਕੈਲਾਸ ਦਿੱਲੀ	੩੦
੨੧-੨-੨੦੧੦	ਪਿੰਡ ਰੁਡਿਆਣਾ (ਗੁਰਦਾਸਪੁਰ)	੫੦
੨੪-੨-੨੦੧੦	ਸ੍ਰੀ ਅਕਾਲ ਤਖ਼ਤ ਸਾਹਿਬ	੧੭੭
੨੫-੨-੨੦੧੦	ਪਿੰਡ ਖੇਮਕਰਨ (ਤਰਨਤਾਰਨ)	੩੨
੨੬-੨-੨੦੧੦	ਤਖ਼ਤ ਸ੍ਰੀ ਕੇਸਗੜ੍ਹ ਸਾਹਿਬ	੨੩
੨੭-੨-੨੦੧੦	ਪ੍ਰਚਾਰ ਵਹੀਰ ਹਲਕਾ ਰਾਏਕੋਟ, ਪਿੰਡ ਹਿੱਸੋਵਾਲ ਲੁਧਿਆਣਾ	੫੪
੨੭-੨-੨੦੧੦	ਤਖ਼ਤ ਸ੍ਰੀ ਕੇਸਗੜ੍ਹ ਸਾਹਿਬ	੭੧
੨੭-੨-੨੦੧੦	ਪਿੰਡ ਵਰਨਾਲਾ (ਤਰਨਤਾਰਨ)	੩੨
੨੮-੨-੨੦੧੦	ਸ੍ਰੀ ਅਕਾਲ ਤਖ਼ਤ ਸਾਹਿਬ	੧੯੨
੨੮-੨-੨੦੧੦	ਪਿੰਡ ਖਡੂਰ ਸਾਹਿਬ (ਤਰਨਤਾਰਨ)	੪੪
੨੮-੨-੨੦੧੦	ਪਿੰਡ ਗਹੌਰ, (ਲੁਧਿਆਣਾ)	੧੧
੨੮-੨-੨੦੧੦	ਖੰਨੋਰੀ ਮੰਡੀ (ਸੰਗਰੂਰ)	੪੫
੨੮-੨-੨੦੧੦	ਗੁਰਦੁਆਰਾ ਬਾਬਾ ਬੁੱਢਾ ਜੀ ਕੱਥੂਨੰਗਲ	੧੨

ਗੁਰਦੁਆਰਾ ਗੱਮਚੁੱਕ ਪਿੰਡ ਬੱਲੜਵਾਲ ਵਿਖੇ ਅੰਮ੍ਰਿਤ-ਸੰਚਾਰ

ਭਾਈ ਰਣਜੀਤ ਸਿੰਘ ਵੜੈਚ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਿੱਖ ਵਿਰਸਾ ਸੰਭਾਲ ਲਹਿਰ ਤਹਿਤ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ਇਸ ਗੁਰਦੁਆਰਾ ਸਾਹਿਬ ਵਿਖੇ ੧੯ ਫਰਵਰੀ ੨੦੧੦ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਪਿੰਡ ਬਲੜਵਾਲ ਦੇ ਗੁਰਦੁਆਰਾ ਗੱਮਚੁੱਕ ਨੂੰ ਕੇਂਦਰ ਮੰਨ ਕੇ ਚਾਰ-ਚੁਫੇਰੇ ਦੇ ਵੱਖ-ਵੱਖ ਨਗਰਾਂ ਵਿਚ ਦੀਵਾਨ ਸਜਾਏ ਗਏ, ਜਿਸ ਵਿਚ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਸਾਹਿਬਾਨ ਨੇ ਸੰਗਤਾਂ ਨੂੰ ਵਡਮੁੱਲੇ ਸਿੱਖ ਵਿਰਸੇ ਤੋਂ ਸਿੱਖ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ ਅਤੇ ਅੰਮ੍ਰਿਤ-ਸੰਚਾਰ ਬਾਰੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਪੰਜ ਪਿਆਰੇ ਸਾਹਿਬਾਨ ਨੇ ੧੬੦ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ। ਇਸ ਸਾਰੇ ਅੰਮ੍ਰਿਤ-ਸੰਚਾਰ ਦੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਾਸਤੇ ਭਾਈ ਅਮਰੀਕ ਸਿੰਘ ਵਿਛੋਆ ਅਤੇ ਬੀਬੀ ਬਲਵੰਤ ਕੌਰ ਤੇੜਾ ਦੋਨੋਂ ਮੈਂਬਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਲਖਬੀਰ ਸਿੰਘ ਤੇੜਾ, ਭਾਈ ਸੁਖਦੇਵ ਸਿੰਘ ਤੇੜਾ ਵੱਲੋਂ ਭਰਪੂਰ ਅਗਵਾਈ ਕਰ ਕੇ ਸਹਿਯੋਗ ਦਿੱਤਾ ਗਿਆ।

ਪਿੰਡ ਖੁਦਾਦੀਆਂ (ਬੁਲੰਦ ਸ਼ਹਿਰ ਯੂ.ਪੀ.) ਵਿਖੇ ਗੁਰਮਤਿ ਸਮਾਗਮ

ਇਸ ਪਿੰਡ ਵਿਖੇ ਮਿਤੀ ੨੧ ਫਰਵਰੀ ੨੦੧੦ ਨੂੰ ਸ੍ਰੀ ਗੁਰੂ ਹਰਿ ਰਾਏ ਸਾਹਿਬ ਸਾਹਿਬ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕੀਤਾ ਗਿਆ। ਸਮਾਗਮ ਵਿਚ ਭਾਈ ਜਗਪਾਲ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਢਾਡੀ ਜਥੇ ਨੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਦਿੱਲੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਕੁਲਦੀਪ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਧਰਮ ਵਿਚ ਕੋਈ ਜਾਤ-ਪਾਤ ਨਹੀਂ ਹੈ। ਸਿੱਖ ਮਿਸ਼ਨ ਦਿੱਲੀ ਦੇ ਇੰਚਾਰਜ ਨੇ ਅੰਮ੍ਰਿਤ ਦੀ ਮਹਾਨਤਾ ਬਾਰੇ ਲੈਕਚਰ ਦਿੱਤਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਨੂੰ ਭੇਟਾ ਰਹਿਤ ਕਕਾਰ ਦਿੱਤੇ। ਜਥੇਦਾਰ ਕੁਲਦੀਪ ਸਿੰਘ ਮੈਂਬਰ ਦੁਆਰਾ ਆਪਣੇ ਅਖਤਿਆਰੀ ਫੰਡ ਵਿੱਚੋਂ ੨੧੦੦੦ ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਸਮਾਗਮ ਵਿਚ ਭਾਈ ਬ੍ਰਿਜਪਾਲ ਸਿੰਘ, ਸ. ਗਜਰਾਜ ਸਿੰਘ ਅਤੇ ਸ. ਮੋਤੀ ਸਿੰਘ ਪ੍ਰਧਾਨ ਨੇ ਸੰਗਤਾਂ ਦਾ ਧੰਨਵਾਦ ਕੀਤਾ। ਪੰਜ ਪਿਆਰੇ ਸਾਹਿਬਾਨ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ। ੨੧ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਵਾਲੇ ਬਣੇ।

ਖੇਮਕਰਨ (ਤਰਨਤਾਰਨ) ਵਿਖੇ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ

ਭਾਈ ਸੁਖਵੰਤ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਨਗਰ ਖੇਮਕਰਨ ਵਿਖੇ ੨੫-੨-੨੦੧੦ ਨੂੰ ਲੜਕੀਆਂ ਦੇ ਸਕੂਲ ਵਿਚ ਬਹੁਤ ਵੱਡਾ ਗੁਰਮਤਿ ਸਮਾਗਮ ਕਰਵਾਇਆ ਗਿਆ। ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ, ਅੰਮ੍ਰਿਤ ਦਾ ਬਾਟਾ ਤਿਆਰ ਹੋਇਆ। ੪੦ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਲੜ ਲੱਗੇ।

ਇਹ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਾਬਾ ਦੀਪ ਸਿੰਘ ਸ਼ਹੀਦ ਕੀਰਤਨ ਦਰਬਾਰ ਸੁਸਾਇਟੀ ਦੇ ਉੱਦਮ ਸਦਕਾ ਹੋਇਆ। ਇਹ ਸਮਾਗਮ

ਸਿੱਖ ਕੌਮ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕੀਤੀ ਗਈ ਸਰਹਿੰਦ ਫਤਹਿ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ। ਗਿ. ਗੜਗੱਜ ਸਿੰਘ ਕੀਰਤਨੀ ਜਥਾ ਬੁੱਢਾ ਦਲ, ਸਿੰਘ ਸਾਹਿਬ ਗਿ. ਗੁਰਬਚਨ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਸ਼ੇਸ਼ ਤੌਰ 'ਤੇ ਪੁੱਜੇ। ਭਾਈ ਹਰਨਾਮ ਸਿੰਘ ਕਥਾਵਾਚਾਕ, ਭਾਈ ਤਰਸੇਮ ਸਿੰਘ ਮੋਰਾਂਵਲੀ ਦਾ ਢਾਡੀ ਜਥਾ ਅਤੇ ਭਾਈ ਗੁਰਦੇਵ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਪੁੱਜਾ। ਸ. ਗੁਰਚਰਨ ਸਿੰਘ ਲੁਧਿਆਣਾ, ਸ. ਜਗਜੀਤ ਸਿੰਘ, ਮਾਸਟਰ ਸ਼ਿੰਗਾਰਾ ਸਿੰਘ ਦੋਨੋਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਲਕਾ ਐਮ.ਐਲ.ਏ., ਸ. ਵਿਰਸਾ ਸਿੰਘ ਵਲਟੋਹਾ, ਸ. ਕਿੱਕਰ ਸਿੰਘ, ਸ. ਰਾਜ ਸਿੰਘ, ਗਿ. ਦਲਜੀਤ ਸਿੰਘ ਅਮਰਕੋਟ, ਜਥੇ. ਪ੍ਰੀਤਮ ਸਿੰਘ ਅਤੇ ਸਮੂਹ ਨੌਜਵਾਨ ਕੀਰਤਨ ਦਰਬਾਰ ਸੁਸਾਇਟੀ, ਧਰਮ ਪ੍ਰਚਾਰ ਕਮੇਟੀ ਵੱਲੋਂ, ਭਾਈ ਸਕੱਤਰ ਸਿੰਘ ਪਹੁਵਿੰਡ, ਭਾਈ ਜਸਬੀਰ ਸਿੰਘ ਪ੍ਰਚਾਰਕ, ਭਾਈ ਨਿਸ਼ਾਨ ਸਿੰਘ ਪ੍ਰਚਾਰਕ ਕਾਦੀਆਂ, ਭਾਈ ਦੇਸਾ ਸਿੰਘ ਦਲੇਰ ਢਾਡੀ ਜਥਾ ਆਦਿ ਨੇ ਵੱਖ-ਵੱਖ ਨਗਰਾਂ ਵਿਚ ਪ੍ਰਚਾਰ ਕੀਤਾ। ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਗਏ।

ਨਗਰ ਵਰਨਾਲਾ ਵਿਖੇ ੨੫ ਤੋਂ ੨੭ ਫਰਵਰੀ ਤਕ ਤਿੰਨ-ਰੋਜ਼ਾ ਗੁਰਮਤਿ ਸਮਾਗਮ ਇਸ ਨਗਰ ਦੀ ਦਾਣਾ ਮੰਡੀ ਵਿਖੇ ਹੋਇਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ। ੨੯ ਪ੍ਰਾਣੀ ਅੰਮ੍ਰਿਤ ਪਾਨ ਕਰ ਗੁਰੂ ਲੜ ਲੱਗੇ। ਇਸ ਸਮਾਗਮ ਵਿਚ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸਿੰਘ ਸਾਹਿਬ ਗਿਆਨੀ ਮਾਨ ਸਿੰਘ, ਗਿ. ਧਰਮਵੀਰ ਸਿੰਘ ਲੁਧਿਆਣੇ ਵਾਲੇ, ਗਿ. ਬਲਦੇਵ ਸਿੰਘ ਵਡਾਲਾ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਪ੍ਰਚਾਰਕ ਭਾਈ ਸੁਖਵੰਤ ਸਿੰਘ, ਭਾਈ ਹੀਰਾ ਸਿੰਘ ਮਹਿਤਾਬ, ਭਾਈ ਗੁਰਬਚਨ ਸਿੰਘ ਕਲਸੀਆ ਨੇ ਹਾਜ਼ਰੀ ਭਰੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਜਗਮੀਤ ਸਿੰਘ ਪ੍ਰਧਾਨ, ਮਾਸਟਰ ਸ਼ਿੰਗਾਰਾ ਸਿੰਘ, ਹਲਕਾ ਐਮ.ਐਲ.ਏ. ਸ. ਵਿਰਸਾ ਸਿੰਘ ਵਲਟੋਹਾ ਨੇ ਸੰਗਤਾਂ ਨੂੰ ਸੰਬੋਧਨ ਕੀਤਾ।

ਗੁਰਦੁਆਰਾ ਗੁਰੂ ਨਾਨਕ ਪਿਆਉ ਮਹਿੰਗਾਪੁਰ ਯੂ.ਪੀ. ਵਿਖੇ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ

ਭਾਈ ਗੁਰਬਚਨ ਸਿੰਘ ਕਲਸੀਆਂ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਾਲਾਨਾ ਜੋੜ ਮੇਲਾ ਹੋਲਾ-ਮਹੱਲਾ ਦਾ ਅਤੇ ਬਾਬਾ ਬੰਦਾ ਸਿੰਘ ਜੀ ਦੀ ਸਰਹਿੰਦ ਫਤਹਿ ਦਿਵਸ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਸੰਪਰਦਾਇ ਕਾਰ ਸੇਵਾ ਸਰਹਾਲੀ (ਤਰਨਤਾਰਨ) ਦੇ ਅਹੁਦੇਦਾਰ ਬਾਬਾ ਘੋਲਾ ਸਿੰਘ ਅਤੇ ਜਥੇਦਾਰ ਬਾਬਾ ਗੁਰਨਾਮ ਸਿੰਘ ਵੱਲੋਂ ਗੁਰਦੁਆਰਾ ਗੁਰੂ ਨਾਨਕ ਪਿਆਉ ਮਹਿੰਗਾਪੁਰ (ਤਹਿ. ਪਲੀਆ ਜ਼ਿਲ੍ਹਾ ਲਖੀਮਪੁਰ ਯੂ.ਪੀ.) ਵਿਖੇ ਜੋੜ ਮੇਲਾ ਮਿਤੀ ੨੬-੨-੨੦੧੦ ਤੋਂ ੧-੩-੨੦੧੦ ਤਕ ਮਨਾਇਆ ਗਿਆ, ਜਿਸ ਵਿਚ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਭਾਈ ਗੁਰਬਚਨ ਸਿੰਘ ਕਲਸੀਆਂ ਪ੍ਰਚਾਰਕ, ਗਿ. ਰਤਨ ਸਿੰਘ ਕਥਾਵਾਚਕ, ਭਾਈ ਮਿਲਖਾ ਸਿੰਘ ਮੌਜੀ ਢਾਡੀ ਜਥਾ ਅਤੇ ਹੋਰ ਗੁਰਮੁਖਾਂ ਨੇ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ। ਬਾਬਾ ਬੰਦਾ ਸਿੰਘ ਜੀ ਬਹਾਦਰ ਦੀ

ਸ਼ਤਾਬਦੀ ਦੇ ਮੌਕੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਪੁੱਜਣ ਦੀ ਬੇਨਤੀ ਕੀਤੀ। ਇਸ ਸਮੇਂ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਵਿਚ ੨੩੫ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਵਾਲੇ ਬਣੇ।

ਗੁਰਦੁਆਰਾ ਭੱਠ ਸਾਹਿਬ ਪੱਟੀ ਵਿਖੇ ਗੁਰਮਤਿ ਸਮਾਗਮ

ਗੁਰਦੁਆਰਾ ਭੱਠ ਸਾਹਿਬ ਪੱਟੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਫਤਹਿ ਦੀ ਤੀਸਰੀ ਸ਼ਤਾਬਦੀ ਨੂੰ ਸਮਰਪਤਿ ਅਤੇ ਮੁਗ਼ਲ ਰਾਜ ਵੇਲੇ ਪੱਟੀ ਵਿਖੇ ਸ਼ਹੀਦ ਹੋਏ ਸਿੰਘ-ਸਿੰਘਣੀਆਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ ਪੱਟੀ ਤੇ ਸੰਗਤਾਂ ਦੇ ਸਹਿਯੋਗ ਨਾਲ ੨੧ ਫਰਵਰੀ ਨੂੰ ਬਹੁਤ ਵੱਡਾ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ। ਸਮੁੱਚੇ ਇਲਾਕੇ ਵਿਚ ਧਰਮ ਪ੍ਰਚਾਰ ਵਹੀਰ ਨੇ ਪ੍ਰਚਾਰ ਕੀਤਾ। ਅੰਮ੍ਰਿਤ-ਸੰਚਾਰ ਸਮਾਗਮ ਵਿਚ ੪੪੦ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ। ਇਸ ਦਿਨ ਪੰਡਿਤ ਮੋਹਨ ਸਿੰਘ ਘਰਿਆਲਾ ਕਵੀਸ਼ਰ ਦੀ ਯਾਦ ਵੀ ਮਨਾਈ ਗਈ ਅਤੇ ਛੇ ਕਵੀਸ਼ਰੀ ਜਥੇ ਸਨਮਾਨਿਤ ਕੀਤੇ ਗਏ।

ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਪੁੱਜੇ। ਮੈਂਬਰ ਪਾਰਲੀਮੈਂਟ ਡਾ. ਰਤਨ ਸਿੰਘ ਅਜਨਾਲਾ, ਸ. ਵਿਰਸਾ ਸਿੰਘ ਵਲਟੋਹਾ ਅਤੇ ਜਥੇਦਾਰ ਹਰਦਿਆਲ ਸਿੰਘ ਸੁਰਸਿੰਘ ਮੈਂਬਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਸ. ਕਸ਼ਮੀਰ ਸਿੰਘ ਕੈਰੋਂ, ਸ. ਸੁਰਿੰਦਰਪਾਲ ਸਿੰਘ ਘਰਿਆਲਾ ਅਤੇ ਬਾਬਾ ਮਹਿੰਦਰ ਸਿੰਘ ਜੀ ਨੇ ਵੀ ਹਾਜ਼ਰੀ ਭਰੀ। ਗੁਰਦੁਆਰਾ ਭੱਠ ਸਾਹਿਬ ਪੱਟੀ ਵੱਲੋਂ ਬਾਬਾ ਸਰੂਪ ਸਿੰਘ ਜੀ ਨੇ ਇਸ ਸਮਾਗਮ ਦੀ ਸਫਲਤਾ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਅਲਵਰ ਰਾਜਸਥਾਨ ਵਿਖੇ ਗੁਰਮਤਿ ਸਮਾਗਮ

ਭਾਈ ਅਰਜਨ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਮੁਤਾਬਿਕ ਗਿਆਨੀ ਸੰਤ ਸਿੰਘ ਜੀ ਮਸਕੀਨ ਦੀ ਯਾਦ ਵਿਚ ਸਾਲਾਨਾ ਸਮਾਗਮ ਅਲਵਰ ਵਿਖੇ ਕੀਤਾ ਗਿਆ। ਇਸ ਸੰਬੰਧ ਵਿਚ ਮਿਤੀ ੨੦-੨-੨੦੧੦ ਤੋਂ ੩-੩-੨੦੧੦ ਤਕ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਢਾਡੀ ਜਥਿਆਂ ਭਾਈ ਆਤਮਾ ਸਿੰਘ, ਪ੍ਰਚਾਰਕ ਭਾਈ ਅਰਜਨ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਸੁਰਜੀਤ ਸਿੰਘ ਕਥਾਵਾਚਕ ਨੇ ਵੱਖ-ਵੱਖ ਪਿੰਡਾਂ ਵਿਚ ਗੁਰ-ਸ਼ਬਦ ਨਾਲ ਜੋੜਨ ਦੀ ਸੇਵਾ ਨਿਭਾਈ। ਉਪਰੰਤ ੪-੩-੨੦੧੦ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨ ਨੇ ੬੦ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਗੁਰੂ ਨਾਲ ਜੋੜਿਆ।

■

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਹਰਬੇਅੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। *ਮਿਤੀ ੫-੪-੨੦੧੦*